ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

25-31 ਮਾਰਚ 2026

ਸਾਲ 17ਵਾਂ - ਅੰਕ 13

email : info@sadelok.com

Ph. : 510-706-1300

Fax : 925-373-1300

## ਭਾਰਤ ਅਤੇ ਯੂ.ਕੇ. ਦੇ ਹਵਾਈ ਸੈਨਾ ਮੁਖੀਆਂ ਨੇ ਪਰਿਵਾਰਾਂ ਸਮੇਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਟੇਕਿਆ ਮੱਥਾ



(ਦੇਖੋ ਸਫ਼ਾ 33 'ਤੇ)

ਨੈਲਸਨ ਮੰਡੇਲਾ ਤੋਂ ਵੱਧ ਭਾਰਤੀ ਕਾਲ ਕੋਠੜੀ 'ਚ ਜੇਲ ਕੱਟ ਰਹੇ ਸਿੱਖਾਂ ਦੇ ਪੁੱਤ

## ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਸ. ਤੇਜਿੰਦਰਪਾਲ ਸਿੰਘ ਭੁੱਲਰ ਦਾ ਕੈਲੀਫੋਰਨੀਆ 'ਚ ਬੇਵਕਤ ਅਕਾਲ ਚਲਾਣਾ



ਪੂਰੀ ਦੁਨੀਆ ਦੇ ਸਿੱਖਾਂ ਵਿੱਚ ਸੋਗ ਦੀ ਲਹਿਰ, ਅੰਤਿਮ ਸੰਸਕਾਰ 29 ਮਾਰਚ, ਦਿਨ ਐਤਵਾਰ ਨੂੰ

ਲਾਈਵ ਓਕ/ਕੈਲੀਫੋਰਨੀਆ, (ਸਾਡੇ ਲੋਕ) : ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਤੇਜਿੰਦਰਪਾਲ ਸਿੰਘ ਭੁੱਲਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹ ਲੰਮੇ ਸਮੇਂ ਤੋਂ ਪੰਜਾਬ ਦੀ ਜੇਲ੍ਹ ਵਿੱਚ ਬੰਦ ਸਜ਼ਾਯਾਫ਼ਤਾ ਪ੍ਰੋ. ਦਵਿੰਦਰਪਾਲ ਸਿੰਘ

(ਦੇਖੋ ਸਫ਼ਾ 23 'ਤੇ)

ਬੇਅਦਬੀ ਵਿਰੁੱਧ ਪੰਜਾਬ ਸਰਕਾਰ ਵਲੋਂ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ

## ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਦੀਆਂ ਜਾਇਦਾਦਾਂ ਹੋਣਗੀਆਂ ਜ਼ਬਤ ਤੇ ਮਿਲੇਗੀ ਮਿਸਾਲੀ ਸਜ਼ਾ

### ਪਰ ਪੰਜਾਬ ਵਿੱਚ ਪਿਛਲੇ 11 ਸਾਲਾਂ ਵਿੱਚ ਸੈਂਕੜੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਹੋਈ, ਇੱਕ ਵੀ ਦੋਸ਼ੀ ਨੂੰ ਨਹੀਂ ਹੋਈ ਸਜ਼ਾ



ਅੰਮ੍ਰਿਤਸਰ, (ਸਾਡੇ ਲੋਕ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਵਿਖੇ ਸੰਤ ਸਮਾਜ ਅਤੇ ਧਾਰਮਿਕ ਆਗੂਆਂ ਨਾਲ ਇੱਕ ਅਹਿਮ ਮੀਟਿੰਗ ਤੋਂ ਬਾਅਦ ਇੱਕ ਵੱਡਾ ਅਤੇ ਇਤਿਹਾਸਕ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008' ਵਿੱਚ ਵੱਡੀ ਸੋਧ ਕਰਨ ਜਾ ਰਹੀ ਹੈ, ਜਿਸ ਲਈ ਖਾਲਸਾ ਸਾਜਨਾ ਦਿਵਸ (ਵਿਸਾਖੀ) ਯਾਨੀ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਹੈ।

ਪ੍ਰਸਤਾਵਿਤ ਕਾਨੂੰਨ ਦੀਆਂ ਮੁੱਖ ਵਿਸ਼ੇਸ਼ਤਾਵਾਂ: ਨਵੇਂ ਕਾਨੂੰਨ ਦੇ ਖਰੜੇ ਵਿੱਚ ਅਜਿਹੀਆਂ ਸਖ਼ਤ ਧਾਰਾਵਾਂ ਜੋੜੀਆਂ ਜਾ ਰਹੀਆਂ ਹਨ ਜੋ ਦੇਸ਼ ਭਰ

(ਦੇਖੋ ਸਫ਼ਾ 37 'ਤੇ)

ਅਮਰੀਕਾ ਵਿੱਚ ਰਚਿਆ ਗਿਆ ਨਵਾਂ ਇਤਿਹਾਸ

## ਮਨਪ੍ਰੀਤ ਮੋਨਿਕਾ ਸਿੰਘ ਬਣੀ ਦੇਸ਼ ਦੀ ਪਹਿਲੀ ਮਹਿਲਾ ਸਿੱਖ ਜੱਜ

ਹਿਊਸਟਨ (ਟੈਕਸਾਸ): (ਸਾਡੇ ਲੋਕ) ਅਮਰੀਕਾ ਦੇ ਨਿਆਂਇਕ ਇਤਿਹਾਸ ਵਿੱਚ ਇੱਕ ਨਵਾਂ ਅਤੇ ਸੁਨਹਿਰੀ ਅਧਿਆਏ ਜੁੜ ਗਿਆ ਹੈ। ਭਾਰਤੀ ਮੂਲ ਦੀ ਮਨਪ੍ਰੀਤ ਮੋਨਿਕਾ ਸਿੰਘ ਨੇ ਅਮਰੀਕਾ ਵਿੱਚ ਪਹਿਲੀ ਮਹਿਲਾ ਸਿੱਖ ਜੱਜ ਵਜੋਂ ਸਹੁੰ ਚੁੱਕ ਕੇ ਪੂਰੀ ਦੁਨੀਆ



ਵਿੱਚ ਵਸਦੇ ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ।

ਮਨਪ੍ਰੀਤ ਮੋਨਿਕਾ ਸਿੰਘ ਨੇ ਟੈਕਸਾਸ ਰਾਜ ਦੇ ਹੈਰਿਸ ਕਾਊਂਟੀ (Harris County) ਵਿੱਚ ਸਿਵਲ ਕੋਰਟ (Law Court No. 4) ਦੀ ਜੱਜ ਵਜੋਂ ਸਹੁੰ ਚੁੱਕੀ। ਇਸ ਇਤਿਹਾਸਕ ਮੌਕੇ 'ਤੇ ਅਦਾਲਤ ਦਾ ਕਮਰਾ ਖਚਾਖਚ ਭਰਿਆ ਹੋਇਆ ਸੀ, ਜਿੱਥੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ

(ਦੇਖੋ ਸਫ਼ਾ 4 'ਤੇ)

## ਜਿਸ ਉਮੀਦਵਾਰ ਦੀ ਜਿੱਤ ਉੱਚ ਜਾਤੀਆਂ ਦੀ ਸਰਪ੍ਰਸਤੀ ਅਤੇ ਵੋਟਾਂ 'ਤੇ ਨਿਰਭਰ ਹੋਵੇ, ਉਹ ਕਦੇ ਵੀ ਦਲਿਤ ਸਮਾਜ ਦਾ ਸੱਚਾ ਪ੍ਰਤੀਨਿਧ ਨਹੀਂ ਹੋ ਸਕਦਾ



ਲਿਵਰਮੋਰ/ਤਾਮਿਲਨਾਡੂ, (ਸਾਡੇ ਲੋਕ): ਤਾਮਿਲਨਾਡੂ ਤੋਂ ਸਿੱਖਾਂ, ਦਲਿਤਾਂ ਅਤੇ ਸਮੂਹ ਘੱਟ-ਗਿਣਤੀਆਂ ਦੀ ਬੁਲੰਦ ਅਵਾਜ਼ ਅਤੇ ਭਾਰਤੀ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਜੀਵਨ ਸਿੰਘ ਨੇ ਮੌਜੂਦਾ ਰਾਜਨੀਤਿਕ ਵਿਵਸਥਾ 'ਤੇ ਤਿੱਖਾ ਹਮਲਾ ਕਰਦਿਆਂ ਇੱਕ

(ਦੇਖੋ ਸਫ਼ਾ 22 'ਤੇ)

ਕਿਸਾਨਾਂ ਦੀ ਅਵਾਜ਼ ਉਠੇਗੀ, ਦਿੱਲੀ ਦੀ ਕੁਰਸੀ ਹਿੱਲੇਗੀ

## ਸੰਯੁਕਤ ਕਿਸਾਨ ਮੋਰਚਾ ਵਲੋਂ ਰਾਮਲੀਲਾ ਮੈਦਾਨ 'ਚ ਮਹਾਂਪੰਚਾਇਤ



ਨਵੀਂ ਦਿੱਲੀ : ਦੇਸ਼ ਦੀ ਰਾਜਧਾਨੀ ਦੇ ਦਿਲ ਰਾਮਲੀਲਾ ਮੈਦਾਨ ਵਿੱਚ ਅੱਜ ਇੱਕ ਵਾਰ ਫਿਰ ਕਿਸਾਨੀ ਸੰਘਰਸ਼ ਦੀ ਗੂੰਜ ਸੁਣਾਈ ਦਿੱਤੀ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਸੱਦੇ 'ਤੇ ਦੇਸ਼ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਨੇ ਦਿੱਲੀ ਪਹੁੰਚ ਕੇ ਮਹਾਂਪੰਚਾਇਤ ਕੀਤੀ। ਹੱਥਾਂ ਵਿੱਚ ਮੰਗਾਂ ਵਾਲੀਆਂ ਤਖ਼ਤੀਆਂ (Placards) ਅਤੇ ਹਵਾ ਵਿੱਚ 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਪੂਰਾ ਮੈਦਾਨ ਕੇਸਰੀ ਅਤੇ ਹਰੇ ਰੰਗ ਵਿੱਚ ਰੰਗਿਆ ਨਜ਼ਰ ਆਇਆ।

ਮਹਾਂਪੰਚਾਇਤ ਦੌਰਾਨ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦਿਆਂ ਕਈ ਅਹਿਮ ਮੰਗਾਂ ਦੁਹਰਾਈਆਂ:

MSP ਦੀ ਕਾਨੂੰਨੀ ਗਾਰੰਟੀ: ਸਾਰੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (MSP) ਲਈ ਸਵਾਮੀਨਾਥਨ ਕਮਿਸ਼ਨ

(ਦੇਖੋ ਸਫ਼ਾ 40 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸ਼ਾਹਜਹਾਂਪੁਰ 'ਚ ਕਾਕੋਰੀ ਸ਼ਹੀਦਾਂ ਦੇ ਬੁੱਤ ਤੋੜੇ, ਰੋਸ ਦੀ ਲਹਿਰ

## ਕੰਪਨੀ ਵਿਰੁੱਧ ਕੀਤੀ ਗਈ ਐਫਆਈਆਰ ਦਰਜ







ਸ਼ਾਹਜਹਾਂਪੁਰ (ਯੂ.ਪੀ.) : ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ 'ਚ ਇਕ ਫਰਮ ਵਲੋਂ ਸੜਕ ਸੁੰਦਰੀਕਰਨ ਦੇ ਕੰਮ ਦੌਰਾਨ ਕਥਿਤ ਤੌਰ ਉਤੇ ਬੁਲਡੋਜ਼ਰ ਦੀ ਵਰਤੋਂ ਕਰ ਕੇ ਕਾਕੋਰੀ ਰੇਲ ਐਕਸ਼ਨ ਸ਼ਹੀਦਾਂ ਦੇ ਬੁੱਤ ਢਾਹ ਦਿਤੇ ਗਏ ਜਿਸ ਨਾਲ ਸ਼ਹਿਰ 'ਚ ਰੋਸ ਦੀ ਲਹਿਰ ਦੌੜ ਗਈ ਹੈ।

ਆਜ਼ਾਦੀ ਘੁਲਾਟੀਏ ਰਾਮ ਪ੍ਰਸਾਦ ਬਿਸਮਿਲ, ਅਸ਼ਫਾਕੁਲਾ ਖਾਨ ਅਤੇ ਰੌਸ਼ਨ ਸਿੰਘ ਸ਼ਾਹਜਹਾਨਪੁਰ ਦੇ ਰਹਿਣ ਵਾਲੇ ਸਨ ਅਤੇ ਉਨ੍ਹਾਂ ਦੇ ਬੁੱਤ ਇਥੇ ਨਗਰ ਨਿਗਮ ਦਫ਼ਤਰ ਬਾਹਰ ਸੜਕ 'ਤੇ ਇਕ ਯਾਦਗਾਰ 'ਤੇ ਲਗਾਏ ਗਏ ਸਨ। ਇਨ੍ਹਾਂ 'ਤੇ ਲੋਕ ਅਕਸਰ ਫੁੱਲਾਂ ਦੇ ਹਾਰ ਪਾਉਂਦੇ ਰਹਿੰਦੇ ਸਨ। ਪਰ ਕਾਕੋਰੀ ਰੇਲ ਕਾਰਵਾਈ ਦੇ ਇਨ੍ਹਾਂ ਸ਼ਹੀਦਾਂ ਦੇ ਬੁੱਤ ਬੁਲਡੋਜ਼ਰ ਨਾਲ ਤੋੜੇ ਜਾਣ ਦੀ ਘਟਨਾ ਨੇ ਨਾ ਸਿਰਫ਼ ਸ਼ਹੀਦਾਂ ਦੀ ਯਾਦ 'ਤੇ ਸਵਾਲ ਖੜ੍ਹੇ ਕੀਤੇ ਹਨ, ਸਗੋਂ ਲੋਕਾਂ ਦੇ ਜਜ਼ਬਾਤਾਂ ਨੂੰ ਵੀ ਝੰਜੋੜ ਦਿਤਾ ਹੈ। ਤੋੜੇ ਗਏ ਬੁੱਤ ਕੂੜੇ ਦੇ ਢੇਰ 'ਤੇ ਮਿਲੇ ਸਨ।

ਪੁਲਿਸ ਸੁਪਰਡੈਂਟ ਰਾਜੇਸ਼ ਦੁਵੇਦੀ ਨੇ ਕਿਹਾ, "ਇਹ ਕੰਮ ਇਨਫ਼ਰਾਟੈਕ ਕੰਪਨੀ ਨੂੰ ਦਿਤਾ ਗਿਆ ਸੀ, ਪਰ ਬੁੱਤਾਂ ਨੂੰ ਬਿਨਾਂ ਜਾਣਕਾਰੀ ਦਿਤੇ ਹਟਾਇਆ ਗਿਆ। ਇਸ ਮਾਮਲੇ 'ਚ ਐਫ਼.ਆਈ.ਆਰ. ਦਰਜ ਕੀਤੀ ਗਈ ਹੈ।" ਕੰਪਨੀ ਵਿਰੁਧ FIR ਦਰਜ ਕਰ ਦਿਤੀ ਗਈ ਹੈ।

ਇਹ ਕਾਰਵਾਈ ਐਤਵਾਰ ਰਾਤ ਨੂੰ ਕੀਤੀ ਗਈ ਸੀ। ਵੀਡੀਉ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਤਿੱਖੀ ਪ੍ਰਤੀਕਿਰਿਆ ਦਿਤੀ । ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਟਿਪਣੀ ਕੀਤੀ, "ਸੁੰਦਰਤਾ ਸ਼ਹੀਦਾਂ ਦੀ ਇਜ਼ਤ ਤੋਂ ਵੱਡੀ ਨਹੀਂ ਹੋ ਸਕਦੀ। ਇਹ ਮਨੋਵਿਰਤੀ ਚਿੰਤਾਜਨਕ ਹੈ।" ਕਾਂਗਰਸ ਪ੍ਰਧਾਨ ਅਜੈ ਰਾਏ ਨੇ ਚੇਤਾਵਨੀ ਦਿਤੀ ਜੇ ਨਿਆਂ ਨਾ ਮਿਲਿਆ ਤਾਂ ਹਰ ਕਾਂਗਰਸੀ ਸੜਕਾਂ 'ਤੇ ਉਤਰ ਕੇ ਇਸ ਤਾਨਾਸ਼ਾਹੀ ਦਾ ਵਿਰੋਧ ਕਰੇਗਾ।

ਇਸ ਘਟਨਾ 'ਤੇ ਸਥਾਨਕ ਹਿੰਦੂ ਸੰਗਠਨਾਂ ਅਤੇ ਪੱਤਰਕਾਰਾਂ ਨੇ ਵੀ ਵਿਰੋਧ ਪ੍ਰਦਰਸ਼ਨ ਕੀਤੇ। ਅਸ਼ਫਾਕੁਲਾ ਖਾਨ ਦੇ ਵੰਸ਼ਜਾਂ ਨੇ ਕਿਹਾ ਕਿ ਇਹ ਕਿਰਿਆ ਨਿੰਦਣਯੋਗ ਹੈ ਅਤੇ ਉਹ ਇਸ ਦੇ ਵਿਰੁਧ ਆਵਾਜ਼ ਬੁਲੰਦ ਕਰਨਗੇ।

ਜ਼ਿਕਰਯੋਗ ਹੈ ਕਿ ਤਿੰਨੇ ਆਜ਼ਾਦੀ ਘੁਲਾਟੀਆਂ ਨੂੰ 19 ਦਸੰਬਰ, 1927 ਨੂੰ ਬ੍ਰਿਟਿਸ਼ ਹਕੂਮਤ ਨੇ ਕਾਕੋਰੀ, ਲਖਨਊ ਨੇੜੇ ਅਗਸਤ 1925 'ਚ ਇਕ ਰੇਲਗੱਡੀ ਲੁੱਟਣ ਦੇ ਜੁਰਮ 'ਚ ਫਾਂਸੀ ਦੇ ਦਿਤੀ ਸੀ।







# ਅਮਰੀਕਾ ਵਿੱਚ ਰਚਿਆ ਗਿਆ ਨਵਾਂ ਇਤਿਹਾਸ:
# ਮਨਪ੍ਰੀਤ ਮੋਨਿਕਾ ਸਿੰਘ ਬਣੀ ਦੇਸ਼ ਦੀ ਪਹਿਲੀ ਮਹਿਲਾ ਸਿੱਖ ਜੱਜ








ਹਿਊਸਟਨ (ਟੈਕਸਾਸ): (ਸਾਡੇ ਲੋਕ) ਅਮਰੀਕਾ ਦੇ ਨਿਆਂਇਕ ਇਤਿਹਾਸ ਵਿੱਚ ਇੱਕ ਨਵਾਂ ਅਤੇ ਸੁਨਹਿਰੀ ਅਧਿਆਏ ਜੁੜ ਗਿਆ ਹੈ। ਭਾਰਤੀ ਮੂਲ ਦੀ ਮਨਪ੍ਰੀਤ ਮੋਨਿਕਾ ਸਿੰਘ ਨੇ ਅਮਰੀਕਾ ਵਿੱਚ ਪਹਿਲੀ ਮਹਿਲਾ ਸਿੱਖ ਜੱਜ ਵਜੋਂ ਸਹੁੰ ਚੁੱਕ ਕੇ ਪੂਰੀ ਦੁਨੀਆ ਵਿੱਚ ਵਸਦੇ ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ।

ਮਨਪ੍ਰੀਤ ਮੋਨਿਕਾ ਸਿੰਘ ਨੇ ਟੈਕਸਾਸ ਰਾਜ ਦੇ ਹੈਰਿਸ ਕਾਊਂਟੀ (Harris County) ਵਿੱਚ ਸਿਵਲ ਕੋਰਟ (Law Court No. 4) ਦੀ ਜੱਜ ਵਜੋਂ ਸਹੁੰ ਚੁੱਕੀ। ਇਸ ਇਤਿਹਾਸਕ ਮੌਕੇ ’ਤੇ ਅਦਾਲਤ ਦਾ ਕਮਰਾ ਖਚਾਖਚ ਭਰਿਆ ਹੋਇਆ ਸੀ, ਜਿੱਥੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਸੂਬੇ ਦੇ ਪਹਿਲੇ ਦੱਖਣੀ ਏਸ਼ੀਆਈ ਜੱਜ, ਰਵੀ ਸੰਦੀਲ ਨੇ ਕੀਤੀ, ਜਿਨ੍ਹਾਂ ਨੇ ਮਨਪ੍ਰੀਤ ਦੀ ਇਸ ਪ੍ਰਾਪਤੀ ਨੂੰ ਸਿੱਖ ਭਾਈਚਾਰੇ ਲਈ ਇੱਕ ਵੱਡਾ ਮੀਲ ਪੱਥਰ ਦੱਸਿਆ।

ਜੱਜ ਬਣਨ ਤੋਂ ਪਹਿਲਾਂ ਮਨਪ੍ਰੀਤ ਮੋਨਿਕਾ ਸਿੰਘ ਨੇ ਪਿਛਲੇ 20 ਸਾਲਾਂ ਤੋਂ ਵੱਧ ਸਮੇਂ ਤੱਕ ਇੱਕ ਸਫਲ ਵਕੀਲ ਵਜੋਂ ਸੇਵਾਵਾਂ ਨਿਭਾਈਆਂ ਹਨ। ਉਹ ਸਥਾਨਕ, ਰਾਜ ਅਤੇ ਰਾਸ਼ਟਰੀ ਪੱਧਰ ’ਤੇ ਕਈ ਨਾਗਰਿਕ ਅਧਿਕਾਰ ਸੰਗਠਨਾਂ ਨਾਲ ਜੁੜੀ ਰਹੀ ਹੈ। ਉਨ੍ਹਾਂ ਦਾ ਜਨਮ ਅਤੇ ਪਾਲਣ-ਪੋਸ਼ਣ ਹਿਊਸਟਨ ਵਿੱਚ ਹੀ ਹੋਇਆ ਅਤੇ ਉਹ ਹੁਣ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਬੈਲੇਅਰ (Bellaire) ਵਿੱਚ ਰਹਿੰਦੇ ਹਨ।

ਸੰਘਰਸ਼ ਅਤੇ ਵਿਰਾਸਤ : ਸਹੁੰ ਚੁੱਕਣ ਤੋਂ ਬਾਅਦ ਆਪਣੇ ਸੰਬੋਧਨ ਵਿੱਚ ਮਨਪ੍ਰੀਤ ਸਿੰਘ ਭਾਵੁਕ ਹੋ ਗਏ। ਉਨ੍ਹਾਂ ਨੇ ਆਪਣੇ ਪਿਤਾ ਦੇ ਸੰਘਰਸ਼ ਨੂੰ ਯਾਦ ਕਰਦਿਆਂ ਦੱਸਿਆ ਕਿ ਕਿਵੇਂ ਉਨ੍ਹਾਂ ਦੇ ਪਿਤਾ 1970 ਦੇ ਦਹਾਕੇ ਵਿੱਚ ਭਾਰਤ ਤੋਂ ਅਮਰੀਕਾ ਆਏ ਸਨ। ਉਨ੍ਹਾਂ ਕਿਹਾ: -ਇਹ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਮੈਂ ਅੱਜ ਇੱਥੇ ਉਸ ਭਾਈਚਾਰੇ ਦੀ ਪ੍ਰਤੀਨਿਧਤਾ ਕਰ ਰਹੀ ਹਾਂ ਜਿਸ ਨੇ ਮੈਨੂੰ ਹਮੇਸ਼ਾ ਹੱਲਾਸ਼ੇਰੀ ਦਿੱਤੀ। ਮੇਰੀ ਇਹ ਜਿੱਤ ਆਉਣ ਵਾਲੀਆਂ ਸਿੱਖ ਧੀਆਂ ਲਈ ਇੱਕ ਸੁਨੇਹਾ ਹੈ ਕਿ ਉਹ ਅਮਰੀਕਾ ਵਿੱਚ ਕੋਈ ਵੀ ਮੁਕਾਮ ਹਾਸਲ ਕਰ ਸਕਦੀਆਂ ਹਨ।:

**ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ**

ਅਮਰੀਕਾ ਵਿੱਚ ਇਸ ਸਮੇਂ ਲਗਭਗ 5 ਲੱਖ ਤੋਂ ਵੱਧ ਸਿੱਖ ਰਹਿੰਦੇ ਹਨ। ਮਨਪ੍ਰੀਤ ਮੋਨਿਕਾ ਸਿੰਘ ਦੀ ਇਸ ਨਿਯੁਕਤੀ ਨੂੰ ਅਮਰੀਕੀ ਰਾਜਨੀਤੀ ਅਤੇ ਨਿਆਂਪਾਲਿਕਾ ਵਿੱਚ ਸਿੱਖਾਂ ਦੀ ਵਧਦੀ ਪਛਾਣ ਵਜੋਂ ਦੇਖਿਆ ਜਾ ਰਿਹਾ ਹੈ। ਸੋਸ਼ਲ ਮੀਡੀਆ ’ਤੇ ਦੁਨੀਆ ਭਰ ਦੇ ਪੰਜਾਬੀਆਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

## ਦੱਖਣੀ ਕੋਰੀਆ ਦੀ ਫੈਕਟਰੀ ਵਿੱਚ ਲੱਗੀ ਭਿਆਨਕ ਅੱਗ
# ਅੱਗ ਲੱਗਣ ਕਾਰਨ 10 ਲੋਕਾਂ ਦੀ ਮੌਤ

ਸਿਓਲ: ਦੱਖਣੀ ਕੋਰੀਆ ਦੇ ਡੇਜੇਓਨ ਵਿੱਚ ਇੱਕ ਆਟੋਮੋਬਾਈਲ ਪਾਰਟਸ ਫੈਕਟਰੀ ਵਿੱਚ ਅੱਗ ਲੱਗਣ ਕਾਰਨ, ਜੋ ਕਿ ਸੰਭਾਵਤ ਤੌਰ ’ਤੇ ਧਮਾਕੇ ਕਾਰਨ ਲੱਗੀ ਸੀ, ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਹੈ, ਘੱਟੋ-ਘੱਟ 59 ਹੋਰ ਜ਼ਖਮੀ ਹੋ ਗਏ ਹਨ ਅਤੇ ਚਾਰ ਲਾਪਤਾ ਹਨ।



ਗ੍ਰਹਿ ਮੰਤਰਾਲੇ ਅਤੇ ਸੁਰੱਖਿਆ ਮੰਤਰਾਲੇ ਨੇ ਕਿਹਾ ਕਿ 25 ਲੋਕ ਗੰਭੀਰ ਜ਼ਖਮੀ ਹੋਏ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਸ਼ੁੱਕਰਵਾਰ ਦੁਪਹਿਰ ਨੂੰ ਅੱਗ ਲੱਗਣ ਤੋਂ ਬਾਅਦ 500 ਤੋਂ ਵੱਧ ਫਾਇਰਫਾਈਟਰ, ਪੁਲਿਸ ਅਤੇ ਐਮਰਜੈਂਸੀ ਕਰਮਚਾਰੀ ਬਚਾਅ ਕਾਰਜਾਂ ਲਈ ਤਾਇਨਾਤ ਕੀਤੇ ਗਏ ਸਨ।

ਸ਼ਹਿਰ ਦੇ ਡੇਡੋਕ ਜ਼ਿਲ੍ਹੇ ਦੇ ਫਾਇਰ ਚੀਫ ਨਾਮ ਡਿਊਕ-ਵੂ ਨੇ ਕਿਹਾ ਕਿ ਅੱਗ ਲੱਗਣ ਦੀ ਸੂਚਨਾ ਸਵੇਰੇ 1:18 ਵਜੇ ਮਿਲੀ।ਉਨ੍ਹਾਂ ਕਿਹਾ ਕਿ ਅੱਗ ਲੱਗਣ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ, ਪਰ ਗਵਾਹਾਂ ਨੇ ਧਮਾਕੇ ਦੀ ਆਵਾਜ਼ ਸੁਣੀ।

ਅਧਿਕਾਰੀਆਂ ਨੇ ਕਿਹਾ ਕਿ ਬਚਾਅ ਕਰਮਚਾਰੀਆਂ ਨੇ ਘੱਟੋ-ਘੱਟ 10 ਲੋਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਘੱਟੋ-ਘੱਟ 59 ਹੋਰ ਜ਼ਖਮੀ ਹੋਏ ਹਨ ਅਤੇ ਚਾਰ ਲਾਪਤਾ ਹਨ।

# ਤੇਲ ਦੀਆਂ ਕੀਮਤਾਂ ਚੜ੍ਹੀਆਂ ਅਸਮਾਨੀ ! ਆਸਟ੍ਰੇਲੀਆ-ਨਿਊਜ਼ੀਲੈਂਡ ’ਚ ਹਾਹਾਕਾਰ

ਬ੍ਰਿਸਬੇਨ : ਆਸਟ੍ਰੇਲੀਆਈ ਊਰਜਾ ਮੰਤਰੀ ਕ੍ਰਿਸ ਬੋਵੇਨ ਨੇ ਆਸਟ੍ਰੇਲੀਆ ਨੂੰ ਤੇਲ ਸਪਲਾਈ ਪ੍ਰਾਪਤ ਹੋਣ ਵਿੱਚ ‘ਰੁਕਾਵਟਾਂ’ ਦੀ ਚੇਤਾਵਨੀ ਦਿੱਤੀ ਹੈ, ਜਿਸ ਕਾਰਨ ਡਰ ਹੈ ਕਿ ਪੈਟਰੋਲ ਅਤੇ ਡੀਜ਼ਲ ਦੀ ਕੀਮਤਾਂ 4 ਡਾਲਰ ਪ੍ਰਤੀ ਲੀਟਰ ਤੱਕ ਪਹੁੰਚ ਸਕਦੀਆਂ ਹਨ। ਮੱਧ ਪੂਰਬ ਵਿਚ ਜਾਰੀ ਲੜਾਈ ਕਾਰਨ ‘ਆਸਟ੍ਰੇਲੀਆ ਵਿੱਚ ਡੀਜ਼ਲ ਦੀ ਮੌਜੂਦਾ ਕੀਮਤ ਇਸ ਸਮੇਂ 2 ਡਾਲਰ 94 ਸੈਂਟ ਪ੍ਰਤੀ ਲੀਟਰ ਹੈ, ਇਹ ਔਸਤ ਹੈ।’ ਉਹਨਾਂ ਕਿਹਾ ਕਿ ਕੁਝ ਸਰਵਿਸ ਸਟੇਸ਼ਨ ਪਹਿਲਾਂ ਹੀ ਡੀਜ਼ਲ ਲਈ 3 ਡਾਲਰ ਪ੍ਰਤੀ ਲੀਟਰ ਤੋਂ ਵੱਧ ਵਸੂਲ ਰਹੇ ਸਨ ਅਤੇ ਜਦੋਂ ਤੱਕ ਮੱਧ ਪੂਰਬ ਵਿੱਚ ਟਕਰਾਅ ਜਾਰੀ ਰਹੇਗਾ, ਵਾਧਾ ਜਾਰੀ ਰਹੇਗਾ।



ਗੁਆਂਢੀ ਦੇਸ਼ ਨਿਊਜ਼ੀਲੈਂਡ ਵਿੱਚ ਵੀ ਨਿਯਮਤ ਅਨਲੀਡੇਡ ਪੈਟਰੋਲ ਦੀ ਕੀਮਤ ਔਸਤਨ 3.32 ਡਾਲਰ ($2.76) ਪ੍ਰਤੀ ਲੀਟਰ ਤੱਕ ਵੱਧ ਗਈ ਹੈ। ਕੁਝ ਸਰਵਿਸ ਸਟੇਸ਼ਨ ਇਸ ਸਮੇਂ ਪੈਟਰੋਲ ਨੂੰ 3.49 ($2.90) ਡਾਲਰ ਪ੍ਰਤੀ ਲੀਟਰ ਤੱਕ ਵੇਚ ਰਹੇ ਹਨ। ਅਰਥਸ਼ਾਸਤਰੀਆਂ ਦਾ ਅਨੁਮਾਨ ਹੈ ਕੀ ਜੇਕਰ ਜੰਗਬੰਦੀ ਨਾ ਹੋਈ ਤਾ ਕੀਮਤਾਂ ਜਲਦੀ ਹੀ ਨਿਊਜ਼ੀਲੈਂਡ-ਆਸਟ੍ਰੇਲੀਆ ਵਿੱਚ 4 ਡਾਲਰ ਪ੍ਰਤੀ ਲੀਟਰ ਤੱਕ ਪਹੁੰਚ ਸਕਦੀਆਂ ਹਨ। ਕੋਰੋਨਾ ਸੰਕਟ ਤੋ ਬਾਅਦ ਅਸਮਾਨੀ ਚੜ੍ਹ ਰਹੀਆ ਤੇਲ ਦੀਆ ਕੀਮਤਾਂ ਨਾਲ ਸਾਰੀ ਅਰਥ-ਵਿਵਸਥਾ ਬੁਰੀ ਤਰ੍ਹਾਂ ਚਰਮਰਾ ਜਾਵੇਗੀ ਜਿਸ ਦੇ ਨਾਲ ਮਹਿੰਗਾਈ ਭਿਆਨਕ ਰੂਪ ਧਾਰ ਕਰ ਲਵੇਗੀ। ਊਰਜਾ ਮੰਤਰੀ ਨੇ ਖੁਲਾਸਾ ਕੀਤਾ ਕਿ ਅਪ੍ਰੈਲ ਦੇ ਮੱਧ ਅਤੇ ਮਈ ਦੇ ਮੱਧ ਵਿੱਚ ਆਉਣ ਵਾਲੇ ਛੇ ਸਮੁੰਦਰੀ ਤੇਲ ਟੈਂਕਰਾਂ ਦੀ ਆਮਦ ਰੱਦ ਹੋ ਗਈ ਤੇ ਕੁਝ ਮੁਲਤਵੀ ਹੋ ਗਏ ਹਨ। ਪਰ ਕੁਝ ਨੂੰ ਪਹਿਲਾਂ ਹੀ ਆਯਾਤਕਾਂ ਅਤੇ ਰਿਫਾਇਨਰਾਂ ਦੁਆਰਾ ਹੋਰ ਸਰੋਤਾਂ ਨਾਲ ਬਦਲ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਘੀ ਸਰਕਾਰ ਨੂੰ ਭਰੋਸਾ ਹੈ ਕਿ ਹੋਰਮੁਜ਼ ਜਲਡਮਰੂ ਦੇ ਰਾਹ ਬੰਦ ਹੋਣ ਦੇ ਬਾਵਜੂਦ ਆਸਟ੍ਰੇਲੀਆਈ ਬੰਦਰਗਾਹ ’ਤੇ ਤੇਲ ਸਮੁੰਦਰੀ ਜਹਾਜ਼ ਟੈਂਕਰ ਆਉਂਦੇ ਰਹਿਣਗੇ। ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਪਹਿਲਾਂ ਹੀ ਆਪਣੇ ਏਸ਼ੀਆਈ ਹਮਰੁਤਬਾ ਨੂੰ ਫ਼ੋਨ ’ਤੇ ਅਪੀਲ ਕੀਤੀ ਹੈ ਕੀ ਆਸਟ੍ਰੇਲੀਆ ਪੈਟਰੋਲ, ਡੀਜ਼ਲ ਅਤੇ ਜੈੱਟ ਈਂਧਨ ਲਈ ਆਪਣੇ ਏਸ਼ੀਆਈ ਗੁਆਂਢੀ ਦੇਸ਼ਾਂ ’ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਪਰ ਥਾਈਲੈਂਡ ਅਤੇ ਚੀਨ ਵਰਗੇ ਦੇਸ਼ਾਂ ਨੇ ਪਹਿਲਾਂ ਹੀ ਤੇਲ ਨਿਰਯਾਤ ’ਤੇ ਪਾਬੰਦੀ ਲਗਾਉਣੀ ਸ਼ੁਰੂ ਕਰ ਦਿੱਤੀ ਹੈ। ਆਪਣੀ ਸਪਲਾਈ ਨੂੰ ਤਰਜੀਹ ਦਿੰਦੇ ਹੋਏ ਉਨ੍ਹਾਂ ਇਹ ਡਰ ਵਧਾ ਦਿੱਤਾ ਹੈ ਕਿ ਇਸ ਨਾਲ ਆਸਟ੍ਰੇਲੀਆ ਦੇ ਤੇਲ ਭੰਡਾਰ ਪ੍ਰਭਾਵਿਤ ਹੋ ਸਕਦੇ ਹਨ। ਆਸਟ੍ਰੇਲੀਆਈ ਸੰਘੀ ਸਰਕਾਰ ਦੇ ਅਨੁਸਾਰ ਇਸ ਸਮੇ 38 ਦਿਨਾਂ ਦਾ ਪੈਟਰੋਲ ਅਤੇ 30 ਦਿਨਾਂ ਦਾ ਡੀਜ਼ਲ ਅਤੇ ਜੈੱਟ ਈਂਧਨ ਸਪਲਾਈ ਬਚੀ ਹੈ। ਇਸ ਦੌਰਾਨ ਸ਼੍ਰੀ ਬੋਵੇਨ ਨੇ ਦਿੱਤਾ ਕਿ ਜੋ ਲੋਕ ਘਰੋਂ ਕੰਮ ਕਰ ਸਕਦੇ ਹਨ ਇਸ ਨੂੰ ਤਰਜੀਹ ਦੇਣ। ਸਰਕਾਰ ਲਗਾਤਾਰ ਸਥਿਤੀ ਤੇ ਨਜ਼ਰਸਾਨੀ ਕਰ ਰਹੀ ਹੈ।

# ਫਰਿਜ਼ਨੋ 'ਚ 28 ਮਾਰਚ ਨੂੰ ਹੋਣ ਵਾਲੇ ਵਿਰਾਸਤੀ ਖੇਡ ਮੇਲੇ ਅਤੇ ਪਰਿਵਾਰਕ ਪਿਕਨਿਕ ਦੀਆਂ ਤਿਆਰੀਆਂ ਮੁਕੰਮਲ



ਫਰਿਜ਼ਨੋ/ਕੈਲੇਫੌਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ, ਯੂਥ ਵਿੰਗ ਅਤੇ ਮਾਪਿਆਂ ਦੀ ਭਰਵੀਂ ਹਾਜ਼ਰੀ ਵਿੱਚ ਇੱਕ ਵਿਸ਼ੇਸ਼ ਮੀਟਿੰਗ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਹੋਈ ਜਿਸ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਵਿਦੇਸ਼ਾਂ ਵਿੱਚ ਜਨਮੀ ਨਵੀਂ ਪੀੜ੍ਹੀ ਨੂੰ ਪੰਜਾਬੀਅਤ ਨਾਲ ਜੋੜਨ ਦੀਆਂ ਸਫਲ ਕੋਸ਼ਿਸ਼ਾਂ ਕਰਦੇ ਹੋਏ ਅਕੈਡਮੀ ਵੱਲੋਂ 28 ਮਾਰਚ 2026 ਨੂੰ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਵੱਡੇ ਪੱਧਰ ਤੇ ਹੋਣ ਵਾਲੇ ਵਿਰਾਸਤੀ ਖੇਡ ਮੇਲੇ ਅਤੇ ਪਰਿਵਾਰਕ ਪਿਕਨਿਕ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਵੱਖ ਵੱਖ-ਹਾਜ਼ਰ ਬੁਲਾਰਿਆਂ ਨੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ ਅਤੇ ਸਭ ਨੇ ਤਿਆਰੀਆਂ ਸਬੰਧੀ ਪੂਰਨ ਤਸੱਲੀ ਪ੍ਰਗਟਾਈ।

ਜਿਸ ਸੰਬੰਧੀ ਪਿਛਲੇ ਚਾਰ ਹਫ਼ਤਿਆਂ ਤੋਂ ਵੱਡੀ ਗਿਣਤੀ ਵਿੱਚ ਵਿਰਾਸਤੀ ਖੇਡਾਂ ਦੀ ਸਿੱਖਿਆ ਲੈ ਰਹੇ ਬੱਚੇ ਖੇਡਾਂ ਦਾ ਪ੍ਰਦਰਸ਼ਨ ਕਰਨ ਦੇ ਨਾਲ-ਨਾਲ ਸੈਂਕੜੇ ਹੋਰ ਬੱਚਿਆਂ ਨੂੰ ਵੀ ਵਿਰਾਸਤੀ ਖੇਡਾਂ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਉਣਗੇ। ਇਸ ਮੇਲੇ ਦਾ ਦਾਖਲਾ ਬਿਲਕੁਲ ਮੁਫ਼ਤ ਹੋਵੇਗਾ ਅਤੇ ਸਾਰਾ ਦਿਨ ਗੁਰੂ ਦੇ ਲੰਗਰ ਅਤੁੱਟ ਵਰਤਣਗੇ। ਸਕਿਉਰਟੀ ਦਾ ਪੁਖਤਾ ਪ੍ਰਬੰਧ ਹੋਵੇਗਾ। ਰੱਸਾਕਸ਼ੀ ਦਾ ਮੁਕਾਬਲਾ ਹਰ ਸਾਲ ਦੀ ਤਰ੍ਹਾਂ ਬਹੁਤ ਰੋਚਕ ਹੋਵੇਗਾ। ਜੈਕਾਰਾ ਮੂਵਮੈਂਟ ਵੱਲੋਂ ਡਾਕਟਰ ਗੁਰਿੰਦਰ ਨਰਾਇਣ ਦੀ ਅਗਵਾਈ ਵਿੱਚ ਫਰੀ ਡਾਕਟਰੀ ਕੈਂਪ ਲਗਾਇਆ ਜਾਵੇਗਾ।

ਸਮੁੱਚੇ ਪੰਜਾਬੀ ਭਾਈਚਾਰੇ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਆਪਣੇ ਬੱਚਿਆ ਨੂੰ ਸੱਭਿਆਚਾਰ ਅਤੇ ਵਿਰਾਸਤੀ ਜੜ੍ਹਾਂ ਨਾਲ ਜੋੜਨ ਲਈ ਪਰਿਵਾਰਾਂ ਸਮੇਤ ਇਸ ਮੇਲੇ ਵਿੱਚ ਪਹੁੰਚੋ ਅਤੇ ਅਕੈਡਮੀ ਦਾ ਹਿੱਸਾ ਬਣਾਓ ਕਿਉਂਕਿ ਖੇਡਾਂ ਦੇ ਮੈਦਾਨ ਵਿੱਚੋਂ ਹੀ ਚੈਪੀਅਨ ਬਣਦੇ ਹਨ ਅਤੇ ਸੁਪਨੇ ਉਡਾਨ ਭਰਦੇ ਹਨ। ਪ੍ਰਬੰਧਕਾਂ ਅਨੁਸਾਰ ਤੁਹਾਡੀ ਹਾਜ਼ਰੀ ਤੁਹਾਡੇ ਆਪਣੇ ਹੀ ਬੱਚਿਆਂ ਦਾ ਹੌਸਲਾ ਵਧਾਏਗੀ। ਇਸ ਖੇਡ ਮੇਲੇ ਦੀ ਵਧੇਰੇ ਜਾਣਕਾਰੀ ਲਈ ਗੁਰਦੀਪ ਸਿੰਘ ਸ਼ੇਰਗਿੱਲ (559)-349-1481, ਸੁਖਪ੍ਰੀਤ ਸਿੰਘ ਧਾਲੀਵਾਲ (559)-321-4591 ਜਾਂ ਜਸਪ੍ਰੀਤ ਸਿੰਘ ਸਿੱਧੂ (559)-274-6841 ਨਾਲ ਸੰਪਰਕ ਕਰ ਸਕਦੇ ਹੋ।

# ਮੈਰੀਲੈਂਡ ਦੇ ਗਵਰਨਰ ਦਫ਼ਤਰ ਵੱਲੋਂ ਨਾਨਕਸ਼ਾਹੀ ਨਵੇਂ ਸਾਲ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਸਿੱਖ ਸੰਗਤਾਂ ਨਾਲ ਸ਼ਮੂਲੀਅਤ

ਮੈਰੀਲੈਂਡ/ਵਰਜੀਨੀਆ, (ਰਾਜ ਗੋਗਨਾ) : ਮੈਰੀਲੈਂਡ ਅਤੇ ਵਰਜੀਨੀਆ ਵਿਖੇ ਤਿੰਨ ਦਿਨਾਂ ਸਾਲਾਨਾ 'ਬਸੰਤ ਕੀਰਤਨ ਦਰਬਾਰ' ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ, ਜਿੱਥੇ ਸਿੱਖ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਅਤੇ ਨਾਨਕਸ਼ਾਹੀ ਨਵਾਂ ਸਾਲ 558 ਮਨਾਇਆ। ਗੁਰੂ ਰਾਮ ਦਾਸ ਫਾਊਂਡੇਸ਼ਨ ਅਤੇ ਸ੍ਰੀ ਹਰਿਮੰਦਰ ਸਾਹਿਬ ਅਕੈਡਮੀ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਅਧਿਆਤਮਿਕ ਸਮਾਗਮ ਦਾ ਮੁੱਖ ਉਦੇਸ਼ ਗੁਰੂ ਸਾਹਿਬ ਦੀ ਲਾਸਾਨੀ ਵਿਰਾਸਤ ਨੂੰ ਯਾਦ ਕਰਨਾ ਸੀ। ਭਾਈ ਸਵਿੰਦਰ ਸਿੰਘ ਜੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਕੀਰਤਨ ਦਰਬਾਰ ਦਾ ਮੁੱਖ ਮਕਸਦ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੇ ਇਲਾਹੀ ਮਾਧਿਅਮ ਰਾਹੀਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਨਾ ਸੀ। ਉਹਨਾਂ ਦੀ ਯੋਗ ਅਗਵਾਈ ਸਦਕਾ ਇਹ ਪ੍ਰੋਗਰਾਮ ਨਾ ਸਿਰਫ਼ ਇੱਕ ਯਾਦਗਾਰੀ ਸਮਾਗਮ ਸਾਬਤ ਹੋਇਆ, ਸਗੋਂ ਇਸ ਨੇ ਪੂਰੇ ਖੇਤਰ ਦੇ ਸਿੱਖ ਪਰਿਵਾਰਾਂ ਅਤੇ ਧਾਰਮਿਕ ਆਗੂਆਂ ਨੂੰ ਆਪਸੀ ਸਾਂਝ ਦੇ ਇੱਕ ਮਜ਼ਬੂਤ ਸੂਤਰ ਵਿੱਚ ਪਰੋਇਆ। ਸਮਾਗਮ ਦੇ ਪਹਿਲੇ ਦਿਨ ਰੈਂਡਲਸਟਾਊਨ ਸਥਿਤ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ ਗੁਰਦੁਆਰਾ ਸਾਹਿਬ ਵਿਖੇ ਮੈਰੀਲੈਂਡ ਦੇ ਗਵਰਨਰ ਦੇ 'ਕਮਿਊਨਿਟੀ ਇਨੀਸ਼ੀਏਟਿਵਜ਼' ਦਫ਼ਤਰ ਦੇ ਉੱਚ ਅਧਿਕਾਰੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਡਾ. ਲੌਰਾ ਹਾਰਗਰੋਵ ਨੇ ਕਈ ਕਮਿਸ਼ਨ ਮੈਂਬਰਾਂ ਸਮੇਤ ਸੰਗਤਾਂ ਵਿੱਚ ਬੈਠ ਕੇ ਕੀਰਤਨ ਸਰਵਣ ਕੀਤਾ। ਮੈਰੀਲੈਂਡ ਸਟੇਟ




ਦਾ 'ਕਮਿਊਨਿਟੀ ਇਨੀਸ਼ੀਏਟਿਵਜ਼' ਦਫ਼ਤਰ ਨਾਗਰਿਕਾਂ ਨੂੰ ਆਰਥਿਕ, ਵਲੰਟੀਅਰ ਅਤੇ ਸਮਾਜਿਕ ਸੇਵਾਵਾਂ ਨਾਲ ਜੋੜਨ ਅਤੇ ਸਰਕਾਰ ਦੇ ਕਾਰਜਕਾਰੀ ਵਿਭਾਗ ਰਾਹੀਂ ਭਾਈਚਾਰਕ ਸਾਂਝ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਹਨਾਂ ਦੀ ਇਸ ਸ਼ਮੂਲੀਅਤ ਨੇ ਰਾਜ ਸਰਕਾਰ ਦੀ ਵੱਖ-ਵੱਖ ਧਰਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਅਤੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਲਈ ਗੁਰੂ ਸਾਹਿਬ ਵੱਲੋਂ ਦਿੱਤੀ ਮਹਾਨ ਕੁਰਬਾਨੀ ਦੇ ਵਿਸ਼ਵਵਿਆਪੀ ਮਹੱਤਵ ਨੂੰ ਦਰਸਾਇਆ। ਇਸ ਤਿੰਨ ਦਿਨਾਂ ਦਰਬਾਰ ਵਿੱਚ ਵਿਸ਼ਵ ਪ੍ਰਸਿੱਧ ਰਾਗੀ ਜਥਿਆਂ ਨੇ ਆਪਣੀ ਰਸ ਭਿੰਨੀ ਕੀਰਤਨ ਸੇਵਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕੀਰਤਨ ਕਰਨ ਵਾਲੇ ਜਥਿਆਂ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ ਜੀ, ਭਾਈ ਹਰਪ੍ਰੀਤ ਸਿੰਘ ਜੀ ਅਤੇ ਭਾਈ ਸਿਰੀਪਾਲ ਸਿੰਘ ਜੀ ਸ਼ਾਮਲ ਸਨ। ਇਸ ਤੋਂ ਇਲਾਵਾ ਯੂ.ਕੇ. ਤੋਂ ਭਾਈ ਕਰਨਜੀਤ ਸਿੰਘ ਜੀ, ਡੇਨਵਰ (ਕੋਲੋਰਾਡੋ) ਤੋਂ ਬੀਬੀ ਗੁਨੀਤ ਕੌਰ ਜੀ, ਲਾਸ ਏਂਜਲਸ (ਕੈਲੀਫੋਰਨੀਆ) ਤੋਂ ਪ੍ਰੋ. ਬਲਜੀਤ ਸਿੰਘ ਜੀ ਅਤੇ ਸੈਕਰਾਮੈਂਟੋ (ਕੈਲੀਫੋਰਨੀਆ) ਤੋਂ ਡਾ. ਗਗਨਦੀਪ ਸਿੰਘ ਜੀ ਨੇ ਵੀ ਹਾਜ਼ਰੀ ਭਰੀ। ਸੰਗਤਾਂ ਦੀ ਸਹੂਲਤ ਲਈ ਇਹ ਸਮਾਗਮ ਤਿੰਨ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਵਿੱਚ ਕਰਵਾਏ ਗਏ। ਪਹਿਲੇ ਦਿਨ ਦੀ ਸ਼ੁਰੂਆਤ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ (ਰੈਂਡਲਸਟਾਊਨ, ਮੈਰੀਲੈਂਡ) ਤੋਂ ਹੋਈ। ਦੂਜੇ ਦਿਨ ਦਾ ਸਮਾਗਮ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ (ਸਿੱਖ ਲਰਨਿੰਗ ਸੈਂਟਰ), ਗਲੇਨ ਬਰਨੀ (ਮੈਰੀਲੈਂਡ) ਵਿਖੇ ਅਤੇ ਤੀਜੇ ਦਿਨ ਸਿੰਘ ਸਭਾ ਗੁਰਦੁਆਰਾ ਫੇਅਰਫੈਕਸ (ਵਰਜੀਨੀਆ) ਵਿਖੇ ਸਮਾਪਤੀ ਹੋਈ। ਪ੍ਰਬੰਧਕਾਂ ਵੱਲੋਂ ਤਿੰਨਾਂ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਰਕਾਰੀ ਅਧਿਕਾਰੀਆਂ ਦਾ ਉਹਨਾਂ ਦੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਹ ਸਮਾਗਮ ਧਰਮ ਦੀ ਦ੍ਰਿੜਤਾ ਅਤੇ ਰਾਜਾਂ ਦੀਆਂ ਸਰਹੱਦਾਂ ਤੋਂ ਪਰੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਾਲਾ ਇੱਕ ਯਾਦਗਾਰੀ ਉਪਰਾਲਾ ਰਿਹਾ।




**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ**

# LAW OFFICES OF EMMANUEL ENYINWA

**ESQ, Abogado**

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

**ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ**

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਨਿਊਯਾਰਕ ਹਵਾਈ ਅੱਡੇ ’ਤੇ ਵਾਪਰਿਆ ਹਵਾਈ ਹਾਦਸਾ, 2 ਲੋਕਾਂ ਦੀ ਮੌਤ




ਨਿਊਯਾਰਕ : ਮਿਡਲ ਈਸਟ ਵਿਚ ਜਾਰੀ ਜੰਗ ਵਿਚਕਾਰ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ। ਨਿਊਯਾਰਕ ਦੇ ਲਾਗੁਆਰਡੀਆ ਹਵਾਈ ਅੱਡੇ ’ਤੇ ਰਨਵੇਅ ’ਤੇ ਯਹੂਦੀਆਂ ਨੂੰ ਲੈ ਕੇ ਜਾ ਰਹੇ ਇੱਕ ਯਾਤਰੀ ਜਹਾਜ਼ ਨਾਲ ਅੱਗ ਬੁਝਾਊ ਟਰੱਕ ਟਕਰਾ ਗਿਆ, ਜਿਸ ਵਿੱਚ ਦੋ ਲੋਕ ਮਾਰੇ ਗਏ ਅਤੇ 70 ਤੋਂ ਵੱਧ ਜ਼ਖਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਜਹਾਜ਼ 100 ਲੋਕਾਂ ਨੂੰ ਲੈ ਕੇ ਜਾ ਰਿਹਾ ਸੀ। ਚੇਤਾਵਨੀਆਂ ਦੇ ਬਾਵਜੂਦ ਟਰੱਕ ਰੁਕਣ ਵਿੱਚ ਅਸਫਲ ਰਿਹਾ ਅਤੇ ਜਹਾਜ਼ ਨਾਲ ਟਕਰਾ ਗਿਆ। ਸੂਤਰਾਂ ਮੁਤਾਬਕ ਇਸ ਹਾਦਸੇ ਪਿੱਛੇ ਅੱਤਵਾਦੀਆਂ ਦਾ ਹੱਥ ਹੋਣ ਦਾ ਖਦਸ਼ਾ ਜਤਾਇਆ ਗਿਆ ਹੈ। ਫਿਲਹਾਲ ਇਸ ਸਬੰਧੀ ਕੋਈ ਪੁਸ਼ਟੀ ਨਹੀਂ ਹੋਈ ਹੈ।

ਹਾਦਸੇ ਵਿੱਚ ਪਾਇਲਟ ਅਤੇ ਸਹਿ-ਪਾਇਲਟ ਦੀ ਵੀ ਮੌਤ ਹੋ ਗਈ ਹੈ। ਘਟਨਾ ਤੋਂ ਬਾਅਦ ਹਵਾਈ ਅੱਡੇ ਨੂੰ ਬੰਦ ਕਰ ਦਿੱਤਾ ਗਿਆ ਹੈ। ਸਾਰੀਆਂ ਉਡਾਣਾਂ ਨੂੰ JFK ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾ ਟੱਕਰ ਰਨਵੇਅ 4 ਦੇ ਨੇੜੇ ਉਸ ਸਮੇਂ ਹੋਈ ਜਦੋਂ ਏਅਰ ਕੈਨੇਡਾ CRJ-900 ਉਡਾਣ ਟੈਕਸੀਵੇਅ ਤੋਂ ਲੰਘ ਰਹੀ ਸੀ। ਟੱਕਰ ਤੋਂ ਬਾਅਦ ਫਾਇਰ ਬ੍ਰਿਗੇਡ ਅਤੇ ਬਚਾਅ ਟੀਮਾਂ ਮੌਕੇ ’ਤੇ ਪਹੁੰਚੀਆਂ। ਹਾਦਸੇ ਵਿੱਚ ਜਹਾਜ਼ ਨੂੰ ਵੀ ਨੁਕਸਾਨ ਪਹੁੰਚਿਆ। ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਅਤੇ ਰਨਵੇਅ ਦੇ ਨੇੜੇ ਇੱਕ ਸੁਰੱਖਿਅਤ ਖੇਤਰ ਵਿੱਚ ਲਿਜਾਇਆ ਗਿਆ। ਹਾਦਸੇ ਵਿੱਚ ਵੱਡੀ ਗਿਣਤੀ ਵਿੱਚ ਲੋਕ ਜ਼ਖਮੀ ਵੀ ਹੋਏ ਹਨ। ਘਟਨਾ ਤੋਂ ਬਾਅਦ ਹਵਾਈ ਅੱਡਾ ਬੰਦ ਕਰ ਦਿੱਤਾ ਗਿਆ ਸੀ ਅਤੇ ਸਥਿਤੀ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

**ਜਹਾਜ਼ ਵਿੱਚ ਯਹੂਦੀ ਭਾਈਚਾਰੇ ਦੇ ਲੋਕ :** ਹਵਾਈ ਆਵਾਜਾਈ ਕੰਟਰੋਲ ਨੇ ਹਾਦਸੇ ਤੋਂ ਪਹਿਲਾਂ ਜਹਾਜ਼ ਅਤੇ ਜ਼ਮੀਨੀ ਵਾਹਨਾਂ ਦੋਵਾਂ ਨੂੰ ਰੁਕਣ ਦਾ ਆਦੇਸ਼ ਦਿੱਤਾ ਸੀ, ਪਰ ਫਿਰ ਵੀ ਟੱਕਰ ਹੋ ਗਈ। ਘਟਨਾ ਤੋਂ ਬਾਅਦ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨੇ ਹਵਾਈ ਅੱਡੇ ’ਤੇ ਸਾਰੀਆਂ ਉਡਾਣਾਂ ਨੂੰ ਰੋਕ ਦਿੱਤਾ ਅਤੇ ਜਾਂਚ ਸ਼ੁਰੂ ਕਰ ਦਿੱਤੀ। ਜਹਾਜ਼ ਵਿੱਚ ਸਵਾਰ ਲੋਕਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਜਹਾਜ਼ ਵਿੱਚ ਸਵਾਰ ਜ਼ਿਆਦਾਤਰ ਲੋਕ ਯਹੂਦੀ ਸਨ।

**ਅਗਲੇ ਨੋਟਿਸ ਤੱਕ ਹਵਾਈ ਅੱਡਾ ਬੰਦ :** ਦੁਰਘਟਨਾ ਤੋਂ ਬਾਅਦ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀਆਂ ਹਨ। ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ ਗਈ ਇੱਕ ਕਲਿੱਪ ਵਿੱਚ ਜਹਾਜ਼ ਦਾ ਅਗਲਾ ਹਿੱਸਾ ਕਈ ਡਿਗਰੀ ਉੱਚਾ ਦਿਖਾਈ ਦੇ ਰਿਹਾ ਹੈ। ਇਹ ਸਪੱਸ਼ਟ ਤੌਰ ’ਤੇ ਇੱਕ ਵੱਡੇ ਹਾਦਸੇ ਦਾ ਸੰਕੇਤ ਹੈ। ਇਸ ਲਈ, ਅਗਲੇ ਨੋਟਿਸ ਤੱਕ ਹਵਾਈ ਅੱਡਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਉਡਾਣਾਂ ਨੂੰ ਹੋਰ ਹਵਾਈ ਅੱਡਿਆਂ ਵੱਲ ਵੀ ਮੋੜ ਦਿੱਤਾ ਗਿਆ ਹੈ। ਹਾਦਸੇ ਤੋਂ ਬਾਅਦ ਏਅਰ ਕੈਨੇਡਾ ਨੇ ਇੱਕ ਬਿਆਨ ਜਾਰੀ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਉਹ ਸਥਿਤੀ ਦੀ ਨਿਗਰਾਨੀ ਕਰ ਰਿਹਾ ਹੈ ਅਤੇ ਪ੍ਰਭਾਵਿਤ ਯਾਤਰੀਆਂ ਦੇ ਪਰਿਵਾਰਾਂ ਨਾਲ ਸੰਪਰਕ ਕਰ ਰਿਹਾ ਹੈ। ਰਾਹਤ ਅਤੇ ਬਚਾਅ ਕਾਰਜ ਇਸ ਸਮੇਂ ਜਾਰੀ ਹਨ। ਐਮਰਜੈਂਸੀ ਸੇਵਾਵਾਂ ਦੇ ਤੁਰੰਤ ਜਵਾਬ ਤੋਂ ਬਾਅਦ, ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ।

# ਹੋਮਲੈਂਡ ਸੁਰੱਖਿਆ ਵਿਭਾਗ ਫ਼ੰਡ ਮਾਮਲਾ ਹਵਾਈ ਅੱਡਿਆਂ ’ਤੇ ਆਈਸ ਦੇ ਏਜੰਟ ਤਾਇਨਾਤ ਕਰਾਂਗਾ : ਟਰੰਪ

ਸਾਨ ਫਰਾਂਸਿਸਕੋ : ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਧਮਕੀ ਭਰੇ ਲਹਿਜ਼ੇ ’ਚ ਕਿਹਾ ਕਿ ਜੇਕਰ ਅੰਸ਼ਿਕ ਸਰਕਾਰੀ ਬੰਦ ਦੌਰਾਨ ਹੋਮਲੈਂਡ ਸੁਰੱਖਿਆ ਵਿਭਾਗ (ਡੀ.ਐੱਚ.ਐਸ.) ਨੂੰ ਫ਼ੰਡ ਦੇਣ ਲਈ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਉਹ ਸੋਮਵਾਰ ਨੂੰ ਅਮਰੀਕੀ ਹਵਾਈ ਅੱਡਿਆਂ ’ਤੇ ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ (ਆਈਸ) ਦੇ ਏਜੰਟ ਤਾਇਨਾਤ ਕਰਨਗੇ। ਸਿੱਧੇ ਸ਼ਬਦਾਂ ਵਿਚ ਡੈਮੋਕ੍ਰੇਟਸ ਨੂੰ ਨਿਸ਼ਾਨਾ ਬਣਾਉਂਦਿਆਂ ਟਰੰਪ ਨੇ ਕਿਹਾ ਕਿ ਜੇ ਡੈਮੋਕ੍ਰੇਟ ਹਵਾਈ ਅੱਡਿਆਂ ’ਤੇ ਅਤੇ ਦੇਸ਼ ਭਰ ਵਿਚ ਕਿਤੇ ਹੋਰ ਸਹੀ ਸੁਰੱਖਿਆ ਦੀ ਇਜਾਜ਼ਤ ਨਹੀਂ ਦਿੰਦੇ ਹਨ ਤਾਂ ‘ਆਈਸ’ ਪਹਿਲਾਂ ਨਾਲੋਂ ਵੀ ਕਿਤੇ ਬਿਹਤਰ ਕੰਮ ਕਰੇਗਾ। ਰਾਸ਼ਟਰਪਤੀ ਨੇ ’ਟਰੂਥ’ ਸੋਸ਼ਲ ’ਤੇ ਲਿਖਿਆ ਕਿ ਆਈਸ ਨੂੰ ਤਾਇਨਾਤ ਕਰਨ ਦੀ ਗੱਲ ਆਖੀ ਪਰ ਇਹ ਸਪਸ਼ਟ ਨਹੀਂ ਹੈ ਕਿ ਆਈਸ ਏਜੰਟ ਕੰਮ ਕਿਵੇਂ ਕਰਨਗੇ? ਕਿਉਂਕਿ ਉਹ ਹਵਾਈ ਅੱਡੇ ਦੀ ਸੁਰੱਖਿਆ ਜਾਂਚ ਵਿਚ ਸਿਖਲਾਈ ਪ੍ਰਾਪਤ ਨਹੀਂ ਹਨ। ਉਧਰ ਟਰੰਪ ਨੇ ‘ਟਰੂਥ ਸੋਸ਼ਲ ’ਚ ਸੁਝਾਅ ਦਿੱਤਾ ਸੀ ਕਿ ਆਈਸ ਏਜੰਟ ਸੁਰੱਖਿਆ ਲਈ ਜੋ ਕਰਨਗੇ ਉਹ ਪਹਿਲਾਂ ਕਦੇ ਨਹੀਂ ਦੇਖਿਆ ਗਿਆ, ਜਿਸ ਵਿਚ ਅਮਰੀਕਾ ਆਏ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਤੁਰੰਤ ਗ੍ਰਿਫ਼ਤਾਰੀ ਸ਼ਾਮਲ ਹੈ।



ਰਾਸ਼ਟਰਪਤੀ ਦੀ ਧਮਕੀ ਡੀ.ਐੱਚ.ਐਸ. ਫੰਡਿੰਗ ਨੂੰ ਲੈ ਕੇ ਇਕ ਹਫ਼ਤੇ ਤੋਂ ਚੱਲ ਰਹੀ ਰੁਕਾਵਟ ਦੇ ਕਾਰਨ ਦੇਸ਼ ਭਰ ਦੇ ਹਵਾਈ ਅੱਡਿਆਂ ’ਤੇ ਵਿਘਨ ਪਿਆ ਹੈ ਤੇ ਟੀ.ਐਸ.ਏ. ਕਰਮਚਾਰੀ ਬਿਨਾਂ ਤਨਖ਼ਾਹ ਦੇ ਕੰਮ ’ਤੇ ਜਾ ਰਹੇ ਹਨ ਤੇ ਸਟਾਫ਼ ਦੀ ਘਾਟ ਹਵਾਈ ਸਫ਼ਰ ’ਚ ਦੇਰੀ ਦਾ ਕਾਰਨ ਬਣ ਰਹੀ ਹੈ। ਜ਼ਿਕਰਯੋਗ ਹੈ ਕਿ ਡੈਮੋਕਰੇਟ ਸੁਧਾਰਾਂ ਦੀ ਮੰਗ ਕਰ ਰਹੇ ਹਨ ਜੋ ਇਸ ਸਾਲ ਦੇ ਸ਼ੁਰੂ ’ਚ ਮਿਨੀਆਪੋਲਿਸ ਵਿਚ ਇਮੀਗ੍ਰੇਸ਼ਨ ਲਾਗੂ ਕਰਨ ਦੇ ਵਾਧੇ ਦੌਰਾਨ 2 ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਟਰੰਪ ਦੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਰੋਕ ਦੇਣਗੇ।

# ਅਮਰੀਕਾ ਜਾਣ ਦੇ ਚਾਹਵਾਨ ਭਾਰਤੀਆਂ ਨੂੰ ਵੱਡਾ ਝਟਕਾ : 84,000 ਵੀਜ਼ਿਆਂ ’ਤੇ ਚੱਲੀ ਕੈਂਚੀ!

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦਾ ਸਭ ਤੋਂ ਵੱਡਾ ਅਸਰ ਭਾਰਤੀ ਅਤੇ ਚੀਨੀ ਨਾਗਰਿਕਾਂ ’ਤੇ ਪੈ ਰਿਹਾ ਹੈ। ਇੱਕ ਤਾਜ਼ਾ ਮੀਡੀਆ ਰਿਪੋਰਟ ਅਨੁਸਾਰ ਸਾਲ 2025 ਦੇ ਪਹਿਲੇ ਅੱਠ ਮਹੀਨਿਆਂ ਵਿੱਚ 2024 ਦੀ ਇਸੇ ਮਿਆਦ ਦੇ ਮੁਕਾਬਲੇ ਲਗਭਗ 2.5 ਲੱਖ ਘੱਟ ਵੀਜ਼ੇ ਜਾਰੀ ਕੀਤੇ ਗਏ ।




**ਸਟੂਡੈਂਟ ਅਤੇ ਵਰਕ ਵੀਜ਼ਾ ਵਿੱਚ ਵੱਡੀ ਕਟੌਤੀ :** ਮਾਰਚ ਮਹੀਨੇ ਦੀ ਸ਼ੁਰੂਆਤ ਵਿਚ ਜਾਰੀ ਅਮਰੀਕੀ ਵਿਦੇਸ਼ ਵਿਭਾਗ ਦੇ ਅੰਕੜਿਆਂ ਮੁਤਾਬਕ ਜਨਵਰੀ ਤੋਂ ਅਗਸਤ 2025 ਦਰਮਿਆਨ ਪੱਕੀ ਰਿਹਾਇਸ਼ (PR) ਅਤੇ ਅਸਥਾਈ ਵੀਜ਼ਿਆਂ ਵਿੱਚ 11 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਇਹ ਵੀਜ਼ੇ ਆਮ ਤੌਰ ’ਤੇ ਵਿਦਿਆਰਥੀਆਂ, ਕਾਮਿਆਂ ਅਤੇ ਰਿਸ਼ਤੇਦਾਰਾਂ ਨੂੰ ਦਿੱਤੇ ਜਾਂਦੇ ਹਨ। ਖ਼ਾਸ ਤੌਰ ’ਤੇ ਭਾਰਤੀ ਅਤੇ ਚੀਨੀ ਨਾਗਰਿਕਾਂ ਨੂੰ ਜਾਰੀ ਕੀਤੇ ਜਾਣ ਵਾਲੇ ਵੀਜ਼ਿਆਂ ਵਿੱਚ 84,000 ਦੀ ਕਮੀ ਆਈ ਹੈ, ਜਿਸ ਦਾ ਮੁੱਖ ਕਾਰਨ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਰਕਰਾਂ ਦੀ ਗਿਣਤੀ ਵਿੱਚ ਹੋਈ ਗਿਰਾਵਟ ਹੈ।

**ਵਿਦਿਆਰਥੀਆਂ ਲਈ ਵਧੀਆਂ ਮੁਸ਼ਕਲਾਂ :** ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸਾਲ 2024 ਵਿੱਚ ਅਮਰੀਕਾ ਨੇ 3.44 ਲੱਖ ਤੋਂ ਵੱਧ ਸਟੂਡੈਂਟ ਵੀਜ਼ਾ ਜਾਰੀ ਕੀਤੇ ਸਨ, ਜੋ ਕਿ 2025 ਵਿੱਚ ਘਟ ਕੇ ਸਿਰਫ਼ 2.38 ਲੱਖ ਰਹਿ ਗਏ ਹਨ। ਇਸ ਤੋਂ ਇਲਾਵਾ ਪਰਿਵਾਰਕ ਸ਼੍ਰੇਣੀ ਦੇ ਵੀਜ਼ਿਆਂ (ਜਿਵੇਂ ਕਿ ਅਮਰੀਕੀ ਨਾਗਰਿਕਾਂ ਦੇ ਬਾਲਗ ਬੱਚੇ ਅਤੇ ਭੈਣ-ਭਰਾ) ਵਿੱਚ ਵੀ 27 ਫੀਸਦੀ (ਲਗਭਗ 44,000) ਦੀ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ। ਵਪਾਰ ਅਤੇ ਸੈਰ-ਸਪਾਟਾ ਵੀਜ਼ਿਆਂ ਵਿੱਚ ਵੀ ਲਗਭਗ 2 ਲੱਖ ਦੀ ਕਮੀ ਆਈ ਹੈ।

**ਪ੍ਰਸ਼ਾਸਨ ਦਾ ਪੱਖ: ‘ਵੀਜ਼ਾ ਇੱਕ ਸਹੂਲਤ ਹੈ, ਅਧਿਕਾਰ ਨਹੀਂ’ :** ਇਨ੍ਹਾਂ ਸਖ਼ਤ ਫੈਸਲਿਆਂ ’ਤੇ ਵ੍ਹਾਈਟ ਹਾਊਸ ਦੀ ਬੁਲਾਰਾ ਐਬੀਗੇਲ ਜੈਕਸਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਨੂੰ ਅਮਰੀਕੀ ਨਾਗਰਿਕਾਂ ਨੂੰ ਪਹਿਲ ਦੇਣ ਦੇ ਜਨਾਦੇਸ਼ ਨਾਲ ਚੁਣਿਆ ਗਿਆ ਹੈ ਅਤੇ ਉਨ੍ਹਾਂ ਦੀ ਹਰ ਨੀਤੀ ਇਸੇ ਤਰਜੀਹ ਨੂੰ ਦਰਸਾਉਂਦੀ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੋਟ ਨੇ ਸਪੱਸ਼ਟ ਕੀਤਾ ਕਿ ÷ਵੀਜ਼ਾ ਇੱਕ ਸਹੂਲਤ ਹੈ, ਕੋਈ ਅਧਿਕਾਰ ਨਹੀਂ÷। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਨਾਲ ਸਮਝੌਤਾ ਕਰਕੇ ਬਿਨਾਂ ਜਾਂਚ-ਪੜਤਾਲ ਦੇ ਵਿਦੇਸ਼ੀ ਨਾਗਰਿਕਾਂ ਦੇ ਵੱਡੇ ਪੱਧਰ ’ਤੇ ਦਾਖਲੇ ਦੀ ਇਜਾਜ਼ਤ ਦੇਣ ਲਈ ਤਿਆਰ ਨਹੀਂ ਹੈ।

# ਮੋਦੀ-ਟਰੰਪ ਵੱਲੋਂ ਪੱਛਮੀ ਏਸ਼ੀਆ ਸੰਕਟ ਬਾਰੇ ਚਰਚਾ

## ਲੋਕ ਕਿਸੇ ਵੀ ਸੰਕਟ ਦੇ ਟਾਕਰੇ ਲਈ ਤਿਆਰ ਰਹਿਣ: ਮੋਦੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ ’ਤੇ ਗੱਲਬਾਤ ਮਗਰੋਂ ਕਿਹਾ ਕਿ ਭਾਰਤ ਪੱਛਮੀ ਏਸ਼ੀਆ ’ਚ ਫ਼ੌਰੀ ਸ਼ਾਂਤੀ ਬਹਾਲੀ ਅਤੇ ਤਣਾਅ ਘਟਾਉਣ ਦੀ ਹਮਾਇਤ ਕਰਦਾ ਹੈ। ਦੋਵੇਂ ਆਗੂਆਂ ਵਿਚਾਲੇ ਗੱਲਬਾਤ ਹਰਮੁਜ਼ ਜਲ ਮਾਰਗ ਨੂੰ ਜਹਾਜ਼ਾਂ ਦੀ ਆਵਾਜਾਈ ਸੁਰੱਖਿਅਤ ਬਣਾਉਣ ਅਤੇ ਖ਼ਿੱਤੇ ’ਚ ਸ਼ਾਂਤੀ ਤੇ ਸਥਿਰਤਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ ’ਤੇ ਕੇਂਦਰਤ ਰਹੀ। ਉਧਰ, ਇਰਾਨ ਦੇ ਫ਼ੌਜੀ ਅਤੇ ਸਿਆਸੀ ਆਗੂਆਂ ਨੇ ਅਮਰੀਕੀ ਰਾਸ਼ਟਰਪਤੀ ਦੇ ਵਾਰਤਾ ਬਾਰੇ ਦਿੱਤੇ ਬਿਆਨਾਂ ਨੂੰ ਨਕਾਰ ਦਿੱਤਾ ਹੈ। ਇਰਾਨੀ ਫ਼ੌਜ ਦੀ ਸਿਖਰਲੀ ਕਮਾਂਡ ਖ਼ਾਤਮ-ਅਲ ਅਨਬੀਆ ਦੇ ਤਰਜਮਾਨ ਮੇਜਰ ਜਨਰਲ ਅਲੀ ਅਬਦੁੱਲਾਹੀ ਆਲੀਆਬਾਦੀ ਨੇ ਕਿਹਾ ਕਿ ਉਨ੍ਹਾਂ ਦੀ ਫ਼ੌਜ ਮੁਕੰਮਲ ਜਿੱਤ ਹਾਸਲ ਕਰਨ ਤੱਕ ਜੰਗ ਲੜੇਗੀ। ਜਨਰਲ ਦੇ ਇਸ ਬਿਆਨ ਤੋਂ ਜਾਪਦਾ ਹੈ ਕਿ ਫ਼ੌਜ ਅਮਰੀਕਾ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਲਈ ਸਹਿਮਤ ਨਹੀਂ ਹੈ।

ਟਰੰਪ ਵੱਲੋਂ ਇਰਾਨ ਨੂੰ ਹਰਮੁਜ਼ ਜਲ ਮਾਰਗ ਖੋਲ੍ਹਣ ਲਈ ਪੰਜ ਹੋਰ ਦਿਨ ਦਿੱਤੇ ਜਾਣ ਦੇ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਨੇ ਮੋਦੀ ਨੂੰ ਫੋਨ ’ਤੇ ਤਾਜ਼ਾ ਘਟਨਾਕ੍ਰਮ ਬਾਰੇ



ਜਾਣਕਾਰੀ ਦਿੱਤੀ। ਮੋਦੀ ਨੇ ਸੋਸ਼ਲ ਮੀਡੀਆ ’ਤੇ ਦੱਸਿਆ ਕਿ ਉਹ ਅੱਗੇ ਵੀ ਇਕ-ਦੂਜੇ ਦੇ ਸੰਪਰਕ ’ਚ ਰਹਿਣ ਲਈ ਸਹਿਮਤ ਹੋਏ ਹਨ।

ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮੰਨਿਆ ਕਿ ਪੱਛਮੀ ਏਸ਼ੀਆ ਸੰਕਟ ਕਰ ਕੇ ਹਾਲਾਤ ਲਗਾਤਾਰ ਬਦਲ ਰਹੇ ਹਨ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਕਿਸੇ ਵੀ ਸੰਭਾਵੀ ਸਥਿਤੀ ਦੇ ਟਾਕਰੇ ਲਈ ਤਿਆਰ ਰਹਿਣ। ਉਨ੍ਹਾਂ ਪੱਛਮੀ ਏਸ਼ੀਆ ਜੰਗ ਦੇ ਸੰਭਾਵੀ ਸਿੱਟਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਅਧਿਕਾਰਾਂ ਵਾਲੇ ਸੱਤ ਸਮੂਹ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਰਾਜਾਂ ਨੂੰ ਇਸ ਸੰਕਟ ਤੋਂ ਬਚਣ ਲਈ ‘ਟੀਮ ਇੰਡੀਆ’ ਪਹੁੰਚ ਤਹਿਤ ਕੇਂਦਰ ਨਾਲ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ ਹੈ। ਇਸ ਦੌਰਾਨ ਸਰਕਾਰ ਨੇ ਪੱਛਮੀ ਏਸ਼ੀਆ ਸੰਕਟ ਬਾਰੇ ਚਰਚਾ ਲਈ ਬੁੱਧਵਾਰ ਸ਼ਾਮੀਂ ਪੰਜ ਵਜੇ ਸਰਬ ਪਾਰਟੀ ਮੀਟਿੰਗ ਸੱਦੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਬੈਠਕ ਦੀ ਅਗਵਾਈ ਕਰਨਗੇ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਕੇਰਲਾ ਵਿੱਚ ਪਹਿਲਾਂ ਤੋਂ ਨਿਰਧਾਰਿਤ ਪ੍ਰੋਗਰਾਮ ਕਰ ਕੇ ਸਰਬ ਪਾਰਟੀ ਮੀਟਿੰਗ ’ਚ ਸ਼ਾਮਲ ਨਹੀਂ ਹੋਣਗੇ।

ਪ੍ਰਧਾਨ ਮੰਤਰੀ ਨੇ ਰਾਜ ਸਭਾ ’ਚ ਦਿੱਤੇ ਬਿਆਨ ਵਿੱਚ ਜੰਗ ਦੇ ਗੰਭੀਰ ਸਿੱਟਿਆਂ ਵੱਲ ਇਸ਼ਾਰਾ ਕਰਦਿਆਂ ਕੋਵਿਡ-19 ਦੌਰਾਨ ਦੇਸ਼ ਦੀ ਪ੍ਰਤੀਕਿਰਿਆ ਨੂੰ ਯਾਦ ਕੀਤਾ, ਜਦੋਂ ਮਾਹਿਰਾਂ ਦੀ ਅਗਵਾਈ ਵਾਲੇ ਸਮੂਹ ਨੇ ਚੁਣੌਤੀਆਂ ਨਾਲ ਨਜਿੱਠਣ ’ਚ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਸੱਤ ਸਮੂਹ ਈਂਧਣ, ਖਾਦਾਂ, ਗੈਸ, ਸਪਲਾਈ ਚੇਨਾਂ ਤੇ ਮਹਿੰਗਾਈ ਬਾਰੇ ਵੀ ਰਣਨੀਤੀਆਂ ਤਿਆਰ ਕਰਨਗੇ। ਪ੍ਰਧਾਨ ਮੰਤਰੀ ਨੇ ਸ਼ਰਾਰਤੀ ਅਨਸਰਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਇਸ ਸੰਕਟ ਦਾ ਲਾਹਾ ਲੈਣ ਦੀ ਕੋਸ਼ਿਸ਼ ਨਾ ਕਰਨ। ਉਨ੍ਹਾਂ ਸੂਬਾਂ ਸਰਕਾਰਾਂ ਨੂੰ ਕਾਲਾਬਾਜ਼ਾਰੀ ਤੇ ਜਮ ?ਹਾਂਖੋਰੀ ’ਤੇ ਰੋਕ ਲਾਉਣ ਲਈ ਕਿਹਾ। ਉਨ੍ਹਾਂ ਯਕੀਨ ਦਿਵਾਇਆ ਕਿ ਖਾੜੀ ਮੁਲਕਾਂ ’ਚ ਰਹਿ ਰਹੇ ਇਕ ਕਰੋੜ ਭਾਰਤੀਆਂ ਦੀ ਜ਼ਿੰਦਗੀ ਤੇ ਰੋਜ਼ੀ-ਰੋਟੀ ਦੀ ਸੁਰੱਖਿਆ ਭਾਰਤ ਲਈ ਵੱਡਾ ਮਸਲਾ ਹੈ।

# ਟਰੰਪ ਦੇ ਸ਼ਾਂਤੀ ਦਾਅਵੇ ਵਿਚਾਲੇ ਇਰਾਨ ਨੇ ਦਾ.ਗੀਆਂ ਮਿਜ਼ਾਈਲਾਂ!

## ਇਜ਼ਰਾਈਲ ਤੇ ਸਾਊਦੀ ਨੂੰ ਬਣਾਇਆ ਨਿਸ਼ਾਨਾ

ਮਿਡਲ ਈਸਟ ’ਚ ਜੰਗ ਦੇ ਬੱਦਲ ਹੋਰ ਸੰਘਣੇ ਹੁੰਦੇ ਜਾ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਨਾਲ ਗੱਲਬਾਤ ਹੋਣ ਅਤੇ ਹਮਲਿਆਂ ’ਤੇ 5 ਦਿਨਾਂ ਦੀ ਰੋਕ ਲਗਾਉਣ ਦੇ ਐਲਾਨ ਦੇ ਬਾਵਜੂਦੇ ਇਰਾਨ ਨੇ ਇਜ਼ਰਾਈਲ ਅਤੇ ਖਾੜੀ ਦੇਸ਼ਾਂ ’ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਭਿਆਨਕ ਹਮਲਾ ਕਰ ਦਿੱਤਾ ਹੈ। ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਦਾਅਵਾ ਕੀਤਾ ਸੀ ਕਿ ਅਮਰੀਕਾ ਅਤੇ ਇਰਾਨ ਵਿਚਕਾਰ ਦੁਸ਼ਮਣੀ ਖ਼ਤਮ ਕਰਨ ਲਈ ਬਹੁਤ ਵਧੀਆ ਗੱਲਬਾਤ ਚੱਲ ਰਹੀ ਹੈ। ਇਸ ਕਾਰਨ ਉਨ੍ਹਾਂ ਨੇ ਇਰਾਨ ਦੇ ਪਾਵਰ ਪਲਾਂਟਾਂ ’ਤੇ ਹੋਣ ਵਾਲੇ ਹਮਲਿਆਂ ਨੂੰ 5 ਦਿਨਾਂ ਲਈ ਟਾਲ ਦਿੱਤਾ ਸੀ। ਹਾਲਾਂਕਿ, ਇਰਾਨ ਨੇ ਇਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਇਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਕਾਲੀਬਾਫ਼ ਨੇ ਇਸ ਨੂੰ ‘ਫੇਕ ਨਿਊਜ਼’ ਦੱਸਦਿਆਂ ਕਿਹਾ ਕਿ ਅਮਰੀਕਾ ਤੇਲ ਬਾਜ਼ਾਰਾਂ ਵਿੱਚ ਹੇਰਾਫੇਰੀ ਕਰਨ ਲਈ ਅਜਿਹੀਆਂ ਗੱਲਾਂ ਕਰ ਰਿਹਾ ਹੈ।

ਇਰਾਨ ਨੇ ਇਜ਼ਰਾਈਲ ’ਤੇ ਇਕ ਤੋਂ ਬਾਅਦ ਇਕ ਕਈ ਮਿਜ਼ਾਈਲਾਂ ਦਾਗੀਆਂ, ਜਿਨ੍ਹਾਂ ਦੇ ਧਮਾਕੇ ਦੀ ਆਵਾਜ਼ ਉੱਤਰੀ ਇਜ਼ਰਾਈਲ ਅਤੇ



ਯੇਰੂਸ਼ਲਮ ਦੇ ਕਈ ਇਲਾਕਿਆਂ ’ਚ ਸੁਣੀ ਗਈ। ਸਾਊਦੀ ਅਰਬ ਨੇ ਵੀ ਇਰਾਨ ਦੇ 19 ਡਰੋਨਾਂ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ ਹੈ, ਜਦਕਿ ਕੁਵੈਤ ਵਿੱਚ ਵੀ ਮਿਜ਼ਾਈਲ ਦੇ ਮਲਬੇ ਕਾਰਨ ਬਿਜਲੀ ਗੁੱਲ ਹੋਣ ਦੀਆਂ ਰਿਪੋਰਟਾਂ ਹਨ।

ਇਸੇ ਵਿਚਾਲੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸਾਫ਼ ਕਰ ਦਿੱਤਾ ਹੈ ਕਿ ਇਜ਼ਰਾਈਲ ਆਪਣੇ ਹਮਲੇ ਨਹੀਂ ਰੋਕੇਗਾ। ਉਨ੍ਹਾਂ ਕਿਹਾ, ‘ਅਜੇ ਹੋਰ ਹਮਲੇ ਹੋਣੇ ਬਾਕੀ ਹਨ।’ ਟਰੰਪ ਦੇ ਸ਼ਾਂਤੀ ਦੇ ਐਲਾਨ ਤੋਂ ਬਾਅਦ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਹੇਠਾਂ ਆ ਗਈਆਂ ਸਨ, ਪਰ ਇਰਾਨ ਵੱਲੋਂ ਗੱਲਬਾਤ ਤੋਂ ਇਨਕਾਰ ਕਰਨ ਅਤੇ ਤਾਜ਼ਾ ਹਮਲਿਆਂ ਤੋਂ ਬਾਅਦ ਕੀਮਤਾਂ ਮੁੜ 104 ਡਾਲਰ ਦੇ ਪਾਰ ਚਲੀਆਂ ਗਈਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਵੱਲੋਂ ਦਿੱਤੀ ਗਈ 5 ਦਿਨਾਂ ਦੀ ਮੋਹਲਤ ਅਸਲ ਵਿੱਚ ਫ਼ੌਜੀ ਰਣਨੀਤੀ ਹੋ ਸਕਦੀ ਹੈ। ਇਸ ਸਮੇਂ ਦੌਰਾਨ ਹਜ਼ਾਰਾਂ ਅਮਰੀਕੀ ਮਰੀਨ ਫ਼ੌਜੀ ਖਾੜੀ ਖੇਤਰ ਵੱਲ ਵੱਧ ਰਹੇ ਹਨ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਅਮਰੀਕਾ ਇਰਾਨ ਦੇ ਮਹੱਤਵਪੂਰਨ ‘ਖਾਰਗ ਟਾਪੂ’ ’ਤੇ ਕਬਜ਼ਾ ਕਰਨ ਦੀ ਤਿਆਰੀ ਕਰ ਰਿਹਾ ਹੈ।

# ਅਮਨ-ਕਾਨੂੰਨ ਬਣਾਈ ਰੱਖਣ ਦੀ ਵੱਡੀ ਚੁਣੌਤੀ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੁਆਰਾ ਸੂਬੇ 'ਚ ਅਮਨ-ਸ਼ਾਂਤੀ ਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਦਿੱਤੇ ਨਿਰਦੇਸ਼ਾਂ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਕਾਫ਼ੀ ਹੱਦ ਤੱਕ ਸੁਚੇਤ ਹੋਇਆ ਹੈ। ਇਸੇ ਦੇ ਚਲਦੇ ਇਕ ਪਾਸੇ ਪੁਲਿਸ ਨੇ ਚੰਡੀਗੜ੍ਹ ਵਿਚ ਪ੍ਰਾਪਟੀ ਡੀਲਰ ਹੱਤਿਆ ਕਾਂਡ ਵਿਚ ਸ਼ਾਮਿਲ ਦੋ ਖ਼ਤਰਨਾਕ ਗੈਂਗਸਟਰਾਂ ਨੂੰ ਇਕ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕਰਨ 'ਚ ਕਾਮਯਾਬੀ ਹਾਸਿਲ ਕਰਨ ਦੇ ਨਾਲ ਹੀ ਫਗਵਾੜਾ 'ਚ ਇਕ ਮਠਿਆਈ ਦੀ ਦੁਕਾਨ 'ਤੇ ਗੋਲੀਆਂ ਚਲਾਉਣ ਵਾਲੇ ਦੋ ਸ਼ੂਟਰ ਵੀ ਕਾਬੂ ਕੀਤਾ ਹਨ। ਪਰ ਇਸ ਸਭ ਦੇ ਬਾਵਜੂਦ ਸੂਬੇ 'ਚ ਲਗਾਤਾਰ ਗੋਲੀਬਾਰੀ ਦੀਆਂ ਵਧ ਰਹੀਆਂ ਵਾਰਦਾਤਾਂ, ਗੈਂਗਸਟਰਾਂ ਦੁਆਰਾ ਫਿਰੌਤੀ ਮੰਗਣ ਤੇ ਧਮਕੀਆਂ ਦੇਣ ਦੀਆਂ ਘਟਨਾਵਾਂ ਨੇ ਸੂਬੇ 'ਚ ਡਰ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਇਸੇ ਦਾ ਨਤੀਜਾ ਹੈ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਖੇਤਰ 'ਚ ਗੈਂਗਸਟਰਾਂ ਵਲੋਂ ਗੈਂਗਵਾਰ ਦੇ ਚਲਦੇ ਦਿਨ-ਦਿਹਾੜੇ ਇਕ ਨੌਜਵਾਨ ਕਾਰੋਬਾਰੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਘਟਨਾ ਨੇ ਸੂਬੇ ਦੀ ਕਾਨੂੰਨ-ਵਿਵਸਥਾ ਲਈ ਪੈਦਾ ਹੋ ਰਹੇ ਸੰਕਟ ਨੂੰ ਹੋਰ ਵਧਾ ਦਿੱਤਾ ਹੈ।

ਹਮਲਾਵਰਾਂ ਵਲੋਂ ਮਾਰੇ ਗਏ ਕਾਰੋਬਾਰੀ ਨੂੰ ਚੁਫੇਰਿਓਂ ਘੇਰ ਕੇ ਉਸ ਨੂੰ ਅੱਧੀ ਦਰਜਨ ਗੋਲੀਆਂ ਮਾਰਨ ਤੋਂ ਸਾਫ਼ ਹੋ ਜਾਂਦਾ ਹੈ ਕਿ ਅਪਰਾਧੀਆਂ ਦੇ ਹੌਂਸਲੇ ਕਿੰਨੇ ਵਧ ਚੁੱਕੇ ਹਨ। ਇਸ ਹਮਲੇ ਲਈ ਬਹੁਚਰਚਿਤ ਗੋਲਡੀ ਬਰਾੜ ਗੈਂਗ ਦੇ ਲੱਕੀ ਪਟਿਆਲ ਵਲੋਂ ਜ਼ਿੰਮੇਵਾਰੀ ਲੈਣ ਨੇ ਸੂਬੇ ਬਾਰੇ ਚਿੰਤਤ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਚੰਡੀਗੜ੍ਹ ਖੇਤਰ 'ਚ ਇਹ ਅਜਿਹੀ ਦੂਸਰੀ ਘਟਨਾ ਹੈ। ਸੂਬੇ 'ਚ ਇਕ ਮਹੀਨੇ ਦੌਰਾਨ 3-3 ਸਰਪੰਚਾਂ ਦੀ ਸ਼ਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਹਾਲਾਤ ਬੇਹੱਦ ਵਿਗੜ ਰਹੇ ਹਨ ਕਿਉਂਕਿ ਮਾਰੇ ਗਏ ਤਿੰਨੋਂ ਸਰਪੰਚ ਸੱਤਾਧਾਰੀ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਤੇ ਵੱਡੀ ਪਹੁੰਚ ਵਾਲੇ ਦੱਸੇ ਜਾਂਦੇ ਹਨ। ਪੁਲਿਸ ਅਜੇ ਤੱਕ ਇਨ੍ਹਾਂ ਤਿੰਨਾਂ ਹੀ ਮਾਮਲਿਆਂ ਨੂੰ ਕਿਸੇ ਵੀ ਅੰਜਾਮ ਤੱਕ ਨਹੀਂ ਪਹੁੰਚਾ ਸਕੀ।

ਕੁਝ ਸਮਾਂ ਪਹਿਲਾਂ ਜਲੰਧਰ ਦੇ ਮਾਡਲ ਟਾਊਨ 'ਚ ਇਕ ਪ੍ਰਾਪਰਟੀ ਕਾਰੋਬਾਰੀ ਲੱਕੀ ਉਬਰਾਏ ਦੀ ਵੀ ਇਸੇ ਤਰ੍ਹਾਂ ਭੀੜ-ਭਾੜ ਵਾਲੇ ਇਲਾਕੇ 'ਚ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਅਤੇ ਪੁਲਿਸ ਇਸ ਮਾਮਲੇ 'ਚ ਸ਼ਾਮਿਲ ਅਪਰਾਧੀਆਂ ਬਾਰੇ ਅਜੇ ਤੱਕ ਕੋਈ ਪਤਾ ਨਹੀਂ ਲਗਾ ਸਕੀ ਹੈ। ਸੂਬੇ 'ਚ ਗੈਂਗਸਟਰਾਂ ਵਲੋਂ ਅਮੀਰ ਲੋਕਾਂ ਨੂੰ ਹੱਤਿਆ ਦੀਆਂ ਧਮਕੀਆਂ ਦੇ ਕੇ ਫਿਰੌਤੀਆਂ ਮੰਗਣ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਇਸੇ ਤਰ੍ਹਾਂ ਪੰਜਾਬੀ ਸਿਨੇਮਾ ਦੇ ਇਕ ਨਾਮਵਰ ਅਦਾਕਾਰ ਨੂੰ ਫਿਰੌਤੀ ਨਾ ਦੇਣ 'ਤੇ ਮਾਰ ਦੇਣ ਦੀ ਧਮਕੀ ਮਿਲੀ ਸੀ, ਜਦਕਿ ਗੁਰਦਾਸਪੁਰ ਦੇ ਇਕ ਪਰਿਵਾਰ ਨੂੰ ਬੰਧੀ ਬਣਾ ਕੇ ਕਰੋੜਾਂ ਦੇ ਗਹਿਣੇ ਤੇ ਨਕਦੀ ਲੁੱਟ ਲੈਣ ਦੀ ਘਟਨਾ ਨੇ ਸੂਬੇ ਦੀ ਕਾਨੂੰਨ-ਵਿਵਸਥਾ ਨੂੰ ਮੁੜ ਦਾਗ਼ਦਾਰ ਕੀਤਾ ਹੈ। ਸੂਬੇ 'ਚ ਗਹਿਣਿਆਂ ਦੇ ਕਾਰੋਬਾਰੀਆਂ ਨਾਲ ਲੁੱਟਖੋਹ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ, ਸੂਬੇ 'ਚ ਝਪਟਮਾਰੀ ਵੀ ਆਮ ਵਰਤਾਰਾ ਹੋ ਚੁੱਕਾ ਹੈ। ਲੁਟੇਰਿਆਂ ਦੇ ਹੌਂਸਲੇ ਇਸ ਹੱਦ ਤੱਕ ਵਧ ਚੁੱਕੇ ਹਨ ਕਿ ਉਹ ਘਰਾਂ ਦੇ ਬਾਹਰ ਬੈਠੀਆਂ ਜਾਂ ਕਿਤੇ ਜਾ ਰਹੀਆਂ ਔਰਤਾਂ ਦੀਆਂ ਵਾਲੀਆਂ ਜਾਂ ਅੰਗੂਠੀਆਂ ਝਪਟਣ ਤੋਂ ਬਿਲਕੁਲ ਨਹੀਂ ਡਰਦੇ। ਅਪਰਾਧੀ ਤੱਤ ਲੁੱਟ-ਖੋਹ ਕਰਨ ਉਪਰੰਤ ਅਕਸਰ ਲੋਕਾਂ ਨੂੰ ਜ਼ਖ਼ਮੀ ਵੀ ਕਰ ਦਿੰਦੇ ਹਨ। ਰਾਤ ਸਮੇਂ ਕੰਮ ਕਰਨ ਵਾਲਿਆਂ ਨੂੰ ਵੀ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੀ ਸਥਿਤੀ ਸਮਾਜ ਲਈ ਬਿਲਕੁੱਲ ਵੀ ਠੀਕ ਨਹੀਂ ਹੈ। ਸੂਬੇ 'ਚ ਅਪਰਾਧਿਕ ਅੰਕੜੇ ਅਜਿਹੇ ਹਨ ਕਿ ਪਿਛਲੇ 6 ਮਹੀਨਿਆਂ ਦੌਰਾਨ 15 ਥਾਵਾਂ 'ਤੇ ਗੋਲੀਆਂ ਚੱਲ ਚੁੱਕੀਆਂ ਹਨ। ਭਾਵੇਂ 29 ਗੈਂਗਸਟਰ ਫੜੇ ਵੀ ਜਾ ਚੁੱਕੇ ਹਨ ਪਰ 64 ਅਜੇ ਵੀ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਕਈ ਵਾਰ ਦੂਜੇ ਸੂਬਿਆਂ ਦੇ ਗੈਂਗਸਟਰ ਵੀ ਮੌਕਾ ਦੇਖ ਕੇ ਵਾਰਦਾਤਾਂ ਕਰ ਜਾਂਦੇ ਹਨ। ਪੁਲਿਸ ਖ਼ੁਦ ਸਵੀਕਾਰ ਕਰ ਚੁੱਕੀ ਹੈ ਕਿ ਸੂਬੇ 'ਚ 7 ਗੈਂਗਸਟਰ ਗਰੋਹ ਸਰਗਰਮ ਹਨ, ਜੋ ਬੇਹੱਦ ਚਿੰਤਾਜਨਕ ਹੈ।

ਅਸੀਂ ਸਮਝਦੇ ਹਾਂ ਕਿ ਅਜਿਹੀ ਸਥਿਤੀ ਕਿਸੇ ਵੀ ਦੇਸ਼ ਜਾਂ ਸੂਬੇ ਦੇ ਹਿੱਤ 'ਚ ਨਹੀਂ ਹੈ। ਭਾਵੇਂ ਪੰਜਾਬ ਸਰਕਾਰ ਵਲੋਂ ਸੂਬੇ ਦੇ ਮੌਜੂਦਾ ਹਾਲਾਤ ਨੂੰ ਬਦਲਣ ਲਈ ਕਈ ਕਾਰਗਰ ਕਦਮ ਉਠਾਏ ਗਏ ਹਨ। ਪੁਲਿਸ ਵਿਭਾਗ ਦੁਆਰਾ ਜਾਰੀ ਸੂਚੀ ਅਨੁਸਾਰ ਵੱਡੀ ਗਿਣਤੀ 'ਚ ਗੈਂਗਸਟਰਾਂ ਨੂੰ ਫੜ ਕੇ ਕਾਨੂੰਨ ਦੇ ਸ਼ਿਕੰਜੇ 'ਚ ਲਿਆਂਦਾ ਗਿਆ ਹੈ। ਕਾਨੂੰਨ ਨੂੰ ਚੁਣੌਤੀ ਦੇਣ ਵਾਲੇ ਗੈਂਗਸਟਰਾਂ ਤੇ ਕਈ ਅਪਰਾਧੀਆਂ ਨੂੰ ਪੁਲਿਸ ਮੁਕਾਬਲਿਆਂ ਦੌਰਾਨ ਮਾਰੇ ਜਾਣ ਦਾ ਦਾਅਵਾ ਵੀ ਕੀਤਾ ਹੈ। ਸਰਕਾਰ ਦੇ ਯਤਨਾਂ ਨਾਲ ਵੱਡੀ ਗਿਣਤੀ 'ਚ ਨਸ਼ੇੜੀਆਂ ਤੇ ਨਸ਼ਾ ਤਸਕਰਾਂ ਨੂੰ ਫੜਿਆ ਗਿਆ ਹੈ, ਪਰ ਇਨ੍ਹਾਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਵੀ ਜੇ ਹਿੰਸਾ, ਹੱਤਿਆਵਾਂ ਤੇ ਗੈਂਗਵਾਰ ਜਿਹੀਆਂ ਘਟਨਾਵਾਂ ਨਿਰੰਤਰ ਜਾਰੀ ਹਨ ਤਾਂ ਸਮਝਣਾ ਹੋਵੇਗਾ ਕਿ ਸਰਕਾਰ ਤੇ ਪ੍ਰਸ਼ਾਸਨ ਨੂੰ ਹੋਰ ਜ਼ਿਆਦਾ ਸਖ਼ਤੀ ਵਰਤਣ ਦੀ ਲੋੜ ਹੈ। ਕਦੇ ਕਿਹਾ ਜਾਂਦਾ ਸੀ ਕਿ ਅਪਰਾਧੀ ਕਾਨੂੰਨ ਦੇ ਲੰਬੇ ਹੱਥਾਂ ਤੋਂ ਬਚ ਨਹੀਂ ਸਕਦੇ, ਪਰ ਮੌਜੂਦਾ ਹਾਲਾਤ ਵਿਚ ਅਪਰਾਧੀਆਂ ਦੇ ਹੱਥ ਕਾਨੂੰਨ ਨਾਲੋਂ ਵੀ ਲੰਬੇ ਹੋ ਗਏ ਜਾਪਦੇ ਹਨ।

ਇਸ ਲਈ ਅਸੀਂ ਸਮਝਦੇ ਹਾਂ ਕਿ ਜੇਕਰ ਸੂਬਾ ਸਰਕਾਰ ਤੇ ਪੁਲਿਸ ਤੰਤਰ ਨੇ ਅਪਰਾਧੀ ਤੱਤਾਂ ਨੂੰ ਨੱਥ ਪਾਉਣੀ ਹੈ ਤਾਂ ਉਨ੍ਹਾਂ ਨੂੰ ਆਪਣੇ ਹੱਥਾਂ ਹੋਰ ਵੀ ਲੰਬੇ ਕਰਨੇ ਪੈਣਗੇ। ਪੁਲਿਸ ਨੂੰ ਸਖ਼ਤ ਫ਼ੈਸਲੇ ਲੈਂਦਿਆ ਅਜਿਹੀ ਕਾਰਗੁਜ਼ਾਰੀ ਦਿਖਾਉਣੀ ਹੋਵੇਗੀ ਕਿ ਅਪਰਾਧੀਆਂ ਨੂੰ ਕੁਝ ਵੀ ਗ਼ਲਤ ਕਰਨ ਤੋਂ ਡਰ ਲੱਗੇ। ਅਜਿਹਾ ਕਰਕੇ ਹੀ ਪੰਜਾਬ ਦੇ ਮੁੱਖ ਮੰਤਰੀ ਆਪਣੇ ਦਾਅਵਿਆਂ ਅਨੁਸਾਰ ਸਹੀ ਰੂਪ 'ਚ ਕਾਨੂੰਨ ਵਿਵਸਥਾ ਨੂੰ ਯਕੀਨੀ ਬਣਾ ਸਕਦੇ ਹਨ।

# ਜਲ ਦੀ ਰੱਖਿਆ-ਭਵਿੱਖ ਦੀ ਸੁਰੱਖਿਆ



ਸਨਅਤੀ ਅਦਾਰੇ ਗੰਧਲਾ ਤੇ ਜ਼ਹਿਰੀਲਾ ਪਾਣੀ ਨਜ਼ਦੀਕ ਲੱਗਦੇ ਪਾਣੀ ਦੇ ਸੋਮਿਆਂ ਵਿਚ ਮਿਲਾ ਕੇ ਵਾਤਾਵਰਨ ਸੰਤੁਲਨ ਵਿਗਾੜ ਰਹੇ ਹਨ। ਅਜੋਕੇ ਉਦਯੋਗੀਕਰਨ ਦੇ ਦੌਰ ਵਿਚ ਪਾਣੀ ਪ੍ਰਦੂਸ਼ਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਸਾਡੇ ਕਾਰਖਾਨੇ ਅਤੇ ਫੈਕਟਰੀਆਂ ਹਨ।

ਮਨੁੱਖੀ ਜੀਵਨ ਵਿਚ ਪਾਣੀ ਦੀ ਮਹੱਤਤਾ ਨੂੰ ਦੇਖਦੇ ਹੋਏ 22 ਮਾਰਚ ਦਾ ਦਿਨ 'ਵਿਸ਼ਵ ਜਲ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਵਿਚ ਪਾਸ ਮਤੇ ਅਨੁਸਾਰ ਪਹਿਲੀ ਵਾਰ 22 ਮਾਰਚ 1993 ਨੂੰ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਜਿਸ ਦਾ ਉਦੇਸ਼ ਤਾਜ਼ੇ ਪਾਣੀ ਦੀ ਮਹੱਤਤਾ ਨੂੰ ਉਜਾਗਰ ਕਰਨਾ ਅਤੇ ਜਲ ਸਰੋਤਾਂ ਦੀ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਸਾਲ 2026 ਦੇ 'ਵਿਸ਼ਵ ਜਲ ਦਿਵਸ' ਦਾ ਥੀਮ 'ਪਾਣੀ ਅਤੇ ਲਿੰਗ ਸਮਾਨਤਾ' ਹੈ ਜਿਸ ਦਾ ਨਾਅਰਾ ਹੈ 'ਜਿੱਥੇ ਪਾਣੀ ਵਗਦਾ ਹੈ, ਉੱਥੇ ਸਮਾਨਤਾ ਵੀ ਵਧਦੀ ਹੈ।'

ਪਿਛਲੇ 33 ਸਾਲਾਂ ਤੋਂ ਮਨਾਏ ਜਾ ਰਹੇ ਇਸ ਦਿਵਸ ਦੇ ਬਾਵਜੂਦ ਜਲ ਸੰਕਟ ਪੂਰੇ ਵਿਸ਼ਵ 'ਚ ਗੰਭੀਰ ਰੂਪ ਧਾਰਨ ਕਰਦਾ ਜਾ ਰਿਹਾ ਹੈ। ਸੰਸਾਰ 'ਚ 220 ਕਰੋੜ ਲੋਕਾਂ ਨੂੰ ਅੱਜ ਵੀ ਸ਼ੁੱਧ ਪਾਣੀ ਉਪਲਬਧ ਨਹੀਂ ਹੈ। ਸਾਡੇ ਦੇਸ਼ ਦੇ ਸਭ ਤੋਂ ਸਵੱਛ ਸ਼ਹਿਰ ਇੰਦੌਰ ਵਿਚ ਜਲ ਸੰਕਟ ਕਾਰਨ ਜੋ ਕੁਝ ਪਿੱਛੇ ਜਿਹੇ ਵਾਪਰਿਆ, ਉਹ ਸਭ ਦੇ ਸਾਹਮਣੇ ਹੈ। ਮਨੁੱਖ ਦੀ ਮੁੱਢਲੀ ਜ਼ਰੂਰਤ ਪਾਣੀ ਦਾ ਸੰਕਟ ਦੇਸ਼ ਵਿਚ ਇੰਨਾ ਗੰਭੀਰ ਹੋ ਚੁੱਕਾ ਹੈ ਕਿ ਹੁਣ ਸਿਰਫ਼ ਗੱਲਾਂ ਕਰਨ ਨਾਲ ਜਾਂ ਸੋਸ਼ਲ ਮੀਡੀਆ 'ਤੇ ਚਿੰਤਾ ਪ੍ਰਗਟ ਕਰਨ ਨਾਲ ਇਹ ਹੱਲ ਹੋਣ ਵਾਲਾ ਨਹੀਂ।

ਇਸ ਸੰਕਟ ਨੂੰ ਹੁਣ ਸਿਰਫ਼ ਸਰਕਾਰ ਦੇ ਭਰੋਸੇ ਵੀ ਨਹੀਂ ਛੱਡਿਆ ਜਾ ਸਕਦਾ। ਇਸ ਲਈ ਇਕ ਬਹੁਤ ਵੱਡੀ ਲੋਕ ਲਹਿਰ ਖੜ੍ਹੀ ਕਰਨ ਦੀ ਲੋੜ ਹੈ। ਇਸ ਸਬੰਧੀ ਸਮਾਜ ਨੂੰ ਵੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਪਵੇਗਾ। ਪਾਣੀ ਦਾ ਵਧਦਾ ਪ੍ਰਦੂਸ਼ਣ, ਪਾਣੀ ਦੇ ਪੱਧਰ ਦਾ ਲਗਾਤਾਰ ਤੇਜ਼ੀ ਨਾਲ ਨੀਵਾਂ ਜਾਣਾ ਅਤੇ ਬਰਸਾਤੀ ਪਾਣੀ ਦਾ ਠੋਸ ਪ੍ਰਬੰਧਨ ਨਾ ਹੋਣ ਕਾਰਨ ਸਥਿਤੀ ਬੇਹੱਦ ਚਿੰਤਾਜਨਕ ਬਣ ਚੁੱਕੀ ਹੈ। ਇਸ ਸੰਕਟ ਦੇ ਹੱਲ ਲਈ ਸੰਜੀਦਗੀ ਨਾਲ ਕੰਮ ਕਰਨਾ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ, ਕਿਉਂਕਿ ਜਲ ਤੋ ਬਿਨਾਂ ਜਲਵਾਯੂ ਦੀ ਗੱਲ ਸੰਭਵ ਹੀ ਨਹੀਂ।

ਕੁਦਰਤ ਵੱਲੋਂ ਦਿੱਤੇ ਤੋਹਫ਼ਿਆਂ 'ਚੋਂ ਪਾਣੀ ਇਕ ਅਨਮੋਲ ਤੋਹਫ਼ਾ ਹੈ ਜੋ ਪੂਰੀ ਸ੍ਰਿਸ਼ਟੀ ਲਈ ਕੁਦਰਤ ਦਾ ਇਕ ਅਜਿਹਾ ਵਰਦਾਨ ਹੈ ਜਿਸ ਬਿਨਾਂ ਜੀਵ-ਜੰਤੂਆਂ ਅਤੇ ਬਨਸਪਤੀ ਦਾ ਜ਼ਿੰਦਾ ਰਹਿਣਾ ਅਸੰਭਵ ਹੈ। ਅੱਜ ਤੋਂ ਸੈਂਕੜੇ ਸਾਲ ਪਹਿਲਾਂ ਵਿਗਿਆਨਕ ਸੋਚ ਵਾਲੇ ਮਹਾਨ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦੇ ਇਸ ਅਨਮੋਲ ਤੋਹਫ਼ੇ ਦੀ ਅਹਿਮੀਅਤ ਬਾਰੇ ਸਾਨੂੰ ਜਾਗਰੂਕ ਕਰ ਕੀਤਾ ਸੀ। ਉਨ੍ਹਾਂ ਨੇ- ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।। ਦਾ ਸੰਦੇਸ਼ ਦੇ ਕੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ। ਜੇ ਜੀਵਨ ਦੀ ਉਤਪਤੀ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਦੀ ਸ਼ੁਰੂਆਤ ਪਾਣੀ 'ਚ ਹੀ ਹੋਈ ਮੰਨੀ ਜਾਂਦੀ ਹੈ। ਅੱਜ ਵੀ ਮਨੁੱਖੀ ਸਰੀਰ ਦਾ 70 ਪ੍ਰਤੀਸ਼ਤ ਭਾਗ ਪਾਣੀ ਹੀ ਹੈ।

ਪਾਣੀ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪਾਣੀ ਸਮਾਜਿਕ ਤੇ ਸੱਭਿਆਚਾਰਕ ਤਰੱਕੀ, ਵਾਤਾਵਰਨ ਤੇ ਕੁਦਰਤ ਦਾ ਸੰਤੁਲਨ, ਦੇਸ਼ ਦੀ ਆਰਥਿਕਤਾ ਦੀ ਮਜ਼ਬੂਤੀ ਤੇ ਤੰਦਰੁਸਤ ਮਾਨਸਿਕਤਾ ਦਾ ਆਧਾਰ ਹੈ। ਪਾਣੀ ਦੀ ਇੰਨੀ ਵੱਡੀ ਮਹੱਤਤਾ ਹੋਣ ਦੇ ਬਾਵਜੂਦ ਇਸ ਅਨਮੋਲ ਕੁਦਰਤੀ ਤੋਹਫ਼ੇ ਦੀ ਬੇਸਮਝੀ ਤੇ ਬੇਕਦਰੀ ਨਾਲ ਕੀਤੀ ਜਾ ਰਹੀ ਵਰਤੋਂ ਨਾਲ ਜਿੱਥੇ ਪਾਣੀ ਦੀ ਭਾਰੀ ਕਮੀ ਮਹਿਸੂਸ ਹੋ ਰਹੀ ਹੈ, ਉੱਥੇ ਹੀ ਗੁਣਵੱਤਾ ਦੀ ਘਾਟ ਚਿੰਤਾ ਦਾ ਬਹੁਤ ਵੱਡਾ ਵਿਸ਼ਾ ਬਣ ਚੁੱਕੀ ਹੈ। ਪਾਣੀ ਸਬੰਧੀ ਚਾਹੇ ਸੰਕਟ ਵਿਸ਼ਵ-ਵਿਆਪੀ ਹੈ ਪਰ ਸਾਡੇ ਦੇਸ਼ ਵਿਚ ਕਮਜ਼ੋਰ ਜਲ ਨੀਤੀ ਅਤੇ ਵਰਤੋਂ ਦੇ ਗ਼ਲਤ ਤੌਰ-ਤਰੀਕਿਆਂ ਕਾਰਨ ਪਾਣੀ ਦੀ ਸਥਿਤੀ ਬਦਤਰ ਹੋ ਚੁੱਕੀ ਹੈ। ਸਾਡੇ ਪਾਣੀ ਦੇ ਸੋਮੇ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ। ਮਨੁੱਖ ਕੁਦਰਤੀ ਸਾਧਨਾਂ ਦੀ ਸੰਭਾਲ ਕਰਨ ਦੀ ਥਾਂ ਪਦਾਰਥਵਾਦੀ ਸੋਚ ਕਾਰਨ ਲਾਲਚੀ ਬਣ ਕੇ ਲਾਭ ਕਮਾਉਣ ਵਾਲੇ ਪਾਸੇ ਤੁਰ ਪਏ ਜਿਸ ਕਾਰਨ ਦੇਸ਼ ਦੇ ਦੋ-ਤਿਹਾਈ ਤੋਂ ਵੱਧ ਪਾਣੀ ਦੇ ਸੋਮਿਆਂ ਦੇ ਭੰਡਾਰ ਖ਼ਤਮ ਕਰ ਚੁੱਕੇ ਹਨ।

ਜੇ ਗੱਲ ਕਰੀਏ ਸਾਡੇ ਖੇਤੀ ਪ੍ਰਧਾਨ ਸੂਬੇ ਪੰਜਾਬ ਦੀ, ਜਿਸ ਦਾ ਨਾਂ ਹੀ ਪੰਜ ਦਰਿਆਵਾਂ ਤੋਂ ਪਿਆ ਹੈ ਤੇ ਜਿਸ ਦੀ ਖ਼ੁਸ਼ਹਾਲੀ ਦਾ ਮੁੱਖ ਕਾਰਨ ਵੀ ਇਹ ਪਾਣੀ ਹੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਪਾਣੀ ਦਾ ਅਜਿਹਾ ਗੰਭੀਰ ਸੰਕਟ ਦੇਖ ਕੇ ਲੱਗਦਾ ਹੈ ਕਿ ਜੇ ਹੁਣ ਵੀ ਨਾ ਸੰਭਲੇ ਤਾਂ ਪੰਜਾਬ ਜਲਦ ਹੀ ਰੇਗਿਸਤਾਨ ਬਣ ਜਾਵੇਗਾ। ਪੰਜਾਬ ਵਿਚ ਪਾਣੀ ਦੇ ਸੋਮਿਆਂ ਨੂੰ ਅੱਜ ਦੂਹਰੀ ਮਾਰ ਪੈ ਰਹੀ ਹੈ। ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਬਹੁਤ ਤੇਜ਼ੀ ਨਾਲ ਨੀਵਾਂ ਜਾਣਾ ਅਤੇ ਦੂਸਰਾ, ਮੌਜੂਦਾ ਪਾਣੀ ਵਿਚ ਵਧਦਾ ਪ੍ਰਦੂਸ਼ਣ।

ਖੇਤੀ ਪ੍ਰਧਾਨ ਸੂਬੇ 'ਚ ਪਾਣੀ ਦਾ ਪੱਧਰ ਜਿਸ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ, ਇਸ ਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੋ ਰਿਹਾ ਹੈ। ਇਹ ਮੁਸੀਬਤ ਵੀ ਅਸੀਂ ਖ਼ੁਦ ਹੀ ਪੈਦਾ ਕੀਤੀ ਹੈ ਖੇਤੀ ਸਾਡੀ ਸੰਸਕ੍ਰਿਤੀ ਸੀ ਪਰ ਹੁਣ ਬਾਜ਼ਾਰੀਕਰਨ ਦੇ ਦੌਰ ਵਿਚ ਦਾਖ਼ਲ ਹੋ ਗਏ ਅਤੇ ਬਾਜ਼ਾਰੀ ਫ਼ਸਲਾਂ ਬੀਜਣ ਲੱਗੇ। ਨੱਬੇ ਪ੍ਰਤੀਸ਼ਤ ਤੱਕ ਭੂ-ਜਲ ਖੇਤੀ ਦੇ ਕੰਮ ਆ ਰਿਹਾ ਹੈ ਜਿਸ ਦੀ ਬਦੌਲਤ ਅੱਜ ਤੋਂ 25 ਸਾਲ ਪਹਿਲਾਂ ਮਾਲਵਾ ਖੇਤਰ ਦਾ ਕਿਸਾਨ 35 ਤੋਂ 40 ਫ਼ੁੱਟ ਤੱਕ ਦੇ ਬੋਰ ਤੋਂ ਪਾਣੀ ਲੈ ਕੇ ਖੇਤੀ ਕਰਦੇ ਸਨ ਅਤੇ ਬੋਰ ਦੀ ਲਾਗਤ ਸਿਰਫ਼ 3000 ਤੋਂ 3500 ਰੁਪਏ ਆਉਂਦੀ ਸੀ।

ਅੱਜ ਸਾਧਾਰਨ ਬੋਰ ਦਾ ਪਾਣੀ ਮਿਲਣਾ ਤਾਂ ਇਕ

**-ਡਾ. ਸਤਿੰਦਰ ਸਿੰਘ**

ਸੁਪਨਾ ਹੋ ਗਿਆ ਹੈ। ਹੁਣ ਹਰ ਜ਼ਿਮੀਂਦਾਰ 350 ਤੋਂ 500 ਫ਼ੁੱਟ ਦੇ ਸਬਮਰਸੀਬਲ ਪੰਪ ਲਗਵਾ ਕੇ ਖੇਤੀ ਕਰ ਰਿਹਾ ਹੈ ਜਿਸ ਉੱਤੇ 02 ਲੱਖ ਰੁਪਏ ਤੱਕ ਦਾ ਖ਼ਰਚ ਆਉਂਦਾ ਹੈ। ਇਸ ਨਾਲ ਕਿਸਾਨਾਂ ਦੀ ਆਰਥਿਕਤਾ ਤਰਸਯੋਗ ਹੁੰਦੀ ਜਾ ਰਹੀ ਹੈ। ਕਰਜ਼ੇ ਹੇਠ ਦੱਬਿਆ ਕਿਸਾਨ ਖ਼ੁਦਕੁਸ਼ੀਆਂ ਕਰ ਕੇ ਜੀਵਨ ਲੀਲਾ ਸਮਾਪਤ ਕਰ ਰਿਹਾ ਹੈ। ਪੰਜਾਬ ਵਿਚ 100 ਪ੍ਰਤੀਸ਼ਤ ਹੀ ਭੂਮੀ ਦੀ ਸਿੰਚਾਈ ਹੁੰਦੀ ਹੈ ਪਰ ਦਰਿਆ ਅਤੇ ਨਹਿਰਾਂ ਮੌਜੂਦ ਹੋਣ ਦੇ ਬਾਵਜੂਦ 70 ਪ੍ਰਤੀਸ਼ਤ ਤੋਂ ਵੱਧ ਸਿੰਚਾਈ ਭੂ-ਜਲ ਰਾਹੀਂ ਹੀ ਕੀਤੀ ਜਾਂਦੀ ਹੈ। ਪੰਜਾਬ ਅੰਦਰ 30 ਲੱਖ ਹੈਕਟੇਅਰ ਰਕਬਾ ਝੋਨੇ ਹੇਠ ਹੈ ਜਿਸ ਦੀ ਸਿੰਚਾਈ 11.68 ਲੱਖ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ। ਸੂਬੇ ਅੰਦਰ ਜ਼ਮੀਨਦੋਜ਼ ਪਾਣੀ 145 ਫ਼ੀਸਦੀ ਦੀ ਦਰ ਨਾਲ ਕੱਢਿਆ ਜਾ ਰਿਹਾ ਹੈ ਜੋ ਬੇਹੱਦ ਚਿੰਤਾ ਦਾ ਵਿਸ਼ਾ ਹੈ। ਕੇਂਦਰੀ ਗਰਾਊਂਡ ਵਾਟਰ ਬੋਰਡ ਦੀ ਸਾਲ 2022 ਦੀ ਰਿਪੋਰਟ ਅਨੁਸਾਰ ਸੂਬੇ ਦੇ ਕੁੱਲ 153 ਪ੍ਰਬੰਧਕੀ ਬਲਾਕਾਂ ਵਿੱਚੋਂ 117 ਬਲਾਕ ਅਜਿਹੇ ਹਨ ਜਿੱਥੇ ਖ਼ਤਰੇ ਦੀ ਹੱਦ ਤੋਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਖੇਤੀਬਾੜੀ ਵਿਚ ਕੀਟਨਾਸ਼ਕਾਂ ਅਤੇ ਹੋਰ ਰਸਾਇਣਕ ਖਾਦਾਂ ਦੀ ਲੋੜ ਤੋਂ ਵੱਧ ਹੁੰਦੀ ਵਰਤੋਂ ਕਾਰਨ ਇਹ ਜ਼ਹਿਰੀਲੇ ਤੱਤ ਧਰਤੀ ਹੇਠਲੇ ਪਾਣੀ ਵਿਚ ਪਹੁੰਚ ਚੁੱਕੇ ਹਨ। ਇਸ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਨੇ ਮਾਲਵਾ ਖੇਤਰ 'ਚ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨੂੰ ਜਨਮ ਦਿੱਤਾ ਹੈ।

ਸਨਅਤੀ ਅਦਾਰੇ ਗੰਧਲਾ ਤੇ ਜ਼ਹਿਰੀਲਾ ਪਾਣੀ ਨਜ਼ਦੀਕ ਲੱਗਦੇ ਪਾਣੀ ਦੇ ਸੋਮਿਆਂ ਵਿਚ ਮਿਲਾ ਕੇ ਵਾਤਾਵਰਨ ਸੰਤੁਲਨ ਵਿਗਾੜ ਰਹੇ ਹਨ। ਅਜੋਕੇ ਉਦਯੋਗੀਕਰਨ ਦੇ ਦੌਰ ਵਿਚ ਪਾਣੀ ਪ੍ਰਦੂਸ਼ਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਸਾਡੇ ਕਾਰਖਾਨੇ ਅਤੇ ਫੈਕਟਰੀਆਂ ਹਨ। ਜਦੋਂ ਇਹ ਜ਼ਹਿਰੀਲੇ ਪਦਾਰਥ ਸਾਡੇ ਦਰਿਆਵਾਂ, ਝੀਲਾਂ ਅਤੇ ਹੋਰ ਪਾਣੀ ਦੇ ਸੋਮਿਆਂ 'ਚ ਮਿਲਦੇ ਹਨ ਤਾਂ ਸਭ ਤੋਂ ਵੱਧ ਮਨੁੱਖੀ ਸਿਹਤ ਲਈ ਨੁਕਸਾਨਦੇਹ ਸਾਬਿਤ ਹੁੰਦੇ ਹਨ। ਇਸ ਦੇ ਨਤੀਜੇ ਵਜੋਂ ਪੀਲੀਆ, ਟਾਈਫਾਇਡ, ਹੈਜ਼ਾ, ਹੈਪੇਟਾਈਟਸ, ਅੰਤੜੀ ਰੋਗ, ਹੱਡੀਆਂ ਦੇ ਰੋਗ ਤੇ ਅਨੇਕ ਹੋਰ ਭਿਅੰਕਰ ਬਿਮਾਰੀਆਂ ਮਹਾਮਾਰੀ ਦੇ ਰੂਪ ਵਿਚ ਫੈਲਦੀਆਂ ਹਨ।

ਵਧਦੀ ਆਬਾਦੀ ਅਤੇ ਸ਼ਹਿਰੀਕਰਨ ਨੇ ਵੀ ਪਾਣੀ ਦੇ ਸੋਮਿਆਂ 'ਚ ਪ੍ਰਦੂਸ਼ਣ ਵਿਚ ਬਹੁਤ ਵੱਡਾ ਵਾਧਾ ਕੀਤਾ ਹੈ। ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਧਦੀ ਵਰਤੋਂ ਨੇ ਸੀਵਰੇਜ ਵਿਵਸਥਾ ਤੋਂ ਲੈ ਕੇ ਸਮੁੰਦਰ ਤੱਕ ਤਬਾਹੀ ਮਚਾਈ ਹੋਈ ਹੈ। ਮਨੁੱਖ ਦਾ ਮਲ ਮੂਤਰ, ਸਾਬਣ ਵਾਲਾ ਪਾਣੀ ਅਤੇ ਹੋਰ ਘਰੇਲੂ ਰਹਿੰਦ-ਖੂੰਹਦ ਭਰਪੂਰ ਸੀਵਰੇਜ ਨੂੰ ਸ਼ਹਿਰਾਂ ਤੋਂ ਬਾਹਰ ਲਿਜਾ ਕੇ ਪਾਣੀ ਦੇ ਸੋਮਿਆਂ ਵਿਚ ਮਿਲਾਉਣਾ ਪ੍ਰਚੱਲਿਤ ਸੀਵਰੇਜ ਵਿਵਸਥਾ ਬਣ ਚੁੱਕੀ ਹੈ ਜੋ ਮਨੁੱਖੀ ਸਿਹਤ ਲਈ ਗੰਭੀਰ ਸੰਕਟ ਦਾ ਕਾਰਨ ਬਣ ਰਹੀ ਹੈ।

ਘਰਾਂ 'ਚ ਪਾਣੀ ਦੀ ਬੱਚਤ ਲਈ ਬਹੁਤ ਘੱਟ ਯਤਨ ਕੀਤੇ ਜਾ ਰਹੇ ਹਨ।

ਸਵੇਰੇ ਉੱਠਦੇ ਸਮੇਂ ਦੰਦ ਸਾਫ ਕਰਨ ਤੋਂ ਲੈ ਕੇ ਨਹਾਉਣ ਸਮੇਂ, ਕੱਪੜੇ ਧੋਣ, ਵਾਹਨ ਸਾਫ ਕਰਨ ਅਤੇ ਪਾਣੀ ਸ਼ੁੱਧ ਕਰਨ ਲਈ ਆਰਓ ਦੀ ਹੁੰਦੀ ਵਰਤੋਂ ਨਾਲ ਸੈਂਕੜੇ ਲੀਟਰ ਪਾਣੀ ਹਰ ਘਰ ਵਿਚ ਵਿਅਰਥ ਜਾ ਰਿਹਾ ਹੈ। ਪਾਣੀ ਨੂੰ ਸੋਧਣ ਅਤੇ ਰੀਸਾਈਕਲ ਕਰ ਕੇ ਦੁਬਾਰਾ ਵਰਤੋਂ ਦੇ ਮਾਮਲੇ ਵਿਚ ਦੇਸ਼ ਦੀ ਤਸਵੀਰ ਧੁੰਦਲੀ ਹੈ। ਘਰਾਂ ਵਿਚ ਪਹੁੰਚੇ ਪਾਣੀ ਦਾ 80 ਪ੍ਰਤੀਸ਼ਤ ਭਾਗ ਸੀਵਰ ਵਿਚ ਚਲਾ ਜਾਂਦਾ ਹੈ ਜਦਕਿ ਇਜ਼ਰਾਈਲ ਵਰਗੇ ਦੇਸ਼ 'ਚ 100 ਪ੍ਰਤੀਸ਼ਤ ਪਾਣੀ ਨੂੰ ਸੋਧ ਕੇ 94 ਪ੍ਰਤੀਸ਼ਤ ਦੁਬਾਰਾ ਘਰੇਲੂ ਵਰਤੋਂ ਲਈ ਵਰਤਿਆ ਜਾਂਦਾ ਹੈ। ਮਨੁੱਖੀ ਸਰੀਰ 'ਚ 70 ਪ੍ਰਤੀਸ਼ਤ ਹਿੱਸਾ ਪਾਣੀ ਹੈ, ਸਾਡੇ ਖ਼ੂਨ ਦਾ 90 ਪ੍ਰਤੀਸ਼ਤ ਹਿੱਸਾ ਪਾਣੀ ਹੈ। ਜੇ ਸਰੀਰ ਵਿਚ ਥੋੜ੍ਹੀ ਜਿਹੀ ਪਾਣੀ ਦੀ ਕਮੀ ਹੋ ਜਾਵੇ ਤਾਂ ਸਾਡੀ ਮੌਤ ਤੱਕ ਹੋ ਸਕਦੀ ਹੈ। ਇਸ ਲਈ ਅਸੀਂ ਤੁਰੰਤ ਇਲਾਜ ਕਰਵਾਉਂਦੇ ਹਾਂ।

ਪਾਣੀ ਦੇ ਸੋਮਿਆਂ 'ਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਤੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਬਿਨਾਂ ਕਿਸੇ ਦੇਰੀ ਦੇ ਵਿਸ਼ੇਸ਼ ਯਤਨ ਕੀਤੇ ਜਾਣ ਦੀ ਸਖ਼ਤ ਜ਼ਰੂਰਤ ਹੈ। ਇਸ ਸੰਕਟ ਦੇ ਹੱਲ ਲਈ ਸਮਾਜ ਤੇ ਸਰਕਾਰਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਪਾਣੀ ਦੀ ਬੱਚਤ ਤੇ ਵਰਤੋਂ ਸਬੰਧੀ ਵਿਸ਼ੇਸ਼ ਸਿੱਖਿਆ ਅਤੇ ਟਰੇਨਿੰਗ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ ੩ ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੇ ਸੁਧਾਰ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ, ਖਾਲਸਾ ਜੀ ਬੋਲੋ ਜੀ ਵਾਹਿਗੁਰੂ ੩॥ ਚੌਹਾਂ ਤਖਤਾਂ, ਸਰਬੱਤ ਗੁਰਦੁਆਰਿਆਂ ਗੁਰਧਾਮਾਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ੨। ਪ੍ਰਥਮੈ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿਤ ਆਵੈ ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹ, ਬਿਰਦ ਕੀ ਪੇਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ। ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ ੩॥ ਸਿੱਖਾਂ ਨੂੰ ਸਿੱਖੀ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ ਭਰੋਸਾ ਦਾਨ ਦਾਨਾਂ ਸਿਰ, ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ, ਧਰਮ ਦਾ ਰਾਜ, ਬੋਲੋ ਜੀ ਵਾਹਿਗੁਰੂ ੩। ਸਿਖਾਂ ਦਾ ਮਨ ਨੀਵਾ, ਮਤ ਉਚੀ, ਮਤ ਦਾ ਰਾਖਾ ਆਪ ਵਾਹਿਗੁਰੂ। ਹੇ ਨਿਮਾਣਿਆਂ ਦੇ ਮਾਨ, ਨਿਭਾਣਿਆਂ ਦੇ ਤਾਣ, ਨਿਓਟੀਆਂ ਦੀ ਓਟ, ਸਚੇ ਪਿਤਾ, ਵਾਹਿਗੁਰੂ। ਆਪ ਦੇ ਹਜ਼ੂਰ ਸੋਦਰ ਰਹਿਰਾਸ, ਚੌਪਈ ਆਨੰਦ ਸਾਹਿਬ ਦੀ ਅਰਦਾਸ ਹੈ ਜੀ। ਆਖਰ ਵਾਧਾ ਘਾਟਾ ਭੁਲ ਚੁਕ ਮਾਫ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ।

ਸੋਈ ਪਿਆਰੇ ਮੇਲ, ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।

ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਦੀ ਫਤਹ।

(ਅ) ਅਰਦਾਸ ਹੋਣ ਸਮੇਂ ਸੰਗਤ ਵਿਚ ਹਾਜ਼ਰ ਸਾਰੇ ਇਸਤ੍ਰੀ ਪੁਰਸ਼ਾਂ ਨੂੰ ਖੜ੍ਹਾ ਹੋਣਾ ਚਾਹੀਦਾ ਹੈ। ਸੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਬੈਠਾ ਹੋਵੇ। ਉਹ ਭੀ ਉਠਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਗੁਰੂ ਸਾਹਿਬ ਦੇ ਸਨਮੁਖ ਖੜੋਕੇ ਅਰਦਾਸ ਕਰੇ। ਜੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋਵੇ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੋ, ਪਰਵਾਨ ਹੈ।

(ਸ) ਜਦੋਂ ਕੋਈ ਖਾਸ ਅਰਦਾਸਾ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ ਤਾਂ ਉਨ੍ਹਾਂ ਤੋਂ ਬਿਨਾਂ ਸੰਗਤ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।


੪. ਸਾਧ ਸੰਗਤ ਵਿਚ ਜੁੜਕੇ ਗੁਰਬਾਣੀ ਦਾ ਅਭਿਆਸ।

ਤੇਲ ਘੀ ਜਾਂ ਮੋਮਬਤੀ ਬਿਜਲੀ ਲੈਪ ਆਦਿ ਜਗ੍ਹਾ ਲੈਣੇ ਚਾਹੀਦੇ ਹਨ।

(ਹ) ਗੁਰੂ ਗ੍ਰੰਥ ਸਾਹਿਬ ਦੇ ਤੁਲ ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤੇ ਦੇ ਵਿਰੁੱਧ ਕੋਈ ਰੀਤੀ ਨਾ ਹੋਵੇ। ਨਾ ਹੀ ਕੋਈ ਅਨਮਤ ਦਾ ਤਿਉਹਾਰ ਮਲਾਇਆ ਜਾਵੇ।

(ਕ) ਇਕ ਤੋਂ ਦੂਜੀ ਥਾਂ ਸਵਾਰਾ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਦੇ। ਜਿਸ ਨੇ ਸਿਰ ਤੇ ਸਵਾਰਾ ਚੁੱਕਿਆ ਹੋਵੇ, ਉਹ ਨੰਗੀ ਪੈਰੀ ਚਲੇ ਜਾਂ ਖੜਾਵਾਂ ਪਾ ਲਵੇ।

(ਖ) ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।




(ਗ) ਜਦ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਆਵੇ ਤਾਂ ਭਾਵੇਂ ਅੱਥੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ ਹਰ ਇਕ ਸਿਖ ਨੂੰ ਸਨਮਾਨ ਲਈ ਉਠ ਖੜੋਨਾ ਚਾਹੀਏ।

(ਘ) ਗੁਰਦੁਆਰੇ ਅੰਦਰ ਜਾਣ ਲੱਗਿਆਂ ਸੁਥਰਾ ਹੋ ਕੇ ਜਾਣਾ ਚਾਹੀਏ। ਜੇ ਪੈਰ ਮੈਲੇ ਜਾਂ ਗੰਦੇ ਹੋਣ ਤਾਂ ਜਲ ਨਾਲ ਧੋ ਲੈਣੇ ਚਾਹੀਏ। ਸਾਫ਼ ਜਰਾਬਾਂ ਪਈਆਂ ਹੋਣ ਤਾਂ ਕੋਈ ਹਰਜ਼ ਨਹੀਂ।

ਪ੍ਰਕਰਮਾਂ ਇਕੋ ਪਾਸੇ ਤੋਂ ਕਰਨੀ ਚਾਹੀਏ ਖੱਬੇ ਜਾਂ ਸੱਜੇ ਦਾ ਭਰਮ ਨਹੀਂ ਪਰ ਖੱਬੇ ਹੱਥ ਜਾਣਾ ਨੀਯਤ ਕਰ ਲੈਣਾ ਚੰਗਾ ਹੈ ਤਾਂ ਕਿ ਭੀੜ ਭਾੜ ਵੇਲੇ ਤਕਲੀਫ਼ ਨਾ ਹੋਵੇ ਅਤੇ ਮਾਈਆਂ ਬੀਬੀਆਂ ਵਲੋਂ ਭੀ ਅੱਖਾਂ ਬਚਾ ਕੇ ਲੰਘਣਾ ਸੌਖਾ ਹੋਵੇ।

(ਙ) ਗੁਰਦੁਆਰੇ ਅੰਦਰ ਜਾਣ ਲਈ ਕਿਸੇ ਵੇਸ ਮਜ਼੍ਹਬ ਜਾਤ ਵਾਲੇ ਨੂੰ ਮਨਾਹੀ।

ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨ ਗੁਰਦੁਆਰਿਆਂ ਦੇ ਦਰਸ਼ਨ ਕਰੇ ਅਤੇ ਸਾਧ ਸੰਗਤ ਵਿਚ ਬੈਠਕੇ ਗੁਰਬਾਣੀ ਤੋਂ ਲਾਭ ਉਠਾਵੇ।

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਿਤਾ ਪ੍ਰਤਿ ਹੋਵੇ। ਬਿਨਾਂ ਖਾਸ ਕਾਰਨ ਦੇ (ਜਦਕਿ ਪਰਕਾਸ਼ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਿਰਾਸ ਦੇ ਪਾਠ ਮਗਰੋਂ ਸੁਖ ਆਸਨ ਕੀਤਾ ਜਾਵੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਨਮਾਨ ਨਾਲ ਪ੍ਰਕਾਸ਼ਿਆਂ, ਪੜ੍ਹਿਆ ਅਤੇ ਸੰਤੋਖਿਆ ਜਾਵੇ। ਗੁਰੂ ਗ੍ਰੰਥ ਸਾਹਿਬ ਦਾ ਸਲਮਾਨ ਪੂਜਾ ਨਹੀਂ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ਼ ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ਼ ਸੁਥਰੇ ਬਸਤ੍ਰ ਵਿਛਾਕੇ ਕੀਤਾ ਜਾਵੇ। ਗੁਰੂ ਗ੍ਰੰਥ ਸਾਹਿਬ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ।

(ਚਲਦਾ)

# ਵਿਕਟੋਰੀਆ 'ਚ ਹਜ਼ਾਰਾਂ ਅਧਿਆਪਕਾਂ ਵਲੋਂ ਹੜਤਾਲ




ਮੈਲਬੋਰਨ : ਆਸਟ੍ਰੇਲੀਆ ਦੇ ਸੂਬੇ ਵਿਕਟੋਰੀਆ ਵਿਚ ਹਜ਼ਾਰਾਂ ਅਧਿਆਪਕਾਂ ਵਲੋਂ ਹੜਤਾਲ ਕੀਤੀ ਗਈ, ਜਿਸ ਨਾਲ ਲਗਭਗ 500 ਸਰਕਾਰੀ ਸਕੂਲ ਪ੍ਰਭਾਵਿਤ ਹੋਏ। ਕਰੀਬ 35,000 ਅਧਿਆਪਕ ਅਤੇ ਸਟਾਫ਼ 24 ਘੰਟਿਆਂ ਲਈ ਕੰਮ ਤੋਂ ਦੂਰ ਰਹੇ। ਤਨਖਾਹਾਂ 'ਚ ਵਾਧੇ ਅਤੇ ਵੱਧਦੇ ਕੰਮ ਦੇ ਬੋਝ ਨੂੰ ਲੈ ਕੇ ਇਹ ਹੜਤਾਲ ਕੀਤੀ ਗਈ। ਇਸ ਮੌਕੇ ਅਧਿਆਪਕਾਂ ਵਲੋਂ ਮੈਲਬੋਰਨ ਸ਼ਹਿਰ ਵਿਚ ਵੱਡੀ ਰੈਲੀ ਕੱਢੀ ਗਈ, ਜਿਸ ਵਿਚ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ ਯੂਨੀਅਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਥਾਨਕ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਅੱਗੋਂ ਹੋਰ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪੰਜਾਬਣ ਸਮੇਤ 4 ਨੂੰ ਨਸ਼ਾ ਤਸਕਰੀ ਦੇ ਦੋਸ਼ਾਂ ਤਹਿਤ 30 ਸਾਲ ਤੋਂ ਵੱਧ ਕੈਦ

ਲੰਡਨ : ਇੰਗਲੈਂਡ ਵਿਚ ਇਕ ਪੰਜਾਬਣ ਸਮੇਤ 4 ਲੋਕਾਂ ਨੂੰ ਨਸ਼ਾ ਤਸਕਰੀ ਦੇ ਦੋਸ਼ਾਂ ਤਹਿਤ 30 ਸਾਲ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬਰਮਿੰਘਮ ਕਰਾਊਨ ਕੋਰਟ ਵਿਚ ਸ਼ਾਹਰੁਖ ਹੁਮਯੂਨ ਨੂੰ 10 ਸਾਲ ਤੇ 9 ਮਹੀਨੇ, ਗੈਬਰੀਏਲ ਟ੍ਰਿਕੁਨਾਈਟ ਨੂੰ 7 ਸਾਲ ਤੇ 8 ਮਹੀਨੇ, ਸਿੰਦੀਜਾ ਵਿਰਸੇ ਨੂੰ 6 ਸਾਲ ਤੇ 8 ਮਹੀਨੇ ਅਤੇ ਰੁਬਨਪ੍ਰੀਤ ਕੌਰ ਨੂੰ 5 ਸਾਲ ਤੇ 4 ਮਹੀਨੇ ਦੀ ਸਜ਼ਾ ਸੁਣਾਈ ਗਈ, ਜਦਕਿ ਇਸੇ ਮਾਮਲੇ ਵਿਚ ਅਰਵਿੰਦਰ ਬੈਂਸ ਨੂੰ ਪਹਿਲਾਂ ਦਸੰਬਰ 2022 ਵਿਚ ਕਲਾਸ 'ਏ' ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦੇ ਇਰਾਦੇ ਦੇ ਦੋਸ਼ਾਂ ਤਹਿਤ 9 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਕ ਵੱਡੀ ਜਾਂਚ ਤੋਂ ਬਾਅਦ ਰਾਸ਼ਟਰੀ ਅਪਰਾਧ ਏਜੰਸੀ ਅਤੇ ਮੈਟਰੋਪੋਲੀਟਨ ਪੁਲਿਸ ਸੇਵਾ ਦੇ ਅਧਿਕਾਰੀਆਂ ਦੀ ਸਾਂਝੀ ਕਾਰਵਾਈ ਵਿਚ ਲੰਡਨ ਅਤੇ ਪੂਰੇ ਯੂ.ਕੇ. ਵਿਚ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਦਾ ਇਕ ਗਰੋਹ ਕਾਬੂ ਕੀਤਾ ਗਿਆ ਸੀ। ਅਪ੍ਰੈਲ ਅਤੇ ਅਗਸਤ 2022 ਦੇ ਵਿਚਕਾਰ ਗਰੋਹ



ਨੇ 170 ਕਿੱਲੋਗ੍ਰਾਮ ਤੋਂ ਵੱਧ ਕੋਕੀਨ ਡਿਲੀਵਰ ਕੀਤੀ ਸੀ, ਜਿਸ ਦੀ ਅੰਦਾਜ਼ਨ ਸਟਰੀਟ ਕੀਮਤ 13.6 ਅਰਬ ਪੌਂਡ ਸੀ। ਨੈੱਟਵਰਕ ਨੇ ਆਪਣੀ ਪਛਾਣ ਛੁਪਾਉਣ ਲਈ ਪਾਸਵਰਡ, ਕੋਡਨੇਮ ਅਤੇ ਏਨਕ੍ਰਿਪਟਡ ਮੈਸੇਜਿੰਗ ਐਪਸ ਦੀ ਵਰਤੋਂ ਕੀਤੀ। 16 ਜੂਨ 2022 ਨੂੰ ਫਿਨਸਬਰੀ ਡਰਾਈਵ ਪ੍ਰਾਇਰਸਲੀ ਟੈਲਫੋਰਡ ਦੇ ਵਾਸੀ 39 ਸਾਲਾ ਅਰਵਿੰਦਰ ਬੈਂਸ ਨੂੰ ਲੰਡਨ ਵਿਚ ਡਿਲੀਵਰੀ ਕਰਦੇ ਸਮੇਂ 10 ਕਿੱਲੋ ਉੱਚ ਸ਼ੁੱਧਤਾ ਵਾਲੀ ਕੋਕੀਨ ਸਮੇਤ ਗ੍ਰਿਫ਼ਤਾਰ ਕੀਤਾ ਸੀ, ਜਿਸ ਦੀ ਕੀਮਤ ਲਗਭਗ 80,000 ਪੌਂਡ ਸੀ। ਉਸ ਦੇ ਮੋਬਾਈਲ ਫੋਨ ਜਾਂਚ ਤੋਂ ਪਤਾ ਲੱਗਾ ਕਿ ਉਸੇ ਦਿਨ 22 ਕਿੱਲੋ ਡਰੱਗ ਸਪਲਾਈ ਕਰਨ ਦੀ ਇਕ ਹੋਰ ਸਾਜ਼ਿਸ਼ ਦਾ ਵੀ ਹਿੱਸਾ ਸੀ। ਹੋਰ ਪੁੱਛਗਿੱਛ ਵਿਚ ਸ਼ਾਹਰੁਖ ਹੁਮਯੂਨ (29) ਵਾਸੀ ਲੈਂਗਸੇਟ ਰੋਡ, ਵੂਲਵਰਹੈਂਪਟਨ, ਸਿੰਦੀਜਾ ਵਿਰਸੇ (28) ਵਾਸੀ ਬਿਰਚ ਗਰੋਵ ਬੈਡਫੋਰਡਸ਼ਾਇਰ, ਗੈਬਰੀਏਲ ਟ੍ਰਿੰਕੁਨਾਈਟ (26) ਵਾਸੀ ਟੇਲਰ ਰੋਡ, ਵੂਲਵਰਹੈਂਪਟਨ ਅਤੇ ਰੁਬਨਪ੍ਰੀਤ ਕੌਰ (26) ਵਾਸੀ ਚੈਪਲ ਸਟ੍ਰੀਟ ਵੂਲਵਰਹੈਂਪਟਨ ਇਸੇ ਕੜੀ ਦਾ ਹਿੱਸਾ ਹਨ। ਗਰੋਹ ਦੇ ਇਨ੍ਹਾਂ ਮੈਂਬਰਾਂ ਨੂੰ ਜਨਵਰੀ 2025 ਵਿਚ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਦੂਸਰੀ ਰਾਤ ਦਾ ਬ੍ਰਿਤਾਂਤ/ਗੁਰਬਾਣੀ ਅਨੁਸਾਰ ਮਾਇਆ ਕੀ ਹੈ?

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਅਗਲੇ ਦਿਨ ਨਿੱਤ ਦੀ ਕ੍ਰਿਆ ਅਨੁਸਾਰ ਬਾਬਾ ਜੀ ਤੜਕੇ ਉੱਠੇ। ਨਜ਼ਦੀਕ ਜੋ ਪੁਰਾਣੀ ਖੂਹੀ ਸੀ, ਉਸ ਵਿੱਚੋਂ ਜਲ ਕੱਢ ਕੇ ਇਸ਼ਨਾਨ ਕੀਤਾ। ਨਿੱਤਨੇਮ ਕਰਨ ਉਪਰੰਤ ਜੋ ਨਿਯਮ ਅਰੰਭਿਆ ਸੀ ਸ਼ਾਮ ਤੱਕ ਉਸ ਨੂੰ ਪੂਰਾ ਕੀਤਾ। ਸੋਦਰੁ ਦਾ ਨਿੱਤਨੇਮ ਕਰਨ ਉਪ੍ਰੰਤ ਸੋਹਿਲਾ ਪੜ੍ਹ ਕੇ ਬਾਬਾ ਜੀ ਨਾਮ-ਸਿਮਰਨ ਵਿੱਚ ਜੁੱਟ ਗਏ। ਸਿਮਰਨ ਕਰਦਿਆਂ ਅਵਾਜ਼ ਆਈ 'ਹਰਨਾਮ ਸਿੰਘ! ਤੇਰੇ ਪਾਸ ਮਾਇਆ ਆ ਰਹੀ ਹੈ, ਬਚ ਕੇ ਰਹੀਂ।' ਬਾਬਾ ਜੀ ਦਸਦੇ ਸਨ ਕਿ ਮਨ ਵਿੱਚ ਹੀ ਫੁਰਨਾ ਆਇਆ ਕਿ ਜੇ ਮਾਇਆ ਆ ਰਹੀ ਹੈ ਤਾਂ ਸਾਨੂੰ ਕੀ, ਮੌਜ ਲਵੇ। ਸਾਡਾ ਮਾਇਆ ਨਾਲ ਕੀ ਵਾਸਤਾ? ਥੋੜ੍ਹੇ ਹੀ ਸਮੇਂ ਬਾਅਦ ਇੱਕ ਬਜ਼ੁਰਗ ਮਾਈ ਪਾਟੇ ਹੋਏ ਕੱਪੜੇ ਪਹਿਨੀ ਸਾਡੇ ਮੰਜੇ ਦੀ ਪੌਂਦੀ ਆ ਕੇ ਬੈਠ ਗਈ। ਅਸੀਂ ਅੱਖਾਂ ਬੰਦ ਕਰਕੇ ਸਿਮਰਨ ਕਰਨ ਲੱਗ ਪਏ। ਫਿਰ ਅਵਾਜ਼ ਆਈ ਕਿ ਇਹ ਹੀ ਮਾਇਆ ਹੈ। ਥੋੜ੍ਹਾ ਸਮਾਂ ਉਹ ਬੈਠੀ ਰਹੀ, ਫਿਰ ਉੱਠ ਕੇ ਚਲੀ ਗਈ।

ਉਸ ਦੇ ਜਾਣ ਤੋਂ ਕੁਝ ਹੀ ਸਮੇਂ ਬਾਅਦ ਚੜ੍ਹਦੇ ਪਾਸੇ ਵੱਲੋਂ ਇੱਕ ਬਹੁਤ ਹੀ ਸੁੰਦਰ ਸਰੂਪ ਵਾਲੀ ਜਵਾਨ ਇਸਤਰੀ ਬੜੇ ਹਾਰ-ਸ਼ਿੰਗਾਰ ਸਹਿਤ ਸਾਡੀ ਵੱਲ ਆ ਰਹੀ ਪ੍ਰਤੀਤ ਹੋਈ। ਉਸ ਦੇ ਚਿਹਰੇ ਵਿੱਚੋਂ ਪ੍ਰਕਾਸ਼ ਜਿਹਾ ਨਿਕਲਦਾ ਪ੍ਰਤੀਤ ਹੋਵੇ। ਬੜੇ ਮੋਹਣ ਵਾਲੇ ਹਾਵ-ਭਾਵ ਕਰਦੀ ਉਹ ਅਗਾਂਹ ਵੱਧਦੀ ਆ ਰਹੀ ਸੀ। ਮਨ ਵਿੱਚ ਵਿਚਾਰ ਆਈ ਕਿ ਹੁਣ ਮਾਇਆ ਆਪਣੇ ਅਸਲੀ ਰੂਪ ਵਿੱਚ ਆਈ ਹੈ। ਜੇਕਰ ਇਹ ਨੇੜੇ ਆ ਗਈ ਤਾਂ ਪਤਾ ਨਹੀਂ ਕੀ ਕਰ ਦੇਵੇਗੀ? ਅਸੀਂ ਆਪਣੇ ਬਲ ਨਾਲ ਉਸ ਨੂੰ ਰੋਕਣਾ ਚਾਹਿਆ ਪਰ ਉਹ ਰੁਕੀ ਨਹੀਂ। ਦੁਬਾਰਾ ਫਿਰ ਯਤਨ ਕੀਤਾ ਪਰ ਇਹ ਯਤਨ ਵੀ ਅਸਫ਼ਲ ਰਿਹਾ। ਬਸ ਫਿਰ ਕੀ ਸੀ ਆਪਣੇ ਬਲ ਦਾ ਦਾਅਵਾ ਛੱਡ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਢਹਿ ਕੇ ਅਰਦਾਸ ਕੀਤੀ, 'ਹੇ ਗ਼ਰੀਬ ਨਿਵਾਜ਼ ਜੀ! ਮੈਂ ਇਸ ਨੂੰ ਰੋਕਣ ਤੋਂ ਅਸਮਰਥ ਹਾਂ। ਆਪ ਹੀ ਕ੍ਰਿਪਾ ਕਰੋ ਕਿ ਜੋ ਇਹ ਮਾਇਆ ਆਪਣੇ ਪੂਰੇ ਜੋਬਨ ਵਿੱਚ ਆਈ ਹੈ, ਇਸ ਪਾਸੋਂ ਰੱਖਿਆ ਕਰੋ। ਆਪ ਜੀ ਦਾ ਬਿਰਦ ਹੈ, ਆਪ ਜੀ ਆਪਣੇ ਬਿਰਦ-ਬਾਣੇ ਦੀ ਲਾਜ ਰੱਖੋ।'

ਆਪਣੇ ਜਨ ਦੀ ਅਰਦਾਸ ਸਤਿਗੁਰੂ ਜੀ ਨੇ ਸ੍ਰਵਣ ਕੀਤੀ। ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਪ੍ਰਤੱਖ ਦਰਸ਼ਨ ਬਖਸ਼ੇ ਅਤੇ ਸਿਰ ਉੱਤੇ ਹੱਥ ਰੱਖਿਆ। ਸਤਿਗੁਰੂ ਜੀ ਦੇ ਮਿਹਰ ਕਰਨ ਦੀ ਦੇਰ ਸੀ ਕਿ ਉਹ ਮਾਇਆ ਦਾ ਸਰੂਪ ਜੋ ਪੂਰੇ ਜੋਬਨ ਵਿੱਚ ਹੜ੍ਹ ਦੀ ਕਾਂਗ ਵਾਂਗ ਸਾਡੀ ਵੱਲ ਆ ਰਿਹਾ ਸੀ, ਪਤਾ ਨਹੀਂ ਕਿੱਧਰ ਗਿਆ। ਇੰਝ ਜਾਪਿਆ ਜਿਵੇਂ ਇਹ ਧਰਤੀ ਵਿੱਚ ਹੀ ਅਲੋਪ ਹੋ ਗਿਆ ਹੋਵੇ।

**ਗੁਰਬਾਣੀ ਅਨੁਸਾਰ ਮਾਇਆ ਕੀ ਹੈ?**

ਮਾਇਆ ਉਹ ਅਵਿੱਦਿਆ ਹੈ, ਜਿਸ ਕਰਕੇ ਦੁਨਿਆਵੀ ਪਦਾਰਥ ਤੇ ਸਰੀਰਕ ਜੀਵਨ 'ਸਤਿ' ਪ੍ਰਤੀਤ ਹੁੰਦੇ ਹਨ। ਸੰਸਾਰ ਨਾਲ ਮੋਹ ਪੈਦਾ ਹੋ ਜਾਂਦਾ ਹੈ, ਜਿਸ ਕਰਕੇ ਜੀਵ ਨੂੰ ਆਪਣੀ ਵੱਖਰੀ ਹਸਤੀ ਮਹਿਸੂਸ ਹੁੰਦੀ ਹੈ। ਜਿਸ ਆਸਰੇ ਇਹ ਆਪਣੇ ਸਾਰੇ ਕਾਰਜ ਕਰਨ ਦਾ ਯਤਨ ਕਰਦਾ ਹੈ। ਸਹਿਜੇ-ਸਹਿਜੇ ਆਪਣੀ ਹੋਂਦ (ਹਉਮੈ) ਇੰਨੀ ਪੱਕ ਜਾਂਦੀ ਹੈ ਕਿ ਪ੍ਰਭੂ-ਪਰਮੇਸ਼ਰ ਜੋ ਸਭ ਕੁੱਝ ਕਰਨ ਕਾਰਨ ਹੈ, ਭੁੱਲ ਜਾਂਦਾ ਹੈ। ਕਰਤੇ ਦੀ ਕਿਰਤ ਨਾਲ ਮੋਹ ਪੈ ਜਾਂਦਾ ਹੈ। ਤੀਸਰੇ ਗੁਰਦੇਵ ਜੀ ਨੇ ਦੋਂਹਾਂ ਪੰਕਤੀਆਂ ਵਿੱਚ ਹੀ ਮਾਇਆ ਦੀ ਵਿਆਖਿਆ ਕਰਕੇ ਸਾਨੂੰ ਅਗਵਾਈ ਬਖ਼ਸ਼ੀ ਹੈ ਕਿ ਨਿਰਾ ਸੋਨਾ, ਚਾਂਦੀ ਜਾਂ ਸਥੂਲ ਮਾਇਆ ਹੀ ਮਾਇਆ ਨਹੀਂ। ਉਹ ਸਭ ਕੁੱਝ ਹੀ ਮਾਇਆ ਹੈ, ਜਿਸ ਦੇ ਕਾਰਨ ਪ੍ਰਭੂ-ਪਰਮੇਸ਼ਰ ਵਿੱਸਰ ਜਾਵੇ ਅਤੇ ਸੰਸਾਰ ਵਿੱਚ ਮੋਹ-ਵੱਸ ਹੋ ਕੇ ਜੀਵ ਫਸ ਜਾਵੇ :

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥**
**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥**

(ਰਾਮਕਲੀ ਮ: ੩. ਅੰਗ ੯੨੧)



ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ: +91-1886-260334, 98767-60334
Website : www.RamPurKhera.com | Email : RamPurKhera@yahoo.ca

3

ਅਤੇ ਸੁੱਖ ਨੂੰ ਪ੍ਰਾਪਤ ਕਰਨ ਵਾਸਤੇ, ਦੁੱਖ ਨੂੰ ਦੂਰ ਕਰਨ ਵਾਸਤੇ ਆਪਣੇ ਆਸਰੇ ਹੋ ਕੇ ਕਰਮ ਕਰੇ। ਜਿਵੇਂ ਤੀਸਰੇ ਗੁਰਦੇਵ ਜੀ ਦਾ ਹੁਕਮ ਹੈ :

**ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥**
**ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥**

**(ਸਿਰੀ ਰਾਗੁ ਮ: ੩, ਅੰਗ ੬੭)**

ਇਹ ਮਾਇਆ ਪੰਜਾਂ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਤਿਆਦਿਕ) ਰਾਹੀਂ ਸੂਖਮ ਰੂਪ ਵਿੱਚ ਹਰ ਜੀਵ ਨੂੰ ਵਿਆਪਦੀ ਹੈ। ਕੋਈ ਭਾਗਾਂ ਵਾਲਾ ਹੀ, ਗੁਰੂ ਜੀ ਦੇ ਓਟ ਆਸਰੇ ਨਾਲ ਬਚਦਾ ਹੈ। ਸਥੂਲ ਮਾਇਆ ਇਸੇ ਦਾ ਹੀ ਬਾਹਰੀ ਪੱਖ ਹੈ :

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥**
**ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ ॥੨॥**
**(ਆਸਾ ਮ: ੫, ਅੰਗ ੩੮੪)**

ਇਹ ਮਾਇਆ ਕੇਵਲ ਜੀਵਾਂ ਨੂੰ ਹੀ ਨਹੀਂ ਬਿਆਪਦੀ, ਇਸ ਦੀ ਮਾਰ ਤੋਂ ਵੱਡੇ-ਵੱਡੇ ਰਿਸ਼ੀ-ਮੁਨੀ ਵੀ ਨਹੀਂ ਬਚ ਸਕੇ :

**ਸਰਪਨੀ ਤੇ ਊਪਰਿ ਨਹੀ ਬਲੀਆ੧ ॥**
**ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥**

**(ਆਸਾ ਸ੍ਰੀ ਕਬੀਰ ਜੀ, ਅੰਗ ੪੮੦)**

ਅਤੇ

**ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ੇ ਬਸਿ ਅਪਨਹੀ ॥**
**ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ ॥੧॥**
**ਬਲਵੰਤਿ ਬਿਆਪਿ ਰਹੀ ਸਭ ਮਹੀ ॥**
**ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥੧ ॥ਰਹਾਉ ॥**

**(ਗੂਜਰੀ ਮ: ੫, ਅੰਗ ੪੯੮)**

ਅਤੇ

**ਐਸੀ ਇਸਤ੍ਰੀ ਇਕ ਰਾਮਿ ਉਪਾਈ ॥**
**ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥**
**ਪਾਇ ਠਗਉਲੀ ਸਭੁ ਜਗੁ ਜੋਹਿਆ ॥**
**ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥**
**(ਆਸਾ ਮ: ੫, ਅੰਗ ੩੯੪)**

ਅਤੇ

**੩ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥**
**ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥੧॥**

**(ਧਨਾਸਰੀ ਮ: ੫, ਅੰਗ ੬੭੩)**

ਮਾਇਆ ਅਤੇ ਮਾਇਆ ਦੀ ਅਪਣੱਤ ਹੀ ਸਾਰੇ ਸੰਸਾਰ ਨੂੰ ਬਿਨਾਂ ਦੰਦਾਂ ਤੋਂ ਖਾਈ ਜਾ ਰਹੀ ਹੈ। ਜਿਨ੍ਹਾਂ ਨੇ ਗੁਰੂ ਜੀ ਦੇ ਦੱਸੇ ਹੁਕਮ ਅਨੁਸਾਰ ਚੱਲਣਾ ਕੀਤਾ ਹੈ ਉਹ ਬਚ ਗਏ ਹਨ। ਜੋ ਆਪਣੇ ਮਨ ਪਿੱਛੇ ਲੱਗੇ ਹਨ, ਉਹ ਮਾਇਆ ਦੀ ਲਪੇਟ ਤੋਂ ਬਚ ਨਹੀਂ ਸਕੇ :

**ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥**
**ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥**

**(ਸਲੋਕ ਮ: ੩, ਅੰਗ ੬੪੩)**

ਤਥਾ

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥** (ਮ: ੩, ਅੰਗ ੫੧੦)

ਜਿਵੇਂ ਸੱਪਣੀ ਨੂੰ ਉਸਦੇ ਬੱਚੇ ਪਿਆਰ ਕਰਦੇ ਹਨ। ਸੱਪਣੀ ਉਹਨਾਂ ਨੂੰ ਚੱਟਦੀ, ਪਿਆਰ ਕਰਦੀ-ਕਰਦੀ ਆਪਣੇ ਅੰਦਰ ਹੀ ਨਿਗਲ ਜਾਂਦੀ ਹੈ। ਇਸੇ ਤਰ੍ਹਾਂ ਜੋ ਮਾਇਆ 'ਚ ਲਿਪਾਇਮਾਨ ਹੋ ਜਾਂਦੇ ਹਨ, ਫਿਰ ਮਾਇਆ ਉਹਨਾਂ ਨੂੰ ਆਪਣੇ ਵਿੱਚ ਹੀ ਫਸਾ ਲੈਂਦੀ ਹੈ। ਬਾਬਾ ਕਬੀਰ ਜੀ ਭੈਰਉ ਰਾਗ ਵਿੱਚ ਫ਼ੁਰਮਾਨ ਕਰਦੇ ਹਨ ਕਿ ਮਨੁੱਖ ਤਾਂ ਇੱਕ ਪਾਸੇ ਰਿਹਾ, ਬਾਕੀ ਜੂਨਾਂ ਵੀ ਇਸ ਮਾਇਆ ਦੀ ਲਪੇਟ ਤੋਂ ਬਚ ਨਹੀਂ ਸਕੀਆਂ :

(ਚਲਦਾ)

# 'ਆਪ' ਨੇ ਕਿਸਾਨਾਂ ਦੀ ਸਾਰ ਨਹੀਂ ਲਈ: ਬਾਦਲ

ਮਾਨਸਾ/ਮੂਨਕ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਾਨਸਾ ਅਤੇ ਮੂਨਕ ਵਿੱਚ ਪੰਜਾਬ ਬਚਾਓ ਰੈਲੀਆਂ ਕੀਤੀਆਂ। ਮਾਨਸਾ ਵਿਖੇ ਪ੍ਰੇਮ ਅਰੋੜਾ ਦੀ ਅਗਵਾਈ ਹੇਠ ਹੋਈ ਪੰਜਾਬ ਬਚਾਓ ਰੈਲੀ ਕੀਤੀ ਗਈ ਜਿਸ ਵਿੱਚ ਸ਼ ?ਰੀ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਧੱਕ ਰਹੀ ਹੈ। ਮੂਨਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਦਰਦ ਸਿਰਫ਼ ਖੇਤਰੀ ਪਾਰਟੀ ਸ਼ ?ਰੋਮਣੀ ਅਕਾਲੀ ਦਲ ਹੀ ਸਮਝ ਸਕਦੀ ਹੈ। ਸੁਖਬੀਰ ਬਾਦਲ ਨੇ ਲਹਿਰਾਗਾਗਾ ਹਲਕੇ ਤੋਂ ਉਮੀਦਵਾਰ ਵਜੋਂ ਗਗਨਦੀਪ ਸਿੰਘ ਖੰਡੇਬਾਦ ਨੂੰ ਥਾਪੀ ਦਿੱਤੀ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਦਿੱਲੀ ਦੀਆਂ ਪਾਰਟੀਆਂ ਰਾਜ ਕਰਨ ਆਉਂਦੀਆਂ ਹਨ, ਪੰਜਾਬ ਦੀ ਸੇਵਾ ਲਈ ਨਹੀਂ। ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਪਾਰਟੀ ਹੈ ਜੋ ਗ਼ਰੀਬਾਂ ਦਾ ਦਰਦ ਸਮਝਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪਾਣੀ ਦੀ ਇਕ ਵੀ ਬੂੰਦ ਰਾਜਸਥਾਨ ਨੂੰ ਨਹੀਂ ਜਾਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਉਣ 'ਤੇ ਪੰਜਾਬ ਵਿਚ ਕਿਸੇ ਵੀ ਗ਼ਰੀਬ ਕੋਲ ਕੱਚਾ ਘਰ ਨਹੀਂ ਹੋਵੇਗਾ। ਪੰਜਾਬ ਦੇ ਸਾਰੇ 13 ਹਜ਼ਾਰ ਪਿੰਡਾਂ ਵਿਚ ਸੀਮਿੰਟ ਦੀਆਂ ਗਲੀਆਂ ਨਾਲੀਆਂ ਬਣਾਈਆਂ ਜਾਣਗੀਆਂ। ਸ਼ ?ਰੀ ਬਾਦਲ ਨੇ ਕਿਹਾ ਕਿ ਜੇ 2027 ਵਿਚ ਸਾਡੀ ਸਰਕਾਰ ਬਣੀ ਤਾਂ ਪੰਜਾਬ ਦੇ ਦਰਿਆਵਾਂ ਵਿਚ ਕਿਸੇ ਵੀ ਫੈਕਟਰੀ ਅਤੇ ਸੀਵਰੇਜ ਦਾ ਪਾਣੀ ਨਹੀਂ ਪੈਣ ਦਿੱਤਾ ਜਾਵੇਗਾ। ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਆਉਣ 'ਤੇ ਵੱਡੇ ਬਾਦਲ ਦੇ ਨਾਂ 'ਤੇ ਇਕ 10 ਲੱਖ ਰੁਪਏ ਦੀ ਸਕੀਮ ਲਿਆਂਦੀ ਜਾਵੇਗੀ ਜਿਸ ਵਿਚ ਨੌਜਵਾਨਾਂ ਨੂੰ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਕਰਜ਼ਾ ਦਿੱਤਾ ਜਾਵੇਗਾ, ਜਿਸ ਦਾ ਕੋਈ ਵੀ ਵਿਆਜ ਨਹੀਂ ਮੋੜਨਾ ਪਵੇਗਾ। ਇਸ ਮੌਕੇ ਸਰਬਜੀਤ ਸਿੰਘ ਝਿੰਜਰ, ਅਰਵਿੰਦ ਖੰਨਾ, ਗੋਲਡੀ, ਗੁਲਜਾਰੀ ਮੂਨਕ, ਸਾਬਕਾ ਆਈ ਏ ਐਸ ਕਵਲਜੀਤ ਸਿੰਘ ਚੀਮਾ ਨਿਰਮਲ ਸਿੰਘ ਕੜੈਲ, ਸੂਰਜਮਲ ਚੌਧਰੀ ਆਦਿ ਹਾਜ਼ਰ ਸਨ।



ਇਸੇ ਦੌਰਾਨ ਮਾਨਸਾ ਵਿਚ ਰੈਲੀ ਦੌਰਾਨ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕਿਸਾਨਾਂ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 22 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦਾ ਵਾਅਦਾ ਪੂਰਾ ਨਹੀਂ ਕਰ ਸਕੀ, ਸਰਕਾਰੀ ਐਲਾਨਾਂ ਤੋਂ ਬਾਅਦ ਵੀ ਦਾਲਾਂ ਨਹੀਂ ਖਰੀਦ ਸਕੀ ਅਤੇ ਪਿਛਲੇ ਸਾਲ ਭਿਆਨਕ ਹੜ੍ਹਾਂ ਦੌਰਾਨ ਫਸਲਾਂ ਦੇ ਹੋਏ ਭਾਰੀ ਨੁਕਸਾਨ ਦਾ ਮੁਆਵਜ਼ਾ ਨਹੀਂ ਦੇ ਸਕੀ। ਉਨ੍ਹਾਂ ਕਿਹਾ ਕਿ ਪੰਜਾਬ ਹੁਣ ਸਮੂਹਿਕ ਖ਼ੁਦਕੁਸ਼ੀਆਂ ਵਾਲਾ ਸੂਬਾ ਬਣਨ ਲੱਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ਼ਤਿਹਾਰਬਾਜ਼ੀ ਤੋਂ ਇਲਾਵਾ ਕੁਝ ਨਹੀਂ ਕਰ ਰਹੀ।

ਸ਼੍ਰੀ ਬਾਦਲ ਨੇ ਐਲਾਨ ਕੀਤਾ ਕਿ ਅਗਲੀ ਅਕਾਲੀ ਸਰਕਾਰ ਮਾਨਸਾ ਖੇਤਰ ਵਿੱਚ ਇੱਕ ਵਿਸ਼ਵ ਹੁਨਰ ਸਿਖਲਾਈ ਯੂਨੀਵਰਸਿਟੀ ਸਥਾਪਤ ਕਰੇਗੀ ਜਿਸ ਵਿੱਚ ਸਾਲਾਨਾ ਇੱਕ ਲੱਖ ਵਿਦਿਆਰਥੀਆਂ ਦਾ ਦਾਖਲਾ ਹੋਵੇਗਾ ਅਤੇ ਇਸ ਨਾਲ ਨੌਜਵਾਨ ਰੁਜ਼ਗਾਰ ਯੋਗ ਹੋਣਗੇ। ਉਨ੍ਹਾਂ ਐਲਾਨ ਕੀਤਾ ਕਿ ਕਿਸਾਨਾਂ ਨੂੰ ਸਰਬੋਤਮ ਸਿੰਚਾਈ ਸੇਵਾਵਾਂ ਦੇਣ ਲਈ ਮਾਨਸਾ ਹਲਕੇ ਵਿੱਚ ਜ਼ਮੀਨਦੋਜ਼ ਪਾਈਪਾਂ ਪਾਈਆਂ ਜਾਣਗੀਆਂ। ਇਸ ਮੌਕੇ ਹਰਸਿਮਰਤ ਕੌਰ ਬਾਦਲ ਤੇ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਹੁਣ ਪੰਜਾਬ ਦੀ ਜਵਾਨੀ ਅਤੇ ਕਿਸਾਨੀ ਨੂੰ ਬਚਾਉਣ ਲਈ ਅਕਾਲੀ ਦਲ ਦੇ ਝੰਡੇ ਹੇਠ ਸਾਰਿਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ।

# ਅਮਰੀਕੀ ਅਦਾਲਤ ਨੇ ਮੈਟਾ 'ਤੇ ਲਗਾਇਆ 3100 ਕਰੋੜ ਰੁਪਏ ਦਾ ਜ਼ੁਰਮਾਨਾ

### ਕਿਹਾ : 'ਫੇਸਬੁੱਕ ਅਤੇ ਇੰਸਟਾਗ੍ਰਾਮ ਬੱਚਿਆਂ ਲਈ ਖ਼ਤਰਨਾਕ'

ਵਾਸ਼ਿੰਗਟਨ : ਸੋਸ਼ਲ ਮੀਡੀਆ ਦਿੱਗਜ ਕੰਪਨੀ ਮੇਟਾ ਜੋ ਕਿ ਫੇਸਬੁੱਕ, ਇੰਸਟਾਗ੍ਰਾਮ ਅਤੇ ਵਟਸਐਪ ਦੀ ਮਾਲਕ ਹੈ, ਇੱਕ ਵੱਡੀ ਕਾਨੂੰਨੀ ਮੁਸੀਬਤ ਵਿੱਚ ਫਸ ਗਈ ਹੈ। ਇੱਕ ਇਤਿਹਾਸਕ ਫੈਸਲੇ ਵਿੱਚ ਅਮਰੀਕਾ ਦੇ ਨਿਊ ਮੈਕਸੀਕੋ ਵਿੱਚ ਇੱਕ ਜਿਊਰੀ ਨੇ ਮੇਟਾ 'ਤੇ ਲਗਭਗ 3100 ਕਰੋੜ ਰੁਪਏ ਦਾ ਭਾਰੀ ਜੁਰਮਾਨਾ ਲਗਾਇਆ ਹੈ। ਅਦਾਲਤ ਨੇ ਮੰਨਿਆ ਹੈ ਕਿ ਉਦਯੋਗਪਤੀ ਮਾਰਕ ਜ਼ੁਕਰਬਰਗ ਦੀ ਕੰਪਨੀ ਮੈਟਾ ਨੇ ਬੱਚਿਆਂ ਦੀ ਸੁਰੱਖਿਆ ਅਤੇ ਮਾਨਸਿਕ ਸਿਹਤ ਲਈ ਖਤਰਿਆਂ ਨੂੰ ਛੁਪਾਇਆ ਅਤੇ ਮੁਨਾਫ਼ੇ ਦੇ ਚੱਕਰ ਵਿੱਚ ਨਿਯਮਾਂ ਦੀ ਉਲੰਘਣਾ ਕੀਤੀ ।



ਸੁਣਵਾਈ ਤੋਂ ਬਾਅਦ ਅਦਾਲਤ ਨੇ ਕੰਪਨੀ ਨੂੰ ਦੋਸ਼ੀ ਪਾਇਆ ਅਤੇ ਜੁਰਮਾਨਾ ਲਗਾਇਆ। ਇਹ ਮਾਮਲਾ ਲਗਭਗ ਸੱਤ ਹਫ਼ਤੇ ਚੱਲਿਆ । ਨਿਊ ਮੈਕਸੀਕੋ ਸਰਕਾਰ ਦੇ ਵਕੀਲਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਮੈਟਾ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਸਦੇ ਪਲੇਟਫਾਰਮ ਬੱਚਿਆਂ ਲਈ ਖਤਰਨਾਕ ਹੋ ਸਕਦੇ ਹਨ, ਪਰ ਕੰਪਨੀ ਨੇ ਕਦੇ ਵੀ ਜਨਤਕ ਤੌਰ 'ਤੇ ਇਨ੍ਹਾਂ ਖ਼ਤਰਿਆਂ ਸਬੰਧੀ ਜਨਤਕ ਤੌਰ 'ਤੇ ਜਾਣਕਾਰੀ ਨਹੀਂ ਦਿੱਤੀ।

# ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਮਾਮਲੇ 'ਚ ਟਰੰਪ ਅੱਗੇ ਨਿਕਲੇ : ਸਰਵੇਖਣ

### ਜ਼ਿਆਦਾਤਰ ਬਾਲਗਾਂ ਦੀ ਰਾਏ ; ਟਰੰਪ ਨੇ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਵੱਧ ਨੁਕਸਾਨ ਕੀਤਾ

ਵਾਸ਼ਿੰਗਟਨ : ਨਵੇਂ ਸਰਵੇਖਣ ਅਨੁਸਾਰ, ਜ਼ਿਆਦਾਤਰ ਏਸ਼ਿਆਈ ਅਮਰੀਕੀ, ਮੂਲ ਹਵਾਈਅਨ ਅਤੇ ਪ੍ਰਸ਼ਾਂਤ ਟਾਪੂ ਵਾਸੀ (ਏ.ਏ.ਪੀ.ਆਈ.) ਇਹ ਮੰਨਦੇ ਹਨ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਵਿਚ ਹੁਣ ਤੱਕ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ ਦੇ ਮੁੱਦੇ 'ਤੇ ਫਾਇਦੇ ਨਾਲੋਂ ਨੁਕਸਾਨ ਜ਼ਿਆਦਾ ਕੀਤਾ ਹੈ। ਏ.ਏ.ਪੀ.ਆਈ. ਡੇਟਾ ਅਤੇ 'ਐਸੋਸੀਏਟਿਡ ਪ੍ਰੈੱਸ-ਐੱਨ ਓ ਆਰ ਸੀ ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ' ਦੇ ਸਰਵੇਖਣ ਮੁਤਾਬਕ ਲਗਪਗ 10 ਵਿਚੋਂ 6 ਏ.ਏ.ਪੀ.ਆਈ. ਬਾਲਗ ਕਹਿੰਦੇ ਹਨ ਕਿ ਟਰੰਪ ਨੇ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ ਨੂੰ ਬਹੁਤ ਜ਼ਿਆਦਾ ਜਾਂ ਘੱਟ ਨੁਕਸਾਨ ਪਹੁੰਚਾਇਆ ਹੈ।



ਇਸ ਦੇ ਉਲਟ, ਜਨਵਰੀ ਦੇ ਇੱਕ ਸਰਵੇਖਣ ਵਿਚ ਲਗਪਗ 10 ਵਿਚੋਂ 4 ਆਮ ਅਮਰੀਕੀ ਬਾਲਗਾਂ ਨੇ ਅਜਿਹੀ ਸਲਾਹ ਦਿੱਤੀ ਸੀ। ਲਗਪਗ ਦੋ-ਤਿਹਾਈ ਏ.ਏ.ਪੀ.ਆਈ. ਬਾਲਗ ਜੋ ਆਮ ਅਮਰੀਕੀਆਂ ਦੇ ਮੁਕਾਬਲੇ ਡੈਮੋਕਰੈਟਿਕ ਪਾਰਟੀ ਦੇ ਜ਼ਿਆਦਾ ਸਮਰਥਕ ਹੁੰਦੇ ਹਨ, ਦਾ ਕਹਿਣਾ ਹੈ ਕਿ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਮਾਮਲੇ ਵਿਚ ਟਰੰਪ ਬਹੁਤ ਅੱਗੇ ਨਿਕਲ ਗਏ ਹਨ।

# ਕੋਲੰਬੀਆ 'ਚ ਹਵਾਈ ਫੌਜ ਦਾ ਜਹਾਜ਼ ਹਾਦਸਾਗ੍ਰਸਤ, 34 ਦੀ ਮੌਤ, 125 ਫ਼ੌਜੀ ਸਨ ਸਵਾਰ

ਕੋਲੰਬੀਆ : ਕੋਲੰਬੀਆ ਵਿੱਚ ਹਵਾਈ ਸੈਨਾ ਦਾ ਇੱਕ ਫੌਜੀ ਜਹਾਜ਼ ਉਡਾਣ ਭਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ 30 ਤੋਂ ਵੱਧ ਲੋਕ ਮਾਰੇ ਗਏ। ਜਹਾਜ਼ ਵਿੱਚ 125 ਕੋਲੰਬੀਆਈ ਸੈਨਿਕ ਸਵਾਰ ਸਨ। ਇਹ ਹਾਦਸਾ ਪੇਰੂ ਦੀ ਸਰਹੱਦ ਦੇ ਨੇੜੇ ਦੱਖਣੀ ਐਮਾਜ਼ਾਨ ਖੇਤਰ ਦੇ ਪਿਊਰਟੋ ਲੇਗੁਇਜ਼ਾਮੋ ਵਿੱਚ ਵਾਪਰਿਆ।




ਰਾਇਟਰਜ਼ ਦੀ ਰਿਪੋਰਟ ਹੈ ਕਿ ਹੁਣ ਤੱਕ 34 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਪੁਤੁਮਾਯੋ ਰਾਜ ਦੇ ਗਵਰਨਰ ਜੌਨ ਗੈਬਰੀਅਲ ਮੋਲੀਨਾ ਨੇ ਸਥਾਨਕ ਨਿਊਜ਼ ਆਉਟਲੈਟ ਕਾਰਾਕੋਲ ਨੋਟੀਸੀਅਸ ਨੂੰ ਦੱਸਿਆ ਕਿ 34 ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਵਿੱਚੋਂ 21 ਦੀ ਅਜੇ ਪਛਾਣ ਨਹੀਂ ਹੋ ਸਕੀ ਹੈ। ਰੱਖਿਆ ਮੰਤਰੀ ਪੇਡਰੋ ਸਾਂਚੇਜ਼ ਨੇ ਕਿਹਾ ਕਿ ਹਵਾਈ ਸੈਨਾ ਹਰਕੂਲੀਸ ਸੀ-130 ਜਹਾਜ਼ ਉਡਾਣ ਭਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਰਨਵੇਅ ਤੋਂ ਲਗਭਗ 1.5 ਕਿਲੋਮੀਟਰ ਦੂਰ ਲੈਂਡ ਕੀਤਾ।

# ਟਰੰਪ ਵੱਲੋਂ ਜਲ ਮਾਰਗ ਖੋਲ੍ਹਣ ਲਈ ਇਰਾਨ ਨੂੰ ਅਲਟੀਮੇਟਮ

### ਜਵਾਬ 'ਚ ਇਰਾਨ ਨੇ ਇਜ਼ਰਾਈਲ ਦੇ ਪ੍ਰਮਾਣੂ ਕੇਂਦਰ ਨੇੜਲੇ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ; 115 ਜ਼ਖ਼ਮੀ

ਕਾਹਿਰਾ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੇ ਹਰਮੁਜ਼ ਜਲ ਮਾਰਗ 48 ਘੰਟਿਆਂ 'ਚ ਨਾ ਖੋਲ੍ਹਿਆ ਤਾਂ ਉਸ ਦੇ ਬਿਜਲੀ ਘਰ ਤਬਾਹ ਕਰ ਦਿੱਤੇ ਜਾਣਗੇ। ਟਰੰਪ ਦੀ ਧਮਕੀ ਦੇ ਜਵਾਬ 'ਚ ਇਰਾਨ ਨੇ ਇਜ਼ਰਾਈਲ ਦੇ ਮੁੱਖ ਪਰਮਾਣੂ ਖੋਜ ਕੇਂਦਰ ਨੇੜਲੇ ਦੋ ਸ਼ਹਿਰਾਂ ਦਿਮੋਨਾ ਅਤੇ ਅਰਾਦ 'ਤੇ ਮਿਜ਼ਾਈਲਾਂ ਦਾਗ਼ੀਆਂ ਜਿਨ੍ਹਾਂ 'ਚ 115 ਵਿਅਕਤੀ ਜ਼ਖ਼ਮੀ ਹੋ ਗਏ। ਇਨ੍ਹਾਂ 'ਚੋਂ 9 ਦੀ ਹਾਲਤ ਗੰਭੀਰ ਹੈ। ਦਿਮੋਨਾ ਨੂੰ 'ਲਿਟਲ ਇੰਡੀਆ' ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਘਟਨਾਕ੍ਰਮ ਨਾਲ ਖ਼ਦਸ਼ਾ ਪੈਦਾ ਹੋ ਗਿਆ ਹੈ ਕਿ ਪੱਛਮੀ ਏਸ਼ੀਆ 'ਚ ਜੰਗ ਨਵੇਂ ਖ਼ਤਰਨਾਕ ਮੋੜ ਵੱਲ ਵਧ ਰਹੀ ਹੈ। ਦੂਜੇ ਪਾਸੇ, ਉੱਤਰੀ ਇਜ਼ਰਾਈਲ 'ਚ ਲਿਬਨਾਨੀ ਦਹਿਸ਼ਤੀ ਜਥੇਬੰਦੀ ਹਿਜ਼ਬੁੱਲਾ ਦੇ ਹਮਲੇ 'ਚ ਇਕ ਵਿਅਕਤੀ ਮਾਰਿਆ ਗਿਆ।



ਟਰੰਪ ਨੇ ਕਿਹਾ ਕਿ ਜੇ ਹਰਮੁਜ਼ ਜਲ ਮਾਰਗ 48 ਘੰਟਿਆਂ 'ਚ ਨਾ ਖੁੱਲ੍ਹਿਆ ਤਾਂ ਇਰਾਨ ਨੂੰ ਜ਼ੋਰਦਾਰ ਹਮਲਿਆਂ ਦਾ ਸਾਹਮਣਾ ਕਰਨਾ ਪਵੇਗਾ, ਇਰਾਨ ਦੇ ਸਭ ਤੋਂ ਵੱਡੇ ਬਿਜਲੀ ਘਰ ਨੂੰ ਨੁਕਸਾਨ ਪਹੁੰਚਾ ਕੇ ਤਬਾਹੀ ਦਾ ਨਵਾਂ ਦੌਰ ਸ਼ੁਰੂ ਹੋਵੇਗਾ। ਉਨ੍ਹਾਂ ਦਾ ਇਸ਼ਾਰਾ ਬੁਸ਼ਹਿਰ ਪਰਮਾਣੂ ਬਿਜਲੀ ਪਲਾਂਟ ਵੱਲ ਹੋ ਸਕਦਾ ਹੈ ਜਿਸ 'ਤੇ ਪਿਛਲੇ ਹਫ਼ਤੇ ਹਮਲਾ ਹੋਇਆ ਸੀ ਜਾਂ ਫਿਰ ਤਹਿਰਾਨ ਨੇੜੇ ਦਾਮਵੰਦ ਕੁਦਰਤੀ ਗੈਸ ਪਲਾਂਟ ਨਿਸ਼ਾਨੇ 'ਤੇ ਹੋ ਸਕਦਾ ਹੈ। ਇਸ ਧਮਕੀ ਦੇ ਜਵਾਬ 'ਚ ਇਰਾਨ ਨੇ ਚਿਤਾਵਨੀ ਦਿੱਤੀ ਕਿ ਜੇ ਮੁਲਕ ਦੇ ਊਰਜਾ ਕੇਂਦਰਾਂ 'ਤੇ ਹਮਲੇ ਹੋਏ ਤਾਂ ਉਹ ਖ਼ਿੱਤੇ 'ਚ ਮੌਜੂਦ ਅਮਰੀਕੀ ਤੇ ਇਜ਼ਰਾਇਲੀ ਊਰਜਾ ਤੇ ਬੁਨਿਆਦੀ ਢਾਂਚੇ ਵਾਲੇ ਕੇਂਦਰਾਂ ਨੂੰ ਨਿਸ਼ਾਨਾ ਬਣਾਏਗਾ। ਇਰਾਨ ਦੇ ਕੌਮਾਂਤਰੀ ਸਮੁੰਦਰੀ ਸੰਸਥਾ 'ਚ ਸਫ਼ੀਰ ਸੱਯਦ ਅਲੀ ਮੌਸਾਵੀ ਨੇ ਕਿਹਾ ਕਿ ਦੁਸ਼ਮਣ ਮੁਲਕਾਂ ਨੂੰ ਛੱਡ ਕੇ ਹੋਰ ਜਹਾਜ਼ ਹਰਮੁਜ਼ ਜਲ ਮਾਰਗ 'ਚੋਂ ਲੰਘ ਸਕਦੇ ਹਨ।

ਉਧਰ, ਇਜ਼ਰਾਇਲੀ ਫ਼ੌਜ ਨੇ ਕਿਹਾ ਕਿ ਉਹ ਦਿਮੋਨਾ ਅਤੇ ਅਰਾਦ 'ਚ ਮਿਜ਼ਾਈਲਾਂ ਨੂੰ ਫੁੰਡਣ 'ਚ ਨਾਕਾਮ ਰਹੇ। ਇਹ ਪਹਿਲੀ ਵਾਰ ਹੈ ਜਦੋਂ ਇਰਾਨੀ ਮਿਜ਼ਾਈਲਾਂ ਇਜ਼ਰਾਇਲੀ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਝਕਾਨੀ ਦੇਣ 'ਚ ਕਾਮਯਾਬ ਰਹੀਆਂ। ਇਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਗ਼ੇਰ ਗ਼ਾਲੀਬਫ ਨੇ 'ਐਕਸ' ਉਤੇ ਕਿਹਾ ਕਿ ਜੇ ਇਜ਼ਰਾਇਲੀ ਹਕੂਮਤ ਭਾਰੀ ਕਿਲੇਬੰਦੀ ਵਾਲੇ ਦਿਮੋਨਾ ਇਲਾਕੇ 'ਚ ਮਿਜ਼ਾਈਲਾਂ ਫੁੰਡਣ 'ਚ ਨਾਕਾਮ ਰਹੀ ਹੈ ਤਾਂ ਮੰਨ ਲਵੋ ਕਿ ਜੰਗ ਨਵੇਂ ਪੜਾਅ 'ਚ ਦਾਖ਼ਲ ਹੋ ਗਈ ਹੈ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਦਫ਼ਤਰ ਅਲੀਗੜ੍ਹ ਵਲੋਂ ਭਾਈ ਸਾਧੂ ਸਿੰਘ ਜੀ ਇੰਚਾਰਜ ਸਿੱਖ ਮਿਸ਼ਨ ਅਤੇ ਭਾਈ ਹਰਪਾਲ ਸਿੰਘ ਅਕਾਊਂਟ ਕਲਰਕ ਅਲੀਗੜ੍ਹ ਦਫ਼ਤਰ ਦੇ ਵਿਆਖਿਆਨ ਹੋਏ। 9 ਸਿੱਖਾਂ ਤੇ ਕਾਫ਼ੀ ਅਸਰ ਪਿਆ। ਸੰਗਤਾਂ ਦੇ ਭਾਰੀ ਗਿਣਤੀ ਵਿਚ ਦੀਵਾਨ ਤੇ ਅੱਪੜਨ ਤੋਂ ਕਾਫ਼ੀ ਉਤਸ਼ਾਹ ਦਾ ਅਨੁਮਾਨ ਲੱਗਦਾ ਸੀ। ਇਥੇ ਇਹ ਗੱਲ ਕਾਬਲੇ ਜ਼ਿਕਰ ਹੈ ਕਿ ਜਾਟਵ (ਕਾਸ਼ਤਕਾਰ ਚਮਾਰ) ਅੰਗਰੇਜ਼ੀ ਬੈਂਡ ਬਾਜਾ ਨਹੀਂ ਵਜਾ ਸਕਦੇ ਸਨ ਪਰ ਮਿਸ਼ਨ ਦੇ ਪ੍ਰਭਾਵ ਨਾਲ ਹਰਮੋਨੀਅਮ ਵਜਵਾ ਕੇ ਲੋਕਾਂ ਦਾ ਉਤਸ਼ਾਹ ਵਧਾਇਆ ਗਿਆ। 70 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਦੀਵਾਨ ਬੜੀ ਸਜ ਧਜ ਨਾਲ ਸਮਾਪਤ ਹੋਇਆ।

ਜ਼ਿਲ੍ਹਾ ਬਦਾਯੂੰ ਵਿਚ ਅੰਮ੍ਰਿਤ ਪ੍ਰਚਾਰ

ਸੰਗਤਾਂ ਦੀ ਗਿਆਤ ਲਈ ਅਖ਼ਬਾਰਾਂ ਵਿਚ ਦਿੱਤੀਆਂ ਗਈਆਂ ਅੰਮ੍ਰਿਤ ਪ੍ਰਚਾਰ ਰਿਪੋਰਟਾਂ ਰਾਹੀਂ ਅੱਗੇ ਹੀ ਆ ਚੁੱਕਾ ਹੈ ਕਿ ਜ਼ਿਲ੍ਹਾ ਬਦਾਯੂੰ ਵਿਚ ਪ੍ਰਚਾਰ ਦਾ ਸਿਲਸਿਲਾ ਲਗਾਤਾਰ ਵਾਧੇ ਵਲ ਜਾ ਰਿਹਾ ਹੈ। ਪ੍ਰਚਾਰਕ ਇਲਾਕਾ ਗਿਆਨੀ ਹਰਦਿੱਤ ਸਿੰਘ ਤੇ ਗਿਆਨੀ ਜੰਗ ਸਿੰਘ ਦੇ ਯਤਨ ਨਾਲ ਮਿਲੀ 26,27 ਜੂਨ ਨੂੰ ਪਿੰਡ ਬੰਦਰਈ ਵਿਖੇ ਬੜੀ ਸਜ ਧਜ ਨਾਲ ਦੀਵਾਨ ਸਜਾਇਆ ਗਿਆ। ਇਨ੍ਹਾਂ ਦਿਨਾਂ ਵਿਚ ਬਾਰਸ਼ ਹੋਣ ਦੇ ਬਾਵਜੂਦ ਭੀ 9 ਸਿੱਖ ਭਾਰੀ ਗਿਣਤੀ ਵਿਚ ਅੱਪੜੇ ਹੋਏ ਸਨ। ਭਾਈ ਰਘਬੀਰ ਸਿੰਘ ਜੀ ਪ੍ਰਚਾਰਕ ਅਤੇ ਗਿਆਨੀ ਮਹਿੰਦਰ ਸਿੰਘ ਜੀ ਫਿਲਾਸਫ਼ਰ ਵੀ ਅੱਪੜੇ ਹੋਏ ਸਨ। ਦਫ਼ਤਰ ਅਲੀਗੜ੍ਹ ਵਲੋਂ ਭਾਈ ਸਾਧੂ ਸਿੰਘ ਜੀ ਪ੍ਰਚਾਰ ਇੰਚਾਰਜ ਅਤੇ ਮੇਰਠ ਤੋਂ ਭਾਈ ਤੇਜਾ ਸਿੰਘ ਜੀ ਪ੍ਰਚਾਰਕ ਅੱਪੜੇ ਹੋਏ ਸਨ। ਉਪਰੋਕਤ ਸੱਜਣਾਂ ਦੇ ਵਿਆਖਿਆਨ ਪਿਛੋਂ 55 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ
(26) ਜੁਲਾਈ 1937

ਯੂ.ਪੀ. ਵਿਚ ਸਿੱਖੀ ਪ੍ਰਚਾਰ ਦਾ ਅਸਰ

(ਜਾਟਵ ਕੌਮ ਬਾਰੇ ਵਿਸ਼ੇਸ਼)

ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਪ੍ਰਕਾਸ਼ਿਤ ਹੋਈ ਸਾਲਾਨਾ ਰਿਪੋਰਟ ਰਾਹੀਂ ਇਹ ਗੱਲ ਕਿਸੀ ਹੱਦ ਤੱਕ ਦਰਸਾਈ ਗਈ ਸੀ ਕਿ ਯੂ.ਪੀ. ਵਿਚ ਜਾਟਵ ਕੌਮ ਜਿਸ ਵਿਚ ਸਾਡਾ ਪ੍ਰਚਾਰ ਇਸ ਸਮੇਂ ਹੋ ਰਿਹਾ ਹੈ, ਸਿੱਖ ਬਣਨ ਤੋਂ ਪਹਿਲਾਂ ਅਤਿਅੰਤ ਮਾੜੀ ਦਸ਼ਾ ਵਿਚ ਸੀ। ਜ਼ਮਾਨੇ ਦੇ ਧੱਕੇ ਹੀ ਖਾਣੇ ਇਸ ਦੀ ਕਿਸਮਤ ਵਿਚ ਸਨ। ਯਾਨੀ ਹੱਕ ਹਕੂਕ ਇਸ ਦੀ ਵਿਰਾਸਤ ਵਿਚ ਨਹੀਂ ਸਮਝਦੇ ਜਾਂਦੇ ਸਨ, ਪਰ ਸਿੱਖ ਬਣਨ ਨਾਲ ਫੌਰਨ ਪਹਿਲੂ ਤੋਂ ਪਰਿਵਰਤਨ ਵਰਤ ਰਿਹਾ ਹੈ। ਹੁਣੇ ਹੀ ਇਕ ਘਟਨਾ ਵਾਪਰੀ ਹੈ। ਪਿੰਡ ਖੇੜਾ ਬੁਲੰਦ ਸ਼ਹਿਰ ਵਿਖੇ 9 ਸਿੱਖਾਂ ਦੀ ਇਕ ਬਰਾਤ...ਘੋੜਿਆਂ ਆਦਿਕ ਨਾਲ ਅੱਪੜੀ। ਉਚ ਜਾਤੀ ਦੇ ਸੱਜਣਾਂ ਵਲੋਂ ਰੱਥ ਅਤੇ ਘੋੜੇ ਬਰਾਤ ਵਿਚ ਲੈ ਜਾਣਾ ਇਨ੍ਹਾਂ ਲੋਕਾਂ ਲਈ ਹਾਲੀ ਤੀਕਰ ਹੱਕ ਨਹੀਂ ਸਮਝਿਆ ਗਿਆ। ਬਰਾਤ ਇਸ ਹਾਲਤ ਵਿਚ ਪਿੰਡ ਵਿਚੋਂ ਲੰਘਣੀ ਵਿਰੋਧੀਆਂ ਵਲੋਂ ਰੋਕ ਦਿੱਤੀ ਗਈ। ਮਿਸ਼ਨ ਦਾ ਪ੍ਰਚਾਰਕ ਭਾਈ ਵਰਿਆਮ ਸਿੰਘ ਮੌਕੇ 'ਤੇ ਮੌਜੂਦ ਸੀ। ਸਾਹਿਬ ਵਲੋਂ ਇਤਲਾਹ ਕਰਨ ਤੋਂ ਫੌਰਨ ਹੀ ਨੇੜੇ ਦੇ ਪਿੰਡ ਫਿਰਕਨੇ ਤੋਂ 9 ਸਿੱਖਾਂ ਦਾ ਜਥਾ ਅੱਪੜ ਗਿਆ, ਜਿਸ ਨਾਲ ਭਾਈ ਬਲਵੰਤ ਸਿੰਘ ਜੀ ਪ੍ਰਚਾਰਕ ਮਿਸ਼ਨ ਵਲੋਂ ਬਰਾਤ ਆਪਣੀ ਸ਼ਾਨ ਨਾਲ ਲੰਘੀ, ਵਿਰੋਧੀਆਂ ਦੇ ਹੌਸਲੇ ਜਥੇ ਨੂੰ (ਜਿਹੜਾ 9 ਸਿੱਖਾਂ ਦਾ ਸੀ) ਦੇਖ ਕੇ ਪਸਤ ਹੋ ਗਿਆ। ਇਹ ਘਟਨਾ ਇਸ ਇਲਾਕੇ ਵਿਚ ਦੀ ਹੈਸੀਅਤ ਨਾਲ ਦੇਖੀ ਜਾ ਰਹੀ ਹੈ। ਇਸ ਘਟਨਾ ਦੇ ਪ੍ਰਭਾਵ ਨਾਲ ਹੀ ਪਿੰਡ ਸਿੰਘ ਸਜ ਰਹੇ ਹਨ। ਇਸੀ ਇਲਾਕੇ ਵਿਚ 9 ਸਿੱਖਾਂ ਦੀ ਜਥੇਬੰਦੀ ਦੀ ਵਿਚਿੱਤਰ ਘਟਨਾ ਹੋਈ ਹੈ। ਭਾਈ ਸਾਧੂ ਸਿੰਘ ਜੀ ਯੂ.ਪੀ. ਪ੍ਰਚਾਰਕ ਇੰਚਾਰਜ ਪਿਲਖੁਨਾ ਜਾ ਕੇ ਪਤਾ ਲੱਗਾ ਕਿ ਨਾਲ ਦੇ ਪਿੰਡ ਬਦਰਪੁਰ ਵਿਚ ਇਕ ਜ਼ਿਮੀਂਦਾਰ ਦੇ ਸਿਪਾਹੀ ਨੇ ਜ਼ਬਰਦਸਤੀ ਇਕ ਨਾਬਾਲਗ ਸਿੱਖ ਦਾ ਕਛਹਿਰਾ ਉਤਾਰ ਲਿਆ। ਭਾਈ ਸਾਧੂ ਸਿੰਘ ਜੀ, ਭਾਈ ਰਘਬੀਰ ਸਿੰਘ ਜੀ ਅਤੇ ਮਹਿੰਦਰ ਸਿੰਘ ਜੀ ਫਿਲਾਸਫਰ ਰਾਜ ਘਾਟ ਜ਼ਿਮੀਂਦਾਰ ਪਾਸ ਮੁਆਮਲੇ ਦੀ ਪੜਤਾਲ ਲਈ ਅੱਪੜੇ। ਮੁਆਮਲਾ ਨਜਿੱਠਿਆ ਗਿਆ। ਪਰ ਕਿਸੀ ਵਿਰੋਧੀ ਨੇ ਗਲ ਦਰਿਆਫ਼ਤ ਕਰਨ ਗਏ ਸਿੱਖਾਂ ਨੂੰ ਘੇਰ ਲਿਆ। ਪਿਲਖੁਨਾ ਦੇ ਉਪਰੋਕਤ ਫਰਜ਼ੀ ਹਮਲੇ ਦਾ ਪਤਾ ਲੱਗਾ। ਖ਼ਬਰ ਹਵਾ ਦੀ ਤਰ੍ਹਾਂ ਫੈਲ ਗਈ। ਹੈਰਾਨ ਸਾਂ ਕਿ ਜਦ ਸਿੱਖ ਇਕ ਬੜੇ ਭਾਰੇ ਜਥੇ ਦੀ ਸ਼ਕਲ ਵਿਚ ਅਸਾਡੇ ਲਈ ਬੜੇ ਜੋਸ਼ ਵਿਚ ਆ ਹੇ ਸਨ। ਉਪਰੋਕਤ ਘਟਨਾਵਾਂ ਤੋਂ ਆਪ ਅਨੁਮਾਨ ਲਾ ਸਕਦੇ ਹੋ ਕਿ ਸਿੱਖੀ ਆਪਣੀ ਰੰਗਤ ਯੂ.ਪੀ. ਦੇ ਜਾਟਵ ਜਿਹੀ ਕੌਮ ਵਿਚ ਆਪਣਾ ਅਸਰ ਦਿਖਾ ਰਹੀ ਹੈ।

ਦਾਸ-ਕੇਹਰ ਸਿੰਘ
ਆਨਰੇਰੀ ਸਕੱਤਰ
ਸਰਬ-ਹਿੰਦ ਸਿੱਖ ਮਿਸ਼ਨ, ਅੰਮ੍ਰਿਤਸਰ
ਗੁਰਦੁਆਰਾ ਗਜ਼ਟ, ਜੁਲਾਈ 1937, ਪੰਨੇ 24-26




(ਚਲਦਾ)

# ਜੰਗ ਵਿਚਾਲੇ ਭਾਰਤੀਆਂ ਵੱਲੋਂ ਆਈ ਮਦਦ 'ਤੇ ਇਰਾਨ ਨੇ ਕੀਤਾ ਧੰਨਵਾਦ

ਇਕ ਪਾਸੇ ਜਦੋਂ ਇਰਾਨ 'ਚ ਛਿੜੀ ਜੰਗ ਨੇ ਪੂਰੇ ਮਿਡਲ ਈਸਟ ਨੂੰ ਆਪਣੀ ਚਪੇਟ 'ਚ ਲਿਆ ਹੋਇਆ ਹੈ, ਉੱਥੇ ਹੀ ਭਾਰਤੀ ਲੋਕਾਂ ਨੇ ਇਰਾਨ ਦੀ ਮਦਦ ਕਰਦਿਆਂ ਅਜਿਹੀ ਮਿਸਾਲ ਪੇਸ਼ ਕੀਤੀ ਹੈ, ਕਿ ਦੇਖਣ ਵਾਲਾ ਹਰ ਕੋਈ ਹੈਰਾਨ ਰਹਿ ਗਿਆ ਹੈ।



ਇਰਾਨ ਅਤੇ ਅਮਰੀਕਾ ਵਿਚਕਾਰ ਜਾਰੀ ਜੰਗ ਦੇ ਚੱਲਦਿਆਂ, ਭਾਰਤ ਵਿੱਚ ਇਰਾਨੀ ਦੂਤਾਵਾਸ ਨੇ ਭਾਰਤੀਆਂ, ਖ਼ਾਸ ਕਰਕੇ ਕਸ਼ਮੀਰੀਆਂ ਵੱਲੋਂ ਦਿੱਤੀ ਗਈ ਮਦਦ ਲਈ ਦਿਲੋਂ ਸ਼ੁਕਰੀਆ ਅਦਾ ਕੀਤਾ ਹੈ। ਦੂਤਾਵਾਸ ਨੇ ਸੋਸ਼ਲ ਮੀਡੀਆ ਰਾਹੀਂ ਕਿਹਾ ਕਿ ਭਾਰਤ ਦਾ ਇਹ ਦਰਿਆਦਿਲੀ ਤੇ ਮਨੁੱਖਤਾ ਇਰਾਨ ਦੇ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖੀ ਜਾਵੇਗੀ।

ਕਸ਼ਮੀਰ ਦੇ ਬਡਗਾਮ ਵਿੱਚ 'ਮਸਜਿਦ ਇਮਾਮ ਜ਼ਮਾਨ' ਵਿਖੇ ਇੱਕ ਸਟਾਲ ਲਗਾਇਆ ਗਿਆ ਹੈ, ਜਿੱਥੇ ਮੁਸਲਿਮ ਭੈਣਾਂ ਅਤੇ ਮਾਵਾਂ ਆਪਣੇ ਸੋਨੇ ਅਤੇ ਚਾਂਦੀ ਦੇ ਗਹਿਣੇ ਇਰਾਨ ਦੀ ਮਦਦ ਲਈ ਦਾਨ ਕਰ ਰਹੀਆਂ ਹਨ। ਦੂਤਾਵਾਸ ਨੇ ਇੱਕ ਅਜਿਹੀ ਔਰਤ ਦਾ ਜ਼ਿਕਰ ਕੀਤਾ ਜਿਸ ਨੇ ਆਪਣੇ ਪਤੀ, ਜਿਸ ਦੀ ਮੌਤ 28 ਸਾਲ ਪਹਿਲਾਂ ਹੋ ਚੁੱਕੀ ਸੀ, ਦੀ ਆਖਰੀ ਨਿਸ਼ਾਨੀ ਵਜੋਂ ਰੱਖਿਆ ਸੋਨਾ ਵੀ ਇਰਾਨ ਦੇ ਲੋਕਾਂ ਲਈ ਦਾਨ ਕਰ ਦਿੱਤਾ। ਇਹੀ ਨਹੀਂ, ਕਸ਼ਮੀਰ ਦੇ ਛੋਟੇ ਬੱਚੇ ਆਪਣੇ 'ਪਿਗੀ ਬੈਂਕ' ਨੂੰ ਤੋੜ ਕੇ ਜਮ ?ਹਾਂ ਕੀਤੀ ਪੂੰਜੀ ਵੀ ਇਰਾਨ ਭੇਜ ਰਹੇ ਹਨ।

ਇਰਾਨੀ ਦੂਤਾਵਾਸ ਨੇ ਐਕਸ 'ਤੇ ਇਕ ਪੋਸਟ ਸਾਂਝੀ ਕਰਦੇ ਹੋਏ ਲਿਖਿਆ, "ਅਸੀਂ ਤੁਹਾਡੀ ਦਿਆਲਤਾ ਅਤੇ ਇਨਸਾਨੀਅਤ ਨੂੰ ਕਦੇ ਨਹੀਂ ਭੁੱਲਾਂਗੇ। ਥੈਂਕ ਯੂ ਇੰਡੀਆ! ਕਸ਼ਮੀਰ ਦੀਆਂ ਮਾਵਾਂ ਦੀਆਂ ਅੱਖਾਂ ਦੇ ਹੰਝੂ ਅਤੇ ਭਾਵਨਾਵਾਂ ਇਰਾਨ ਦੇ ਲੋਕਾਂ ਲਈ ਸਕੂਨ ਦਾ ਸਭ ਤੋਂ ਵੱਡਾ ਸਰੋਤ ਹਨ।"

ਇਰਾਨ ਦੇ ਸਮਰਥਨ ਲਈ ਅੱਗੇ ਆ ਰਹੇ ਲੋਕਾਂ ਨੇ ਕਿਹਾ ਕਿ ਉਹ ਖ਼ੁਦ ਜੰਗ ਦੇ ਮੈਦਾਨ ਵਿੱਚ ਇਰਾਨ ਦੀ ਮਦਦ ਲਈ ਨਹੀਂ ਜਾ ਸਕਦੇ, ਇਸ ਲਈ ਉਹ ਨਕਦੀ, ਤਾਂਬਾ ਅਤੇ ਗਹਿਣੇ ਆਦਿ ਇਕੱਠੀ ਕਰ ਕੇ ਇਨਸਾਨੀਅਤ ਦੀ ਸੇਵਾ ਕਰ ਰਹੇ ਹਨ। ਇਹ ਘਟਨਾ ਦਰਸਾਉਂਦੀ ਹੈ ਕਿ ਜੰਗ ਦੇ ਔਖੇ ਸਮੇਂ ਵਿੱਚ ਸਰਹੱਦਾਂ ਦੀਆਂ ਵਲਗਣਾਂ ਟੁੱਟ ਜਾਂਦੀਆਂ ਹਨ ਅਤੇ ਸਿਰਫ਼ ਇਨਸਾਨੀ ਰਿਸ਼ਤੇ ਹੀ ਬਾਕੀ ਰਹਿ ਜਾਂਦੇ ਹਨ। ਭਾਰਤ ਨੇ ਇੱਕ ਵਾਰ ਫਿਰ 'ਵਸੁਧੈਵ ਕੁਟੁੰਬਕਮ' ਦੇ ਸੰਕਲਪ ਨੂੰ ਸੱਚ ਕਰ ਵਿਖਾਇਆ ਹੈ।

# ਟਰੰਪ ਦੇ ਫੈਸਲੇ ਨਾਲ ਅਮਰੀਕੀ ਸ਼ੇਅਰ ਬਾਜ਼ਾਰ 'ਚ ਤੂਫਾਨੀ ਤੇਜ਼ੀ, ਸੂਚਕ ਅੰਕਾਂ ਨੇ ਭਰੀ ਲੰਬੀ ਉਡਾਣ

ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਨੂੰ ਅਹਿਮ 'ਹੋਰਮੁਜ਼ ਸਟ੍ਰੇਟ' ਨੂੰ ਫਿਰ ਤੋਂ ਖੋਲ੍ਹਣ ਲਈ ਸਮਾਂ-ਹੱਦ ਵਧਾਉਣ ਤੋਂ ਬਾਅਦ ਅਮਰੀਕੀ ਸ਼ੇਅਰ ਬਾਜ਼ਾਰ 'ਚ ਤੂਫ਼ਾਨੀ ਤੇਜ਼ੀ ਆਈ ਅਤੇ ਇਨ੍ਹਾਂ ਦੇ ਸੂਚਕ ਅੰਕਾਂ ਨੇ ਲੰਬੀ ਉਡਾਣ ਭਰ ਲਈ।

ਗਲੋਬਲ ਤੇਲ ਕੀਮਤਾਂ 'ਚ ਵੀ ਵੱਡੀ ਗਿਰਾਵਟ ਦਰਜ ਕੀਤੀ ਗਈ। ਟਰੰਪ ਨੇ ਕਿਹਾ ਕਿ ਅਮਰੀਕਾ ਅਗਲੇ 5 ਦਿਨਾਂ ਤੱਕ ਈਰਾਨੀ ਬਿਜਲੀ ਪਲਾਂਟਾਂ ਅਤੇ ਹੋਰ ਊਰਜਾ ਬੁਨਿਆਦੀ ਢਾਂਚਿਆਂ 'ਤੇ ਹਮਲੇ ਨਹੀਂ ਕਰੇਗਾ।

ਇਸ ਖ਼ਬਰ ਦੇ ਆਉਂਦਿਆਂ ਹੀ 'ਐੱਸ. ਐਂਡ ਪੀ. 500' ਅਤੇ 'ਡਾਓ ਜੋਨਸ ਇੰਡਸਟਰੀਅਲ ਐਵਰੇਜ' ਦੇ ਵਾਅਦਾ ਕਾਰੋਬਾਰ 'ਚ ਬਾਜ਼ਾਰ ਖੁੱਲ੍ਹਣ ਤੋਂ ਪਹਿਲਾਂ ਹੀ 2.6 ਫੀਸਦੀ ਦੀ ਤੇਜ਼ੀ ਦੇਖੀ ਗਈ। ਦੂਜੇ ਪਾਸੇ, ਕੱਚੇ ਤੇਲ ਦੀਆਂ ਕੀਮਤਾਂ ਨੇ ਤੁਰੰਤ ਆਪਣਾ ਰੁਖ ਬਦਲ ਲਿਆ ਅਤੇ ਇਨ੍ਹਾਂ 'ਚ 10 ਫੀਸਦੀ ਤੱਕ ਦੀ ਗਿਰਾਵਟ ਆਈ।




ਇਸੇ ਰਾਹਤ ਕਾਰਨ ਸਿੰਗਾਪੁਰ 'ਚ ਟਰੇਡ ਹੋਣ ਵਾਲੇ ਗਿਫਟ ਨਿਫਟੀ 'ਚ ਖਬਰ ਲਿਖੇ ਜਾਣ ਤੱਕ 800 ਅੰਕਾਂ ਤੋਂ ਵੱਧ ਦਾ ਉਛਾਲ ਆਇਆ ਅਤੇ ਇਹ 23,323 ਦੇ ਪੱਧਰ 'ਤੇ ਕਾਰੋਬਾਰ ਕਰ ਰਿਹਾ ਸੀ। ਪੱਛਮੀ ਦੇਸ਼ਾਂ ਦੇ ਬਾਜ਼ਾਰਾਂ 'ਚ ਵੀ ਹਰਿਆਲੀ ਪਰਤ ਆਈ। ਡਾਓ ਜੋਨਸ ਫਿਊਚਰਜ਼ 886.57 ਅੰਕ (1.94 ਫੀਸਦੀ) ਉਛਲ ਕੇ 46,465.04 'ਤੇ ਪਹੁੰਚ ਗਿਆ। ਜਰਮਨੀ ਦਾ ਡੀ. ਏ. ਐਕਸ. 428.21 ਅੰਕ ਅਤੇ ਬ੍ਰਿਟੇਨ ਦਾ ਐੱਫ. ਟੀ. ਐੱਸ. ਈ. ਵੀ ਵਾਧੇ ਨਾਲ ਕਾਰੋਬਾਰ ਕਰ ਰਿਹਾ ਹੈ।

**ਬੈਂਕਿੰਗ ਅਤੇ ਇੰਡਸਟਰੀਅਲ ਸ਼ੇਅਰਾਂ 'ਚ ਵੀ ਤੇਜ਼ੀ**

: ਬਾਜ਼ਾਰਾਂ 'ਚ ਇਸ ਹਾਂ-ਪੱਖੀ ਸੰਕੇਤ ਦਾ ਅਸਰ ਵਿਆਪਕ ਰੂਪ 'ਚ ਦੇਖਣ ਨੂੰ ਮਿਲਿਆ। ਬੈਂਕਿੰਗ ਅਤੇ ਇੰਡਸਟਰੀਅਲ ਸ਼ੇਅਰਾਂ ਦੇ ਨਾਲ ਟੈੱਕ ਸ਼ੇਅਰਾਂ 'ਚ ਵੀ ਤੇਜ਼ੀ ਆਈ। ਖਬਰ ਲਿਖੇ ਜਾਣ ਤੱਕ ਜੇ. ਪੀ. ਮਾਰਗਨ ਚੈਸ ਅਤੇ ਮਾਰਗਨ ਸਟੈਨਲੀ ਦੇ ਸ਼ੇਅਰ ਪ੍ਰੀ-ਮਾਰਕੀਟ 'ਚ ਲੱਗਭਗ 2 ਫੀਸਦੀ ਚੜ੍ਹੇ। ਟੈੱਕ ਸੈਕਟਰ 'ਚ ਐੱਨਵੀਡੀਆ ਅਤੇ ਐਪਲ ਦੇ ਸ਼ੇਅਰ ਵੀ 2 ਫੀਸਦੀ ਤੱਕ ਉਛਲੇ। ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ 24 ਮਾਰਚ ਭਾਵ ਮੰਗਲਵਾਰ ਨੂੰ ਜਦੋਂ ਭਾਰਤੀ ਸ਼ੇਅਰ ਬਾਜ਼ਾਰ ਖੁੱਲ੍ਹਣਗੇ, ਤਾਂ ਆਮ ਨਿਵੇਸ਼ਕਾਂ ਲਈ ਸਥਿਤੀ ਕਿਹੋ ਜਿਹੀ ਰਹੇਗੀ? ਇਸ ਦਾ ਸਿੱਧਾ ਜਵਾਬ ਹੈ ਕਿ ਬਾਜ਼ਾਰ 'ਚ ਇਕ ਵੱਡੀ ਅਤੇ ਸ਼ਾਨਦਾਰ ਤੇਜ਼ੀ ਦੇਖਣ ਨੂੰ ਮਿਲੇਗੀ। ਗਿਫਟ ਨਿਫਟੀ 'ਚ ਆਏ ਭਾਰੀ ਉਛਾਲ ਤੋਂ ਬਾਅਦ ਇਹ ਤੈਅ ਮੰਨਿਆ ਜਾ ਰਿਹਾ ਹੈ ਕਿ ਘਰੇਲੂ ਬਾਜ਼ਾਰ ਦੀ ਸ਼ੁਰੂਆਤ ਬੇਹੱਦ ਮਜ਼ਬੂਤ ਹੋਵੇਗੀ।

# ਸਰੀ 'ਚ ਜ਼ੀਰਾ ਦੇ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

## 4 ਸਾਲ ਪਹਿਲਾਂ ਪੜ੍ਹਾਈ ਲਈ ਗਿਆ ਸੀ ਵਿਦੇਸ਼

ਕੈਨੇਡਾ ਤੋਂ ਦੁਖਦਾਈ ਖਬਰ ਸਾਹਮਣੇ ਆਈ ਹੈ, ਇਥੇ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਅਨਮੋਲ ਵਰਮਾ ਵਜੋਂ ਹੋਈ ਹੈ। ਜੋ ਕਿ 4 ਸਾਲ ਪਹਿਲਾਂ ਪੜ੍ਹਾਈ ਲਈ ਵਿਦੇਸ਼ ਗਿਆ ਸੀ। ਮ੍ਰਿਤਕ ਅਜੇ ਕੁਆਰਾ ਸੀ।

ਜਾਣਕਾਰੀ ਅਨੁਸਾਰ ਕੱਚਾ ਗਾਦੜੀਵਾਲਾ ਰੋਡ ਜ਼ੀਰਾ ਦੇ ਰਹਿਣ ਵਾਲੇ ਧਰਮ ਵੀਰ ਕੁਮਾਰ ਦੇ ਬੇਟੇ ਨਵਦੀਪ ਵਰਮਾ ਅਤੇ ਅਨਮੋਲ ਵਰਮਾ 4 ਸਾਲ ਪਹਿਲਾਂ ਕੈਨੇਡਾ ਪੜ੍ਹਾਈ ਕਰਨ ਲਈ ਗਏ ਸਨ। ਕੰਮ ਤੋਂ ਪਰਤ ਕੇ ਦੋਵੇਂ ਭਰਾ ਰੋਟੀ ਖਾ ਕੇ ਸੌਂ ਗਏ, ਸਵੇਰੇ ਜਦੋਂ ਉਸ ਦੇ ਵੱਡੇ ਭਰਾ ਨਵਦੀਪ ਵਰਮਾ ਨੇ ਆਪਣੇ ਛੋਟੇ ਭਰਾ ਅਨਮੋਲ ਵਰਮਾ ਨੂੰ ਕੰਮ 'ਤੇ ਜਾਣ ਲਈ ਉਠਾਇਆ ਤਾਂ ਉਸ ਦੀ ਸਾਈਲੈਂਟ ਹਾਰਟ ਅਟੈਕ ਨਾਲ ਮੌਤ ਹੋ ਚੁੱਕੀ ਸੀ।

ਪਰਿਵਾਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਬੇਟੇ ਦੀ ਲਾਸ਼ ਪੰਜਾਬ 'ਚ ਲਿਆਉਣ ਲਈ ਮਦਦ ਕੀਤੀ ਜਾਵੇ। ਇਸ ਦੁੱਖ ਭਰੀ ਘੜੀ ਵਿਚ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਬੀਰ ਸਿੰਘ ਜੀਰਾ ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਜਾਂਚ :**

**ਦੰਦਾਂ ਦੇ ਐਕਸ-ਰੇ ਨਾਲ।**

**ਇਲਾਜ :**

1. ਦੰਦਾਂ ਦੀ ਫ਼ਿਲਿੰਗ : ਦੰਦਾਂ ਦੇ ਡਾਕਟਰ ਦੰਦਾਂ ਵਿੱਚ ਬਣੇ ਹੋਏ ਖੋਲ . ਸਾਫ਼ ਕਰਦੇ ਹਨ ਅਤੇ ਫਿਰ ਇਸ. ਭਰਦੇ ਹਨ। ਫ਼ਿਲਿੰਗ, ਚਾਂਦੀ (ਸਿਲਵਰ) ਜਾਂ ਸਫ਼ੇਦ (ਕੰਪੋਜ਼ਿਟ) ਹੋ ਸਕਦੀ ਹੈ।
2. ਰੂਟ ਕਨਾਲ : ਰੂਟ ਕਨਾਲ ਦੀ ਜ਼ਰੂਰਤ ਉਦੋਂ ਹੁੰਦੀ ਹੈ ਜਦੋਂ ਖੋਲ ਬਹੁਤ ਜ਼ਿਆਦਾ ਡੂੰਘਾ ਹੋ ਜਾਵੇ ਅਤੇ ਇਹ ਦੰਦ ਦੀ ਨਸ ਤਕ ਪਹੁੰਚ ਜਾਵੇ। ਇਸਨੂੰ ਸਫਲਤਾਪੂਰਵਕ ਕਰਨ ਲਈ ਦੰਦ ਦਾ ਅੰਦਰਲਾ ਹਿੱਸਾ ਸਮੇਤ ਦੰਦ ਦੀ ਨਸ ਤਕ ਕੱਢਿਆ ਜਾਂਦਾ ਹੈ, ਤੇ ਬਚੇ ਹੋਏ ਦੰਦ ਦੇ ਉੱਪਰ ਇੱਕ ਕਰਾਊਨ ਚੜ੍ਹਾਅ ਦਿੱਤਾ ਜਾਂਦਾ ਹੈ। ਰੂਟ ਕਨਾਲ ਨਾਲ ਦੰਦ ਨੂੰ ਬਚਾਇਆ ਜਾ ਸਕਦਾ ਹੈ।

**ਦੰਦਾਂ ਦਾ ਇਨਫ਼ੈਕਸ਼ਨ**


ਦੰਦਾਂ ਦਾ ਇਨਫ਼ੈਕਸ਼ਨ ਦੰਦਾਂ, ਮਸੂੜਿਆਂ ਜਾਂ ਜਬਾੜੇ ਦੀ ਹੱਡੀ ਵਿੱਚ ਹੋ ਸਕਦਾ ਹੈ।

**ਕਾਰਨ :**

1. ਦੰਦਾਂ ਦਾ ਅੰਦਰੋਂ ਖ਼ਰਾਬ ਹੋਣਾ।
2. ਦੰਦਾਂ ਦਾ ਟੁੱਟਣਾ।
3. ਮਸੂੜਿਆਂ ਦੀ ਬਿਮਾਰੀ।

**ਲੱਛਣ :**

1. ਬਹੁਤ ਜ਼ਿਆਦਾ ਦਰਦ।
2. ਬੁਰਸ਼ ਕਰਨ ਨਾਲ ਮਸੂੜਿਆਂ ਵਿੱਚੋਂ ਖ਼ੂਨ ਨਿਕਲਣਾ।
3. ਬੁਖ਼ਾਰ।




4. ਬਦਬੂਦਾਰ ਸਾਹ ਆਉਣਾ।
5. ਲਾਲ ਅਤੇ ਸੁੱਜੇ ਹੋਏ ਮਸੂੜੇ।
6. ਠੰਡਾ ਜਾਂ ਗਰਮ ਲੱਗਣਾ।
7. ਦੰਦਾਂ ਦਾ ਢਿੱਲੇ ਹੋਣਾ।

**ਰੋਕਥਾਮ/ਬਚਾਅ :**

1. ਬੁਰਸ਼ ਕਰਨਾ : ਦੰਦਾਂ ਅਤੇ ਮਸੂੜਿਆਂ ਦੀ ਸਿਹਤ ਨੂੰ ਸਹੀ ਰੱਖਣ ਲਈ ਠੀਕ ਤਰੀਕੇ ਨਾਲ ਬੁਰਸ਼ ਕਰਨਾ ਬਹੁਤ ਜ਼ਰੂਰੀ ਹੈ। ਹਰ ਰੋਜ਼ ਲਗਭਗ ਦੋ ਮਿੰਟ ਲਈ ਦਿਨ ਵਿੱਚ ਦੋ ਵਾਰ ਬੁਰਸ਼ ਕਰੋ। ਬੁਰਸ਼ ਨੂੰ ਆਪਣੇ ਮਸੂੜਿਆਂ ਦੀ ਲਾਈਨ ਵਿੱਚ ਟੇਢਾ ਕਰ ਕੇ ਆਪਣੇ ਮਸੂੜਿਆਂ ਤੋਂ ਬਾਹਰ ਵੱਲ ਨੂੰ ਬੁਰਸ਼ ਕਰੋ, ਆਪਣੀ ਜੀਭ ਉੱਤੇ ਕੀਟਾਣੂ ਹਟਾਉਣ ਲਈ ਜੀਭ 'ਤੇ ਵੀ ਆਰਾਮ ਨਾਲ ਬੁਰਸ਼ ਕਰੋ। ਇਸ ਤੋਂ ਬਾਅਦ ਚੰਗੀ ਤਰ੍ਹਾਂ ਪਾਣੀ ਨਾਲ ਕੁਰਲੀ ਕਰੋ। ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਨੂੰ ਬੁਰਸ਼ ਕਰਨਾ ਨਾ ਭੁੱਲੋ।
2. ਫ਼ਲੌਸਿੰਗ : ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਧਾਗੇ ਨਾਲ ਸਾਫ਼ ਕਰਨ ਦੇ ਤਰੀਕੇ ਨੂੰ ਫ਼ਲੌਸਿੰਗ ਕਿਹਾ ਜਾਂਦਾ ਹੈ। ਫ਼ਲੌਸਿੰਗ ਦਿਨ ਵਿੱਚ ਘੱਟੋ-ਘੱਟ ਇੱਕ ਵਾਰ ਜ਼ਰੂਰ ਕਰੋ, ਜੇ ਹੋ ਸਕੇ ਤਾਂ ਸੌਣ ਤੋਂ ਪਹਿਲਾਂ।
3. ਫ਼ਲੋਰਾਈਡ ਵਾਲੇ ਪੇਸਟ ਦੀ ਵਰਤੋਂ ਕਰੋ।
4. ਦੰਦਾਂ ਦੇ ਡਾਕਟਰ ਨੂੰ ਸਮੇਂ ਸਮੇਂ ਸਿਰ ਦਿਖਾਓ।

**ਜਾਂਚ :**

ਇਨਫ਼ੈਕਸ਼ਨ ਨੂੰ ਐਕਸ-ਰੇ ਜਾਂ ਦੰਦਾਂ ਦੇ ਡਾਕਟਰ ਵੱਲੋਂ ਜਾਂਚ ਕਰ ਕੇ ਪਤਾ ਲਗਾਇਆ ਜਾ ਸਕਦਾ ਹੈ।

**ਇਲਾਜ :**

1. ਐਂਟੀਬਾਇਓਟਿਕ ਦਵਾਈਆਂ।
2. ਦੰਦਾਂ ਦੇ ਡਾਕਟਰ ਵੱਲੋਂ ਦੰਦ ਵਿੱਚੋਂ ਪੀਕ ਨੂੰ ਬਾਹਰ ਕੱਢਣਾ।
3. ਰੂਟ-ਕਨਾਲ : ਦੰਦਾਂ ਦੀ ਜੜ੍ਹ ਨੂੰ ਸਾਫ਼ ਕਰਨ ਦਾ ਤਰੀਕਾ, ਜੇਕਰ ਦੰਦ ਵਿੱਚ ਬਹੁਤ ਵੱਡਾ ਖੋਲ ਹੈ।
4. ਜੇਕਰ ਦੰਦ ਇਨਫ਼ੈਕਸ਼ਨ ਕਰਕੇ ਬਹੁਤ ਢਿੱਲੇ ਹੋ ਜਾਣ ਤਾਂ ਦੰਦ ਨੂੰ ਕੱਢਣਾ ਵੀ ਪੈ ਸਕਦਾ ਹੈ।
5. ਦੰਦਾਂ ਦੇ ਡਾਕਟਰ ਕੋਲੋਂ ਦੰਦਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਵਾਓ।

**ਦੰਦਾਂ ਦੇ ਇੰਮਪਲਾਂਟ**

ਕਈ ਵਾਰ ਦੰਦਾਂ ਦੀਆਂ ਬਿਮਾਰੀਆਂ ਕਰਕੇ ਜਾਂ ਕਿਸੇ ਹਾਦਸੇ ਕਰਕੇ ਇੱਕ ਜਾਂ ਜ਼ਿਆਦਾ ਦੰਦ ਟੁੱਟ ਜਾਂਦੇ ਹਨ। ਦੰਦਾਂ ਦੀ ਇਹ ਕਮੀ ਖਾਣਾ ਚਬਾਉਣ ਵਿੱਚ ਅਤੇ ਬੋਲਣ ਵਿੱਚ ਤਕਲੀਫ਼ ਦਾ ਕਾਰਨ ਬਣ ਸਕਦੀ ਹੈ। ਡੈਂਟਿਸਟ ਨਿਕਲ ਚੁੱਕੇ ਦੰਦਾਂ ਦੀ ਵਿਰਲ ਯ ਪੂਰਾ ਕਰਨ ਲਈ ਇੰਮਪਲਾਂਟ ਬਰਿੱਜ ਜਾਂ ਡੈਂਚਰ ਲਗਾਂਦੇ ਹਨ।

**ਇੰਮਪਲਾਂਟ ਕੀ ਹਨ ?**

ਇੰਮਪਲਾਂਟ ਟਾਈਟੇਨੀਅਮ ਮੈਟਲ ਦੇ ਬਣੇ ਹੁੰਦੇ ਹਨ, ਜਿਨ੍ਹਾਂ ਯ ਦੰਦਾਂ ਦੇ ਡਾਕਟਰ ਅਪ੍ਰੇਸ਼ਨ ਕਰ ਕੇ ਜਬਾੜੇ ਵਿੱਚ ਫਿੱਟ ਕਰ ਦਿੰਦੇ ਹਨ। ਜਬਾੜੇ ਦੀ ਹੱਡੀ ਇਹਨਾਂ ਇੰਮਪਲਾਂਟ ਯ 3-5 ਮਹੀਨੇ ਦੇ ਵਕਫ਼ੇ ਵਿੱਚ ਚੰਗੀ ਤਰ੍ਹਾਂ ਜਕੜ ਲੈਂਦੀ ਹੈ। ਇੰਮਪਲਾਂਟ ਦੰਦਾਂ ਦੀ ਕਮੀ ਯ ਪੂਰਾ ਕਰਨ ਦਾ ਕਾਫ਼ੀ ਪ੍ਰਚੱਲਿਤ ਅਤੇ ਅਸਰਦਾਇਕ ਤਰੀਕਾ ਹੈ।

**ਇੰਮਪਲਾਂਟ ਦੇ ਫ਼ਾਇਦੇ :**

ਜਬਾੜੇ ਦੀ ਹੱਡੀ ਵਿੱਚ ਚੰਗੀ ਤਰ੍ਹਾਂ ਫਿੱਟ ਹੋਣ ਕਰਕੇ ਇੰਮਪਲਾਂਟ ਖਾਣਾ ਚਬਾਉਣ ਸਮੇਂ ਅਤੇ ਬੋਲਣ ਸਮੇਂ ਹਿਲਦੇ ਜਾਂ ਖਿਸਕਦੇ ਨਹਲ ਹਨ। ਇਹ ਕੁਦਰਤੀ ਦੰਦਾਂ ਵਾਂਗ ਮਹਿਸੂਸ ਹੁੰਦੇ ਹਨ। ਇੰਮਪਲਾਂਟ ਜਬਾੜੇ ਦੀ ਹੱਡੀ ਯ ਖੁਰਨ ਤੋਂ ਵੀ ਬਚਾਂਦੇ ਹਨ।

**(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।


HEALING HERBS & MASSAGE
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ !
ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।
ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।



ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਇਰਾਨ ਦੇ 'ਜ਼ਾਹਿਦਾਨ' ਸ਼ਹਿਰ 'ਚ ਕਦੇ ਹੁੰਦੀ ਸੀ ਸਿੱਖਾਂ ਦੀ ਬਹੁਗਿਣਤੀ

## 1979 ਦੀ ਇਰਾਨ ਕ੍ਰਾਂਤੀ ਤੋਂ ਬਾਅਦ ਬਹੁਤੇ ਸਿੱਖ ਭਾਰਤ ਜਾਂ ਯੂਰਪ ਵਲ ਹਿਜ਼ਰਤ ਕਰ ਗਏ



ਚੰਡੀਗੜ੍ਹ: ਅਸੀਂ ਇਹ ਕਲਪਨਾ ਪੰਜਾਬ ਬਾਰੇ ਵੀ ਨਹੀਂ ਕਰ ਸਕਦੇ ਕਿ ਕਿਸੇ ਇਕ ਸ਼ਹਿਰ ਵਿਚ ਸਿੱਖ ਬਹੁਗਿਣਤੀ ਵਿਚ ਹੋਣਗੇ ਪਰ ਜ਼ਾਹਿਦਾਨ ਇਕੋ-ਇਕ ਅਜਿਹਾ ਸ਼ਹਿਰ ਹੈ, ਜਿਸ ਅੰਦਰ ਕਦੇ ਸਿੱਖ ਬਹੁਗਿਣਤੀ ਵਿਚ ਹੁੰਦੇ ਸਨ ਜਾਂ ਇਹ ਕਹਿ ਲਵੋ ਕਿ ਇਸ ਨੂੰ ਸਿੱਖਾਂ ਦਾ ਸ਼ਹਿਰ ਕਿਹਾ ਜਾਂਦਾ ਸੀ। ਇਹ ਸ਼ਹਿਰ ਭਾਰਤ ਵਿਚ ਨਹੀਂ ਬਲਕਿ ਇਰਾਨ 'ਚ ਸਥਿਤ ਹੈ।

ਜ਼ਾਹਿਦਾਨ ਇਰਾਨ ਦੇ ਦੱਖਣ-ਪੂਰਬੀ ਸੂਬੇ 'ਸਿਸਤਾਨ ਅਤੇ ਬਲੋਚਿਸਤਾਨ' ਦੀ ਰਾਜਧਾਨੀ ਹੈ। ਇਹ ਸ਼ਹਿਰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੀ ਸਰਹੱਦ ਦੇ ਨੇੜੇ ਸਥਿਤ ਹੈ, ਜੋ ਇਸ ਨੂੰ ਇਕ ਮਹੱਤਵਪੂਰਨ ਵਪਾਰਕ ਕੇਂਦਰ ਬਣਾਉਂਦਾ ਹੈ। ਜੇਕਰ ਇਸ ਸ਼ਹਿਰ ਦੇ ਇਤਿਹਾਸ ਅਤੇ ਸਿੱਖ ਭਾਈਚਾਰੇ ਬਾਰੇ ਝਾਤ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ 20ਵੀਂ ਸਦੀ ਦੇ ਸ਼ੁਰੂ ਵਿਚ (1910-1920 ਦੇ ਦਹਾਕੇ) ਜਦੋਂ ਬ੍ਰਿਟਿਸ਼ ਇੰਡੀਆ ਨੇ ਕੁਇੱਟਾ (ਪਾਕਿਸਤਾਨ) ਨੂੰ ਇਰਾਨ ਨਾਲ ਰੇਲਵੇ ਰਾਹੀਂ ਜੋੜਿਆ ਤਾਂ ਬਹੁਤ ਸਾਰੇ ਸਿੱਖ ਵਪਾਰੀ ਅਤੇ ਕਾਰੀਗਰ ਇਥੇ ਆ ਕੇ ਵਸ ਗਏ।

ਦਰਅਸਲ ਇਸ ਸ਼ਹਿਰ ਦਾ ਮੂਲ ਨਾਮ 'ਦੋਜ਼ਦਾਬ' ਸੀ ਜਿਸ ਦਾ ਅਰਥ 'ਚੋਰਾਂ ਦਾ ਸ਼ਹਿਰ' ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਜਦੋਂ ਇਰਾਨ ਦੇ ਸ਼ਾਹ ਨੇ ਇਥੇ ਸਿੱਖਾਂ ਨੂੰ ਚਿੱਟੇ ਕਪੜਿਆਂ ਵਿਚ ਦੇਖਿਆ ਤਾਂ ਉਨ੍ਹਾਂ ਨੇ ਸ਼ਹਿਰ ਦਾ ਨਾਂ 'ਦੋਜ਼ਦਾਬ' (ਚੋਰਾਂ ਦਾ ਸ਼ਹਿਰ) ਤੋਂ ਬਦਲ ਕੇ 'ਜ਼ਾਹਿਦਾਨ' (ਪਵਿੱਤਰ ਲੋਕਾਂ ਦਾ ਸ਼ਹਿਰ) ਰੱਖ ਦਿਤਾ। ਜਿਵੇਂ ਕਿਹਾ ਜਾਂਦਾ ਹੈ ਕਿ ਜਿਥੇ ਚਾਰ ਸਿੱਖ ਇਕੱਠੇ ਹੋ ਜਾਣ ਉਥੇ ਪਹਿਲਾਂ ਗੁਰਦਵਾਰਾ ਸਾਹਿਬ ਸਥਾਪਤ ਕਰਨ ਦੀ ਰਾਇ ਕਰਦੇ ਹਨ। ਇਥੇ ਵੀ ਕੁੱਝ ਇਸੇ ਤਰ੍ਹਾਂ ਹੋਇਆ। ਜ਼ਾਹਿਦਾਨ ਵਿਚ ਇਤਿਹਾਸਕ ਗੁਰਦੁਆਰਾ ਸਾਹਿਬ 1921 ਵਿਚ ਸਥਾਪਤ ਕੀਤਾ ਗਿਆ ਸੀ।

ਇਹ ਪੱਛਮੀ ਏਸ਼ੀਆ ਦੇ ਸਭ ਤੋਂ ਪੁਰਾਣੇ ਗੁਰਦੁਆਰਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਇਥੋਂ ਦੇ ਸਿੱਖਾਂ ਨੇ ਆਟੋ ਪਾਰਟਸ, ਮਸਾਲਿਆਂ ਅਤੇ ਵਪਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਕ ਸਮੇਂ ਸ਼ਹਿਰ ਵਿਚ 'ਸਿੱਖ ਬਾਜ਼ਾਰ' ਵੀ ਮਸ਼ਹੂਰ ਸੀ। 1979 ਦੀ ਇਰਾਨੀ ਕ੍ਰਾਂਤੀ ਤੋਂ ਬਾਅਦ ਬਹੁਤ ਸਾਰੇ ਸਿੱਖ ਭਾਰਤ ਜਾਂ ਯੂਰਪ ਚਲੇ ਗਏ। ਹੁਣ ਜ਼ਾਹਿਦਾਨ ਵਿਚ ਸਿਰਫ਼ 15-20 ਸਿੱਖ ਪ੍ਰਵਾਰ ਹੀ ਰਹਿ ਗਏ ਹਨ, ਜੋ ਸਿੱਖ ਵਿਰਾਸਤ ਨੂੰ ਸੰਭਾਲ ਰਹੇ ਹਨ। ਇਥੋਂ ਦੇ ਸਿੱਖ ਪ੍ਰਵਾਰ ਫ਼ਾਰਸੀ, ਬਲੋਚੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵੀ ਬੋਲਦੇ ਹਨ ਜਿਸ 'ਤੇ ਸਥਾਨਕ ਭਾਸ਼ਾਵਾਂ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਜ਼ਾਹਿਦਾਨ ਇਰਾਨ ਵਿਚ ਪੰਜਾਬੀ ਸਿੱਖਾਂ ਦੀ ਸੌ ਸਾਲ ਤੋਂ ਵੱਧ ਪੁਰਾਣੀ ਹੋਂਦ ਅਤੇ ਸਭਿਆਚਾਰਕ ਮਿਸ਼ਰਣ ਦੀ ਇਕ ਵਿਲੱਖਣ ਮਿਸਾਲ ਹੈ।

# ਟਰੱਕ 'ਚੋਂ ਮਿਲੇ 229 ਪ੍ਰਵਾਸੀ ; ਮੈਕਸੀਕੋ 'ਚ ਮਨੁੱਖੀ ਤਸਕਰੀ ਦਾ ਪਰਦਾਫਾਸ਼




ਜ਼ਾਲਾਪਾ (ਮੈਕਸੀਕੋ) : ਮੈਕਸੀਕੋ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਮੈਕਸੀਕੋ ਦੇ ਪੂਰਬੀ ਰਾਜ ਵੇਰਾਕਰੂਜ਼ ਵਿੱਚ ਅਧਿਕਾਰੀਆਂ ਨੇ ਚੋਰੀ ਕੀਤੇ ਗਏ ਇੱਕ ਟਰੱਕ ਦੇ ਪਿਛਲੇ ਹਿੱਸੇ ਵਿੱਚ ਬੇਹੱਦ ਖ਼ਤਰਨਾਕ ਹਾਲਤ ਵਿੱਚ ਬੰਦ 229 ਪ੍ਰਵਾਸੀਆਂ ਨੂੰ ਬਰਾਮਦ ਕੀਤਾ ਹੈ। ਇਹ ਘਟਨਾ ਉਸ ਸਮੇਂ ਸਾਹਮਣੇ ਆਈ ਜਦੋਂ ਪੁਲਿਸ ਦੇ ਟਰੱਕ ਨੂੰ ਵਾਹਨ ਜ਼ਬਤ ਕੇਂਦਰ (impound lot) ਵਿਚ ਰੱਖਿਆ ਤਾਂ ਉਸ ਵਿਚ ਬੰਦ ਪ੍ਰਵਾਸੀਆਂ ਨੇ ਅਚਾਨਕ ਮਦਦ ਲਈ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

**17 ਨਾਬਾਲਗ ਬੱਚੇ ਵੀ ਸ਼ਾਮਲ, ਕਈਆਂ ਦੀ ਹਾਲਤ ਖਰਾਬ** : ਸੂਬੇ ਦੇ ਡਿਪਟੀ ਗਵਰਨਮੈਂਟ ਸੈਕਟਰੀ ਜੋਸ ਮੈਨੂਅਲ ਪੋਜ਼ੋਸ ਅਨੁਸਾਰ ਇਹ ਪ੍ਰਵਾਸੀ ਇੱਕ ਅਜਿਹੇ ਟਰੱਕ ਵਿੱਚ ਸਵਾਰ ਸਨ ਜਿਸ ਦੇ ਚੋਰੀ ਹੋਣ ਦੀ ਰਿਪੋਰਟ ਦਰਜ ਸੀ। ਜਦੋਂ ਟਰੱਕ ਨੂੰ ਜ਼ਬਤ ਕਰਕੇ ਕੇਂਦਰ ਵਿੱਚ ਖੜ੍ਹਾ ਕੀਤਾ ਗਿਆ, ਤਾਂ ਕੁਝ ਘੰਟਿਆਂ ਬਾਅਦ ਉੱਥੇ ਮੌਜੂਦ ਮੁਲਾਜ਼ਮਾਂ ਨੂੰ ਅੰਦਰੋਂ ਖੜਕਾਉਣ ਅਤੇ ਚੀਕਾਂ ਮਾਰਨ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਜਦੋਂ ਐਮਰਜੈਂਸੀ ਸੇਵਾਵਾਂ ਨੇ ਟਰੱਕ ਖੋਲ੍ਹਿਆ, ਤਾਂ ਅੰਦਰੋਂ 17 ਨਾਬਾਲਗ ਬੱਚਿਆਂ ਸਮੇਤ 229 ਲੋਕ ਮਿਲੇ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੱਧ ਅਮਰੀਕਾ ਦੇ ਰਹਿਣ ਵਾਲੇ ਸਨ। ਪਾਣੀ ਦੀ ਕਮੀ (Dehydration) ਕਾਰਨ ਕਈ ਪ੍ਰਵਾਸੀਆਂ ਦੀ ਹਾਲਤ ਖਰਾਬ ਪਾਈ ਗਈ ਹੈ।

**ਅਮਰੀਕਾ ਜਾਣ ਦੀ ਫਿਰਾਕ ਵਿੱਚ ਸਨ ਪ੍ਰਵਾਸੀ** : ਰਿਪੋਰਟਾਂ ਅਨੁਸਾਰ ਵੇਰਾਕਰੂਜ਼ ਇੱਕ ਅਜਿਹਾ ਇਲਾਕਾ ਹੈ ਜਿੱਥੋਂ ਪ੍ਰਵਾਸੀ ਅਕਸਰ ਅਮਰੀਕਾ ਪਹੁੰਚਣ ਲਈ ਲੰਘਦੇ ਹਨ ਅਤੇ ਇੱਥੇ ਉਹ ਅਪਰਾਧਿਕ ਗਿਰੋਹਾਂ ਅਤੇ ਕਾਰਟੇਲਸ ਦਾ ਸ਼ਿਕਾਰ ਹੋ ਜਾਂਦੇ ਹਨ। ਸਮਗਲਰ ਇਨ੍ਹਾਂ ਲੋਕਾਂ ਨੂੰ ਚੈੱਕ ਪੋਸਟਾਂ ਤੋਂ ਬਚਾਉਣ ਲਈ ਅਕਸਰ ਖ਼ਤਰਨਾਕ ਹਾਲਤਾਂ ਵਿੱਚ ਟਰੱਕਾਂ, ਲੁਕਵੇਂ ਖਾਨਿਆਂ ਅਤੇ ਇੱਥੋਂ ਤੱਕ ਕਿ ਨਕਲੀ ਐਂਬੂਲੈਂਸਾਂ ਵਿੱਚ ਭਰ ਕੇ ਲਿਜਾਂਦੇ ਹਨ। ਅਤੀਤ ਵਿੱਚ ਅਜਿਹੇ ਕਈ ਹਾਦਸੇ ਵਾਪਰ ਚੁੱਕੇ ਹਨ ਜਿੱਥੇ ਟਰੱਕਾਂ ਵਿੱਚ ਦਮ ਘੁੱਟਣ ਕਾਰਨ ਪ੍ਰਵਾਸੀਆਂ ਦੀ ਮੌਤ ਹੋਈ ਹੈ, ਜਿਵੇਂ ਕਿ 2022 ਵਿੱਚ ਟੈਕਸਾਸ ਵਿੱਚ 53 ਪ੍ਰਵਾਸੀਆਂ ਦੀ ਜਾਨ ਚਲੀ ਗਈ ਸੀ।

**ਇਮੀਗ੍ਰੇਸ਼ਨ ਏਜੰਸੀ ਦੇ ਹਵਾਲੇ ਕੀਤੇ ਗਏ ਲੋਕ** : ਮੈਕਸੀਕੋ ਪੁਲਿਸ ਨੇ ਸਾਰੇ ਪ੍ਰਵਾਸੀਆਂ ਨੂੰ ਬੱਸਾਂ ਰਾਹੀਂ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ ਹੈ ਅਤੇ ਆਮ ਤੌਰ 'ਤੇ ਅਜਿਹੇ ਮਾਮਲਿਆਂ ਵਿੱਚ ਪ੍ਰਵਾਸੀਆਂ ਨੂੰ ਮੈਕਸੀਕੋ ਦੀ ਇਮੀਗ੍ਰੇਸ਼ਨ ਏਜੰਸੀ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਭਾਵੇਂ ਉੱਤਰ ਵੱਲ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਸੀ, ਪਰ ਹੁਣ ਇਹ ਸਿਲਸਿਲਾ ਹੌਲੀ-ਹੌਲੀ ਦੁਬਾਰਾ ਵਧਣਾ ਸ਼ੁਰੂ ਹੋ ਗਿਆ ਹੈ।

# ਵਿਦੇਸ਼ਾਂ ਵਿਚ ਫਸੇ ਲੋਕਾਂ ਲਈ ਰੱਬ ਬਣ ਕੇ ਬਹੁੜਿਆ 'ਯੂਨਾਈਟਿਡ ਸਿੱਖਸ', ਪੰਜਾਬੀ ਲੜਕੀ ਨੂੰ ਦਸਤਾਵੇਜ਼ ਬਣਾ ਕੇ ਭੇਜਿਆ ਆਪਣੇ ਪਰਿਵਾਰ ਕੋਲ

## ਸੰਸਥਾ ਨੇ ਕੰਵਲਜੀਤ ਕੌਰ ਨੂੰ ਸਾਢੇ ਤਿੰਨ ਲੱਖ ਦੀ ਵਿੱਤੀ ਸਹਾਇਤਾ ਵੀ ਦਿੱਤੀ



ਯੂਨਾਈਟਿਡ ਸਿੱਖਸ ਵਲੋਂ ਦੇਸ਼ਾਂ-ਵਿਦੇਸ਼ਾਂ ਵਿਚ ਨਿਆਸਰਿਆਂ ਦੀ ਨਿਰਸਵਾਰਥ ਸਹਾਇਤਾ ਕੀਤੀ ਜਾਂਦੀ ਹੈ ਤੇ ਇਸ ਮਿਸ਼ਨ ਨਾਲ ਜੁੜੇ ਲੋਕ ਕਿਸੇ ਦੀ ਜਾਤ ਜਾਂ ਧਰਮ ਨਹੀਂ ਪੁਛਦੇ ਤੇ ਦਿਲ ਖੋਲ੍ਹ ਕੇ ਮਦਦ ਕਰਦੇ ਹਨ। ਪਿਛਲੇ ਲੰਬੇ ਸਮੇਂ ਤੋਂ ਇਹ ਵਰਤਾਰਾ ਚੱਲ ਰਿਹਾ ਹੈ ਕਿ ਧੋਖੇਬਾਜ਼ ਏਜੰਟ ਲੋਕਾਂ ਨੂੰ ਫ਼ਰਜ਼ੀ ਵੀਜ਼ਿਆਂ ਰਾਹੀਂ ਵਿਦੇਸ਼ਾਂ ਵਿਚ ਲੈ ਜਾਂਦੇ ਹਨ ਤੇ ਫਿਰ ਉਥੇ ਜਾ ਕੇ ਉਨ੍ਹਾਂ ਨੂੰ ਲਾਵਾਰਸ ਕਰ ਕੇ ਛੱਡ ਦਿਤਾ ਜਾਂਦਾ ਹੈ। ਅਜਿਹੇ ਲੋਕ ਨਾ ਤਾਂ ਖੁਲ੍ਹ ਕੇ ਕੰਮ ਕਰ ਸਕਦੇ ਹਨ ਤੇ ਨਾ ਹੀ ਕਿਸੇ ਨੂੰ ਮਿਲ ਸਕਦੇ ਹਨ। ਇਨ੍ਹਾਂ ਕੋਲ ਗੁੰਮਨਾਮ ਜ਼ਿੰਦਗੀ ਜਿਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੁੰਦਾ।

ਹੁਣ ਯੂਨਾਈਟਿਡ ਸਿੱਖਸ ਨੇ ਗੁਰਦਾਸਪੁਰ ਦੀ ਲੜਕੀ ਕੰਵਲਜੀਤ ਕੌਰ ਦੀ ਸਹਾਇਤਾ ਕੀਤੀ ਹੈ। ਸੰਸਥਾ ਨੇ ਲੜਕੀ ਨੂੰ ਪਾਸਪੋਰਟ, ਟਿਕਟ ਤੇ ਵਿੱਤੀ ਸਹਾਇਤਾ ਵੀ ਦਿੱਤੀ। ਯੂਨਾਈਟਿਡ ਸਿੱਖਸ ਦੇ ਨਾਲ-ਨਾਲ ਸਿੰਘ ਸਭਾ ਗੁਰਦੁਆਰਾ ਸਾਹਿਬ ਵਲੋਂ ਸ਼ਲਾਘਾਯੋਗ ਕਦਮ ਚੁੱਕਦਿਆਂ ਸੰਗਤ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਗੁਰਦਾਸਪੁਰ ਦੀ ਲੜਕੀ ਕੰਵਲਜੀਤ ਕੌਰ ਨੇ ਕਿਹਾ ਹੈ ਕਿ ਮੈਂ ਸੰਸਥਾ ਦਾ ਧੰਨਵਾਦ ਕਰਦੀ ਹਾ। ਉਨ੍ਹਾਂ ਦੱਸਿਆ ਹੈ ਕਿ ਮੈਂ 2022 ਵਿੱਚ ਯੂ.ਕੇ. ਵਿੱਚ ਆਈ ਸੀ ਅਤੇ ਮੇਰੇ ਕੋਲ ਵੀਜ਼ਾ ਨਹੀਂ ਸੀ। ਉਨ੍ਹਾਂ ਨੇ ਅੱਗੇ ਕਿਹਾ ਹੈ ਕਿ ਉਹ ਗੈਰ ਕਾਨੂੰਨੀ ਢੰਗ ਨਾਲ ਯੂ.ਕੇ. ਵਿੱਚ ਐਂਟਰ ਹੋਈ ਸੀ। ਹੁਣ ਯੂਨਾਈਟਿਡ ਸਿੱਖਸ ਨੇ ਮੈਨੂੰ ਸਾਢੇ 3 ਲੱਖ ਰੁਪਏ ਦੀ ਸਹਾਇਤਾ ਵੀ ਦਿੱਤੀ ਹੈ।

# 12 ਹੋਰ ਦੇਸ਼ਾਂ ਦੇ ਵੀਜ਼ਾ ਪ੍ਰਾਪਤਕਰਤਾਵਾਂ ਨੂੰ ਅਮਰੀਕਾ 'ਚ ਦਾਖਲੇ ਲਈ ਹੋਵੇਗੀ 15,000 ਡਾਲਰ ਦੇ ਬਾਂਡ ਦੀ ਜਰੂਰਤ




ਸਾਨ ਫਰਾਂਸਿਸਕੋ : ਹੁਣ ਅਮਰੀਕਾ ਵਿਚ 50 ਦੇਸ਼ਾਂ ਦੇ ਨਾਗਰਿਕਾਂ ਨੂੰ ਅਮਰੀਕਾ ਦਾਖਲੇ ਲਈ ਅਰਜ਼ੀ ਦੇਣ ਲਈ 15,000 ਡਾਲਰ ਦੇ ਬਾਂਡ ਪੋਸਟ ਕਰਨ ਦੀ ਲੋੜ ਹੋਵੇਗੀ, ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ 12 ਦੇਸ਼ਾਂ ਨੂੰ ਇਕ ਸੂਚੀ 'ਚ ਸ਼ਾਮਲ ਕੀਤਾ ਜਾ ਰਿਹਾ ਹੈ ਜਿਸ 'ਚ ਪਹਿਲਾਂ ਹੀ 38 ਹੋਰ ਦੇਸ਼ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਅਫਰੀਕੀ ਦੇਸ਼ ਹਨ। ਵਿਸਤ੍ਰਿਤ ਵੀਜ਼ਾ ਬਾਂਡ ਪ੍ਰੋਗਰਾਮ, ਜਿਸ ਵਿਚ ਵਿਦੇਸ਼ੀ ਨਾਗਰਿਕਾਂ ਨੂੰ ਕਾਰੋਬਾਰ ਤੇ ਸੈਰ-ਸਪਾਟੇ ਲਈ ਬੀ-1 ਜਾਂ ਬੀ-2 ਵੀਜ਼ਾ ਲਈ 15,000 ਡਾਲਰ ਦਾ ਭੁਗਤਾਨ ਕਰਨਾ ਪਵੇਗਾ ਤੇ ਇਹ ਨਿਯਮ 2 ਅਪ੍ਰੈਲ ਤੋਂ ਲਾਗੂ ਹੋ ਰਿਹਾ ਹੈ। ਟਰੰਪ ਪ੍ਰਸਾਸ਼ਨ ਅਨੁਸਾਰ ਇਸਦਾ ਉਦੇਸ਼ ਸੈਲਾਨੀਆਂ ਨੂੰ ਆਪਣੇ ਵੀਜ਼ਾ ਦੀ ਮਿਆਦ ਤੋਂ ਵੱਧ ਸਮੇਂ ਤੱਕ ਰੁਕਣ ਤੋਂ ਰੋਕਣਾ ਹੈ। ਵੀਜ਼ਾ ਬਾਂਡ ਪ੍ਰੋਗਰਾਮ ਵਿਚ ਜਿਹੜੇ ਨਵੇਂ ਦੇਸ਼ ਸ਼ਾਮਲ ਕੀਤੇ ਗਏ ਹਨ ਉਨ੍ਹਾਂ 'ਚ ਕੰਬੋਡੀਆ, ਇਥੋਪੀਆ, ਜਾਰਜੀਆ, ਗ੍ਰੇਨਾਡਾ, ਲੇਸੋਥੋ, ਮਾਰੀਸ਼ਸ, ਮੰਗੋਲੀਆ, ਮੋਜ਼ਾਮਬੀਕ, ਨਿਕਾਰਾਗੁਆ, ਪਾਪੁਆ ਨਿਊ ਗਿਨੀ, ਸੇਸ਼ੇਲਸ ਤੇ ਟਿਊਨੀਸ਼ੀਆ ਹਨ। ਅਧਿਕਾਰੀ ਨੇ ਕਿਹਾ ਕਿ ਬਾਂਡ ਉਨ੍ਹਾਂ ਵੀਜ਼ਾ ਪ੍ਰਾਪਤਕਰਤਾਵਾਂ ਨੂੰ ਵਾਪਸ ਕਰ ਦਿੱਤੇ ਜਾਣਗੇ ਜੋ ਵੀਜ਼ਾ ਤੇ ਬਾਂਡ ਦੀਆਂ ਸ਼ਰਤਾਂ ਦੀ ਪਾਲਣਾ ਕਰਨਗੇ। ਜ਼ਿਕਰਯੋਗ ਹੈ ਕਿ ਪਿਛਲੇ ਜਨਵਰੀ ਵਿਚ ਅਹੁਦਾ ਸੰਭਾਲਣ ਤੋਂ ਬਾਅਦ, ਟਰੰਪ ਨੇ ਇਕ ਸਖ਼ਤ-ਕੰਟਰੋਲ ਇਮੀਗ੍ਰੇਸ਼ਨ ਨੀਤੀ ਅਪਣਾਈ ਹੈ। ਪਹਿਲਾਂ ਸ਼ਾਮਲ ਕੀਤੇ ਗਏ 38 ਦੇਸ਼ਾਂ ਵਿਚ ਅਲਜੀਰੀਆ, ਅੰਗੋਲਾ, ਐਂਟੀਗੁਆ ਤੇ ਬਾਰਬੁਡਾ, ਬੰਗਲਾਦੇਸ਼, ਬੇਨਿਨ, ਭੂਟਾਨ, ਬੋਤਸਵਾਨਾ, ਬੁਰੂੰਡੀ, ਕਾਬੋ ਵਰਡੇ, ਮੱਧ 'ਅਫ਼ਰੀਕੀ ਗਣਰਾਜ, ਕੋਟ ਡੀ-ਆਇਵਰ, ਕਿਊਬਾ, ਜਿਬੂਤੀ, ਡੋਮਿਨਿਕਾ, ਫਿਜੀ, ਗੈਬਨ, ਕਾਇਨੇਸਾ, ਗਿਨੀ, ਗਿਨੀ, ਮਲਾਵੀ, ਮੌਰੀਤਾਨੀਆ, ਨਾਮੀਬੀਆ, ਨਿਪਾਲ, ਨਾਈਜੀਰੀਆ, ਸਾਓ ਟੋਮ ਅਤੇ ਪ੍ਰਿੰਸੀਪ, ਸੇਨੇਗਲ, ਤਜ਼ਾਕਿਸਤਾਨ, ਤਨਜ਼ਾਨੀਆ, ਟੋਗੋ, ਟੋਂਗਾ, ਤੁਰਕਮੇਨਿਸਤਾਨ, ਤੁਵਾਲੂ, ਯੂਗਾਂਡਾ, ਵਾਨੂਆਟੂ, ਵੈਨੇਜ਼ੁਏਲਾ, ਜ਼ੈਂਬੀਆ ਤੇ ਜ਼ਿੰਬਾਬਵੇ ਸ਼ਾਮਲ ਹਨ।

# ਕੈਨੇਡਾ ਨੇ ਦੋ ਪੰਜਾਬੀ ਮੂਲ ਦੇ ਗੈਂਗਸਟਰਾਂ ਨੂੰ ਕੱਢਿਆ, ਦੋਵੇਂ ਜਬਰੀ ਵਸੂਲੀ ਅਤੇ ਅਪਰਾਧਿਕ ਮਾਮਲਿਆਂ ਵਿੱਚ ਸਨ ਸ਼ਾਮਲ

## ਗੈਂਗਸਟਰ ਅਰਸ਼ਦੀਪ ਸਿੰਘ ਅਤੇ ਸੁਖਨਾਜ਼ ਸਿੰਘ ਸੰਧੂ ਨੂੰ ਦਿੱਤਾ ਦੇਸ਼ ਨਿਕਾਲਾ




ਕੈਨੇਡਾ ਵਿੱਚ ਜਬਰੀ ਵਸੂਲੀ ਅਤੇ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਦੋ ਪੰਜਾਬੀ ਮੂਲ ਦੇ ਗੈਂਗਸਟਰਾਂ ਅਰਸ਼ਦੀਪ ਸਿੰਘ ਅਤੇ ਸੁਖਨਾਜ਼, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਨੇ ਦੇਸ਼ ਨਿਕਾਲਾ ਦੇ ਦਿੱਤਾ ਹੈ। ਸੀਬੀਐਸਏ ਨੇ ਸਪੱਸ਼ਟ ਕੀਤਾ ਹੈ ਕਿ ਦੂਜੇ ਦੇਸ਼ਾਂ ਦੇ ਨਾਗਰਿਕ ਜੋ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹਨ, ਨੂੰ ਕੈਨੇਡਾ ਵਿੱਚ ਰਹਿਣ ਦੀ ਆਗਿਆ ਨਹੀਂ ਹੋਵੇਗੀ।

ਸੀਬੀਐਸਏ ਨੇ 18 ਮਾਰਚ ਨੂੰ ਇੱਕ ਪ੍ਰੈਸ ਰਿਲੀਜ਼ ਜਾਰੀ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ। ਸੀਬੀਐਸਏ ਨੇ ਜਬਰੀ ਵਸੂਲੀ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਵਿਦੇਸ਼ੀ ਨਾਗਰਿਕਾਂ ਦੀ ਇੱਕ ਸੂਚੀ ਤਿਆਰ ਕੀਤੀ ਹੈ ਅਤੇ ਹੁਣ ਉਨ੍ਹਾਂ ਨੂੰ ਕਾਨੂੰਨੀ ਪ੍ਰਕਿਰਿਆਵਾਂ ਰਾਹੀਂ ਦੇਸ਼ ਨਿਕਾਲਾ ਦੇਣਾ ਸ਼ੁਰੂ ਕਰ ਦਿੱਤਾ ਹੈ। ਹੁਣ ਤੱਕ 35 ਅਪਰਾਧੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ।

ਸੀਬੀਐਸਏ ਨੇ ਕਿਹਾ ਕਿ ਭਾਰਤੀ ਮੂਲ ਦੇ ਦੋ ਵਿਅਕਤੀਆਂ ਅਰਸ਼ਦੀਪ ਸਿੰਘ ਅਤੇ ਸੁਖਨਾਜ਼ ਸਿੰਘ ਸੰਧੂ ਨੂੰ ਹਾਲ ਹੀ ਵਿੱਚ ਕੈਨੇਡਾ ਵਿੱਚ ਜਬਰੀ ਵਸੂਲੀ ਅਤੇ ਸੰਗਠਿਤ ਅਪਰਾਧ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਤੋਂ ਬਾਅਦ ਕੈਨੇਡਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਸੀਬੀਐਸਏ ਦੀ ਰਿਪੋਰਟ ਦੇ ਅਨੁਸਾਰ, ਅਰਸ਼ਦੀਪ ਸਿੰਘ 2022 ਵਿੱਚ ਇੱਕ ਉੱਜਵਲ ਭਵਿੱਖ ਦੇ ਸੁਪਨੇ ਲੈ ਕੇ ਸਟੱਡੀ ਪਰਮਿਟ 'ਤੇ ਕੈਨੇਡਾ ਪਹੁੰਚਿਆ ਸੀ। ਹਾਲਾਂਕਿ, ਉਹ ਜਲਦੀ ਹੀ ਸਥਾਨਕ ਅਪਰਾਧਿਕ ਗਿਰੋਹਾਂ ਵਿੱਚ ਸ਼ਾਮਲ ਹੋ ਗਿਆ। ਸੀਬੀਐਸਏ ਨੇ ਉਸ ਨੂੰ ਨਵੰਬਰ 2025 ਵਿੱਚ ਗ੍ਰਿਫਤਾਰ ਕੀਤਾ। ਜਾਂਚ ਵਿੱਚ ਖੁਲਾਸਾ ਹੋਇਆ ਕਿ ਅਰਸ਼ਦੀਪ ਜਬਰਨ ਵਸੂਲੀ, ਹਥਿਆਰਾਂ ਦੀ ਲੁੱਟ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ ਦਾ ਹਿੱਸਾ ਸੀ।

ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ (IRB) ਨੇ ਅਰਸ਼ਦੀਪ ਸਿੰਘ ਨੂੰ 'ਜਨਤਕ ਖ਼ਤਰਾ' ਘੋਸ਼ਿਤ ਕੀਤਾ। ਦਸੰਬਰ 2025 ਵਿੱਚ ਉਸ ਦੀ ਗ੍ਰਿਫਤਾਰੀ ਤੋਂ ਬਾਅਦ, ਉਸ ਨੂੰ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਗਿਆ ਅਤੇ ਸਖ਼ਤ ਸੁਰੱਖਿਆ ਹੇਠ ਕੈਨੇਡਾ ਤੋਂ ਕੱਢ ਦਿੱਤਾ ਗਿਆ। ਇੱਕ ਹੋਰ ਮਾਮਲੇ ਵਿੱਚ, ਸੁਖਨਾਜ਼ ਸਿੰਘ ਸੰਧੂ, ਜੋ ਕਿ 2016 ਤੋਂ ਕੈਨੇਡਾ ਵਿੱਚ ਇੱਕ ਅਸਥਾਈ ਨਿਵਾਸੀ ਵਜੋਂ ਰਹਿ ਰਿਹਾ ਸੀ, ਨੂੰ ਵੀ ਸੰਗਠਿਤ ਅਪਰਾਧ ਵਿੱਚ ਸ਼ਾਮਲ ਪਾਇਆ ਗਿਆ।

ਨਵੰਬਰ 2025 ਵਿੱਚ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਸੰਗਠਿਤ ਅਪਰਾਧ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ ਹਾਲ ਹੀ ਵਿੱਚ ਦੇਸ਼ ਨਿਕਾਲਾ ਦਿੱਤਾ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਦੋਵੇਂ ਮਾਮਲੇ ਉਨ੍ਹਾਂ ਲੋਕਾਂ ਲਈ ਇੱਕ ਚੇਤਾਵਨੀ ਵਜੋਂ ਕੰਮ ਕਰਦੇ ਜੋ ਅਪਰਾਧ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਕਰਦੇ ਹਨ।



Proudly Present BALKAR SINGH & AVTAR LAKHA
in association with ASHOK KUMAR,ASHOK OBEROI & ASHWANI BHAKHRI
AVTAR RECORDS
MOTHER'S DAY
BRUNCH
Royale Sakoon PALACE
(CELEBRATING INDIAN FLAVOURS)
5200 MOWRY AVE STE K, FREMONT, CA
SUNDAY
MAY 10TH
2026
12PM TO 6PM
DOOR OPENS
AT 12:00 P.M.
ROYAL
BUFFET
PREETO SAWHNEY
SHOW HOST
Jasmeen
Akhtar
MUSICAL CONCERT
$100 PER PERSON $1,000 PER TABLE
RAFFLE TICKETS OF GOLD RINGS
MORE INFO & SPONSORSHIP CALL
AVTAR LAKHA 209-200 -0818 | BALKAR SINGH 510-771-4215

# ਭਾਰਤ ਦੀ ਵਧਦੀ ਤਾਕਤ: ਬ੍ਰਿਟਿਸ਼ ਏਅਰ ਚੀਫ਼ ਸਰ ਹਾਰਵ ਸਮਿਥ ਵੱਲੋਂ ਭਾਰਤੀ ਹਵਾਈ ਸੈਨਾ ਦੀ ਸ਼ਲਾਘਾ

# ਹਵਾਈ ਸਰਹੱਦਾਂ ਦੀ ਸੁਰੱਖਿਆ ਲਈ ਭਾਰਤ-ਬ੍ਰਿਟੇਨ ਦਾ ਵੱਡਾ ਕਦਮ: ਬ੍ਰਿਟਿਸ਼ ਏਅਰ ਚੀਫ਼ ਸਰ ਹਾਰਵ ਸਮਿਥ ਦੀ ਭਾਰਤ ਫੇਰੀ





ਨਵੀਂ ਦਿੱਲੀ: ਬ੍ਰਿਟੇਨ ਦੇ ਰਾਇਲ ਏਅਰ ਫੋਰਸ (RAF) ਦੇ ਮੁਖੀ, ਏਅਰ ਚੀਫ਼ ਮਾਰਸ਼ਲ ਸਰ ਹਾਰਵ ਸਮਿਥ, ਭਾਰਤ ਦੇ ਤਿੰਨ ਦਿਨਾ ਅਹਿਮ ਦੌਰੇ 'ਤੇ ਨਵੀਂ ਦਿੱਲੀ ਪਹੁੰਚੇ ਹਨ। ਇਹ ਦੌਰਾ ਨਾ ਸਿਰਫ਼ ਦੋਵਾਂ ਦੇਸ਼ਾਂ ਦੇ ਸੁਰੱਖਿਆ ਸਬੰਧਾਂ ਨੂੰ ਨਵੀਂ ਦਿਸ਼ਾ ਦੇਵੇਗਾ, ਸਗੋਂ ਹਵਾਈ ਸ਼ਕਤੀ ਦੇ ਖੇਤਰ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਵੀ ਕਰੇਗਾ।

ਰਣਨੀਤਕ ਮੁਲਾਕਾਤਾਂ: ਸਰ ਹਾਰਵ ਸਮਿਥ ਨੇ ਭਾਰਤੀ ਹਵਾਈ ਸੈਨਾ (IAF) ਦੇ ਮੁਖੀ ਏਅਰ ਚੀਫ਼ ਮਾਰਸ਼ਲ ਏ.ਪੀ. ਸਿੰਘ ਅਤੇ ਸੀ.ਡੀ.ਐਸ. ਜਨਰਲ ਅਨਿਲ ਚੌਹਾਨ ਨਾਲ ਉੱਚ ਪੱਧਰੀ ਬੈਠਕਾਂ ਕੀਤੀਆਂ। ਚਰਚਾ ਦਾ ਮੁੱਖ ਕੇਂਦਰ 'ਆਪਰੇਸ਼ਨਲ ਸਹਿਯੋਗ' ਅਤੇ ਵਿਸ਼ਵ ਪੱਧਰ 'ਤੇ ਉੱਭਰ ਰਹੇ ਨਵੇਂ ਹਵਾਈ ਖ਼ਤਰਿਆਂ ਨਾਲ ਨਜਿੱਠਣਾ ਰਿਹਾ।

ਇਤਿਹਾਸਕ ਸਹਿਯੋਗ (ਭਾਰਤੀ ਇੰਸਟ੍ਰਕਟਰ ਬ੍ਰਿਟੇਨ ਜਾਣਗੇ): ਇੱਕ ਵੱਡੀ ਪੁਲਾਂਘ ਪੁੱਟਦਿਆਂ, ਭਾਰਤੀ ਹਵਾਈ ਸੈਨਾ ਦੇ ਤਿੰਨ ਮਾਹਰ ਫਲਾਇੰਗ ਇੰਸਟ੍ਰਕਟਰ ਬ੍ਰਿਟੇਨ ਦੇ 'ਆਰ.ਏ.ਐਫ. ਵੈਲੀ' ਵਿਖੇ ਤਾਇਨਾਤ ਕੀਤੇ ਜਾਣਗੇ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਭਾਰਤੀ ਅਧਿਕਾਰੀ ਬ੍ਰਿਟਿਸ਼ ਫਾਸਟ ਜੈੱਟ ਪਾਇਲਟਾਂ ਨੂੰ ਸਿਖਲਾਈ ਦੇਣ ਵਿੱਚ ਮਦਦ ਕਰਨਗੇ।

ਗਵਾਲੀਅਰ ਏਅਰ ਫੋਰਸ ਸਟੇਸ਼ਨ ਦਾ ਦੌਰਾ: ਦੋਵੇਂ ਮੁਖੀ ਗਵਾਲੀਅਰ ਦੇ ਰਣਨੀਤਕ ਏਅਰ ਬੇਸ ਦਾ ਦੌਰਾ ਕਰਨਗੇ, ਜਿੱਥੇ ਭਾਰਤੀ ਹਵਾਈ ਸੈਨਾ ਦੀ ਕਾਰਜਪ੍ਰਣਾਲੀ ਅਤੇ ਆਧੁਨਿਕ ਤਕਨੀਕਾਂ ਦਾ ਜਾਇਜ਼ਾ ਲਿਆ ਜਾਵੇਗਾ।

ਸ਼ਹੀਦਾਂ ਨੂੰ ਸ਼ਰਧਾਂਜਲੀ: ਦੌਰੇ ਦੀ ਸ਼ੁਰੂਆਤ ਵਿੱਚ ਸਰ ਹਾਰਵ ਸਮਿਥ ਨੇ ਨਵੀਂ ਦਿੱਲੀ ਸਥਿਤ ਨੈਸ਼ਨਲ ਵਾਰ ਮੈਮੋਰੀਅਲ ਵਿਖੇ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿੱਥੇ ਉਨ੍ਹਾਂ ਨੂੰ 'ਗਾਰਡ ਆਫ਼ ਆਨਰ' ਨਾਲ ਸਨਮਾਨਿਤ ਕੀਤਾ ਗਿਆ।

ਸਰ ਹਾਰਵ ਸਮਿਥ ਦਾ ਬਿਆਨ: 'ਭਾਰਤ ਨਾਲ ਰੱਖਿਆ ਭਾਈਵਾਲੀ ਮਹਿਜ਼ ਇੱਕ ਸਮਝੌਤਾ ਨਹੀਂ, ਸਗੋਂ ਡੂੰਘੇ ਭਰੋਸੇ ਅਤੇ ਸੁਰੱਖਿਆ ਪ੍ਰਤੀ ਸਾਡੀ ਸਾਂਝੀ ਵਚਨਬੱਧਤਾ ਦਾ ਪ੍ਰਤੀਕ ਹੈ। ਸਾਨੂੰ ਭਾਰਤੀ ਹਵਾਈ ਸੈਨਾ ਦੀ ਮੁਹਾਰਤ 'ਤੇ ਮਾਣ ਹੈ।'

# ਹਵਾਈ 'ਚ ਭਿਆਨਕ ਹੜ੍ਹ, 2,000 ਤੋਂ ਵੱਧ ਲੋਕ ਹਨੇਰੇ 'ਚ ਰਹਿਣ ਲਈ ਮਜਬੂਰ




ਹੋਨੋਲੂਲੂ : ਹਵਾਈ ਟਾਪੂ 'ਤੇ ਭਾਰੀ ਬਾਰਿਸ਼ ਤੋਂ ਬਾਅਦ ਭਿਆਨਕ ਹੜ੍ਹ ਆਉਣ ਕਾਰਨ ਐਤਵਾਰ ਦੁਪਹਿਰ ਤੱਕ 2,000 ਤੋਂ ਵੱਧ ਲੋਕ ਬਿਜਲੀ ਤੋਂ ਬਿਨਾਂ ਰਹੇ। ਹਵਾਈ ਵਿਚ ਆਇਆ ਹੜ੍ਹ 20 ਸਾਲਾਂ ਤੋਂ ਵੱਧ ਸਮੇਂ ਵਿੱਚ ਸਭ ਤੋਂ ਭਿਆਨਕ ਦੱਸਿਆ ਜਾ ਰਿਹਾ ਹੈ। ਇੱਕ ਹਫ਼ਤੇ ਪਹਿਲਾਂ ਆਏ ਸਰਦੀਆਂ ਦੇ ਤੂਫਾਨ ਤੋਂ ਪਹਿਲਾਂ ਹੀ ਗਿੱਲੀ ਮਿੱਟੀ 'ਤੇ ਭਾਰੀ ਬਾਰਿਸ਼ ਹੋਈ, ਜਿਸ ਵਿਚ ਪਾਣੀ ਨੇ ਘਰਾਂ ਅਤੇ ਕਈ ਕਾਰਾਂ ਨੂੰ ਵਹਾ ਦਿੱਤਾ। ਤੂਫਾਨ ਤੋਂ ਹੋਏ ਨੁਕਸਾਨ ਦਾ ਅੰਦਾਜ਼ਾ ਲਗਭਗ 1 ਬਿਲੀਅਨ ਅਮਰੀਕੀ ਡਾਲਰ ਹੈ।

ਤੂਫਾਨ ਕਾਰਨ ਹੋਨੋਲੂਲੂ ਦੇ ਉੱਤਰ ਵਿੱਚ 5,500 ਲੋਕਾਂ ਲਈ ਨਿਕਾਸੀ ਦੇ ਆਦੇਸ਼ ਜਾਰੀ ਕੀਤੇ ਗਏ ਸਨ। ਹਾਲਾਂਕਿ ਐਤਵਾਰ ਦੁਪਹਿਰ ਤੱਕ ਕੋਈ ਜਾਨੀ ਨੁਕਸਾਨ ਦੀ ਰਿਪੋਰਟ ਨਹੀਂ ਹੈ। ਐਤਵਾਰ ਦੁਪਹਿਰ ਤੱਕ ਹਵਾਈ ਇਲੈਕਟ੍ਰਿਕ ਨੇ ਓਆਹੂ ਦੇ ਉੱਤਰੀ ਕਿਨਾਰੇ 'ਤੇ ਸਥਿਤ ਵੈਆਲੂਆ ਵਿੱਚ ਲਗਭਗ 1,200 ਲੋਕਾਂ ਨੂੰ ਬਿਜਲੀ ਬਹਾਲ ਕਰ ਦਿੱਤੀ ਸੀ। ਕੰਪਨੀ ਦੇ ਅਨੁਸਾਰ ਹੜ੍ਹ ਕਾਰਨ ਸਾਵਧਾਨੀ ਵਜੋਂ ਸ਼ੁੱਕਰਵਾਰ ਨੂੰ ਬਿਜਲੀ ਬੰਦ ਕਰ ਦਿੱਤੀ ਗਈ ਸੀ।

ਮਾਉਈ ਕਾਉਂਟੀ ਵਿੱਚ ਲਗਭਗ 100 ਲੋਕ ਬਿਜਲੀ ਤੋਂ ਬਿਨਾਂ ਰਹੇ, ਜਦੋਂ ਕਿ ਹਵਾਈ ਟਾਪੂ 'ਤੇ ਸਾਰੇ ਵੱਡੇ ਬਿਜਲੀ ਕੱਟ ਹੱਲ ਹੋ ਗਏ ਹਨ। ਹਵਾਈ ਮੌਸਮ ਵਿਗਿਆਨੀ ਮੈਥਿਊ ਫੋਸਟਰ ਨੇ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਕਿ ਤੂਫਾਨ ਦਾ ਸਭ ਤੋਂ ਭਿਆਨਕ ਹਿੱਸਾ ਹੁਣ ਖਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹੋਰ ਹੜ੍ਹਾਂ ਦੀਆਂ ਘਟਨਾਵਾਂ ਸੰਭਵ ਹਨ ਪਰ ਉਹ ਥੋੜ੍ਹੀਆਂ ਥਾਵਾਂ 'ਤੇ ਹੀ ਹੋਣਗੀਆਂ। ਪਿਛਲੇ ਦੋ ਹਫ਼ਤਿਆਂ ਦੀ ਬਾਰਸ਼ ਕੋਨਾ ਲੋਆ ਨਾਮਕ ਸਰਦੀਆਂ ਦੇ ਤੂਫਾਨ ਪ੍ਰਣਾਲੀ ਕਾਰਨ ਹੋਈ ਹੈ, ਜੋ ਨਮੀ ਨਾਲ ਭਰੀਆਂ ਦੱਖਣੀ ਜਾਂ ਦੱਖਣ-ਪੱਛਮੀ ਹਵਾਵਾਂ ਲਿਆਉਂਦੀ ਹੈ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵਾਹਗਾ ਬਾਰਡਰ ਰਾਹੀਂ ਵਪਾਰ ਖੋਲ੍ਹਣ ਦੀ ਕੀਤੀ ਮੰਗ

## 28 ਮਾਰਚ ਨੂੰ ਅਟਾਰੀ-ਵਾਹਗਾ ਸਰਹੱਦ 'ਤੇ 'ਬਾਰਡਰ ਓਪਨ' ਰੈਲੀ ਕੀਤੀ ਜਾਵੇਗੀ : ਸਿਮਰਨਜੀਤ ਸਿੰਘ

ਸੰਗਰੂਰ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵਾਹਗਾ ਬਾਰਡਰ ਰਾਹੀਂ ਸਰਹੱਦੀ ਵਪਾਰ ਨੂੰ ਤੁਰੰਤ ਮੁੜ ਸ਼ੁਰੂ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਲੋਕਾਂ ਨੂੰ ਲਾਮਬੰਦ ਕਰਨ ਲਈ 28 ਮਾਰਚ 2026 ਨੂੰ ਅਟਾਰੀ-ਵਾਹਗਾ ਸਰਹੱਦ 'ਤੇ ਇੱਕ ਵਿਸ਼ਾਲ 'ਬਾਰਡਰ ਓਪਨ' ਰੈਲੀ ਕਰਨ ਦਾ ਐਲਾਨ ਕੀਤਾ ਹੈ।



ਪੂਰਬੀ ਅਤੇ ਪੱਛਮੀ ਪੰਜਾਬ ਵਿਚਕਾਰ ਵਪਾਰ ਸ਼ੁਰੂ ਹੋਣ ਨਾਲ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ (ਖਾਸ ਕਰਕੇ ਫਲ, ਸਬਜ਼ੀਆਂ ਅਤੇ ਡੇਅਰੀ ਉਤਪਾਦ) ਲਈ ਵੱਡੀ ਮਾਰਕੀਟ ਮਿਲੇਗੀ ਅਤੇ ਵਧੀਆ ਭਾਅ ਮਿਲਣਗੇ।

ਅੰਦਾਜ਼ਾ ਲਗਾਇਆ ਗਿਆ ਹੈ ਕਿ ਵਪਾਰ ਖੁੱਲ੍ਹਣ ਨਾਲ ਟਰਾਂਸਪੋਰਟ, ਐਗਰੋ-ਪ੍ਰੋਸੈਸਿੰਗ ਅਤੇ ਸਰਵਿਸ ਸੈਕਟਰ ਵਿੱਚ 50,000 ਤੋਂ 1,00,000 ਤੱਕ ਨਵੀਆਂ ਨੌਕਰੀਆਂ ਪੈਦਾ ਹੋ ਸਕਦੀਆਂ ਹਨ। ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਉਦਯੋਗਿਕ ਕੇਂਦਰਾਂ ਦੇ ਟੈਕਸਟਾਈਲ, ਸਪੋਰਟਸ ਗੁਡਜ਼ ਅਤੇ ਫਾਰਮਾਸਿਊਟੀਕਲ ਉਤਪਾਦਾਂ ਦੀ ਸਿੱਧੀ ਪਹੁੰਚ ਮੱਧ ਏਸ਼ੀਆਈ ਬਾਜ਼ਾਰਾਂ ਤੱਕ ਹੋਵੇਗੀ।

ਸਿਮਰਨਜੀਤ ਸਿੰਘ ਮਾਨ ਅਨੁਸਾਰ ਵਾਹਗਾ ਰਸਤਾ ਸਿਰਫ਼ ਪਾਕਿਸਤਾਨ ਹੀ ਨਹੀਂ, ਸਗੋਂ ਅਫ਼ਗਾਨਿਸਤਾਨ, ਇਰਾਨ ਅਤੇ ਮੱਧ ਏਸ਼ੀਆ ਲਈ ਵਪਾਰਕ ਦਰਵਾਜ਼ਾ ਹੈ। ਪਾਰਟੀ ਨੇ ਚਿੰਤਾ ਜਤਾਈ ਕਿ ਵਪਾਰ ਬੰਦ ਹੋਣ ਕਾਰਨ ਸਰਹੱਦੀ ਇਲਾਕਿਆਂ ਵਿੱਚ ਬੇਰੁਜ਼ਗਾਰੀ ਵਧੀ ਹੈ ਅਤੇ ਲੋਕਾਂ ਦਾ ਮਾਲੀ ਨੁਕਸਾਨ ਹੋ ਰਿਹਾ ਹੈ।

# ਦੇਸ਼ ਅੰਦਰ ਸਿਰਫ਼ ਹਿੰਦੂ, ਸਿੱਖ, ਬੋਧੀ ਹੀ ਅਨੁਸੂਚਿਤ ਜਾਤੀ ਦਾ ਰੱਖ ਸਕਦੇ ਹਨ ਦਰਜਾ : ਸੁਪਰੀਮ ਕੋਰਟ

## ਈਸਾਈ ਧਰਮ ਅਪਣਾਉਣ ਵਾਲਾ ਐਸ.ਸੀ. ਨਹੀਂ ਰਹਿ ਸਕਦਾ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕਿਹਾ ਕਿ ਹਿੰਦੂ, ਸਿੱਖ ਜਾਂ ਬੁੱਧ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਦਾ ਪਾਲਣ ਕਰਨ ਵਾਲੇ ਵਿਅਕਤੀ ਨੂੰ ਅਨੁਸੂਚਿਤ ਜਾਤੀ (ਐੱਸ ਸੀ) ਦਾ ਮੈਂਬਰ ਨਹੀਂ ਮੰਨਿਆ ਜਾ ਸਕਦਾ। ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਐੱਨ ਵੀ ਅੰਜਾਰੀਆ ਦੇ ਬੈਂਚ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਹੁਕਮਾਂ ਨੂੰ ਬਹਾਲ ਰੱਖਦਿਆਂ ਇਹ ਹੁਕਮ ਸੁਣਾਏ ਹਨ।

ਬੈਂਚ ਨੇ ਕਿਹਾ ਕਿ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਵਿਅਕਤੀ ਕਿਸੇ ਦੂਜੇ ਧਰਮ ਨੂੰ ਅਪਣਾ ਕੇ ਐੱਸ ਸੀ ਦਾ ਦਰਜਾ ਤੁਰੰਤ ਅਤੇ ਪੂਰੀ ਤਰ੍ਹਾਂ ਗੁਆ ਦਿੰਦਾ ਹੈ। ਬੈਂਚ ਨੇ ਕਿਹਾ, "ਅਜਿਹੇ ਕਿਸੇ ਵੀ ਵਿਅਕਤੀ ਨੂੰ ਧਾਰਾ 3 ਮੁਤਾਬਕ ਅਨੁਸੂਚਿਤ ਜਾਤੀ ਦਾ ਮੈਂਬਰ ਨਹੀਂ ਮੰਨਿਆ ਜਾਂਦਾ। ਉਸ ਨੂੰ ਸੰਵਿਧਾਨ, ਸੰਸਦ ਜਾਂ ਸੂਬਾਈ ਵਿਧਾਨ ਸਭਾ ਦੇ ਕਿਸੇ ਕਾਨੂੰਨ ਤਹਿਤ ਕੋਈ ਵੀ ਵਿਧਾਨਕ ਲਾਭ, ਸੁਰੱਖਿਆ ਜਾਂ ਰਾਖਵਾਂਕਰਨ ਨਹੀਂ ਦਿੱਤਾ ਜਾ ਸਕਦਾ। ਕੋਈ ਵਿਅਕਤੀ ਧਾਰਾ 3 'ਚ ਦਰਜ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਦਾ ਪਾਲਣ ਕਰਦਿਆਂ ਅਨੁਸੂਚਿਤ ਜਾਤੀ ਦੀ ਮੈਂਬਰਸ਼ਿਪ ਦਾ ਦਾਅਵਾ ਨਹੀਂ ਕਰ ਸਕਦਾ ਹੈ।"



ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ 30 ਅਪਰੈਲ 2025 ਨੂੰ ਫ਼ੈਸਲਾ ਸੁਣਾਇਆ ਸੀ ਕਿ ਜੇ ਕੋਈ ਵਿਅਕਤੀ ਇਸਾਈ ਧਰਮ ਅਪਣਾ ਲੈਂਦਾ ਹੈ ਤੇ ਇਸ ਦਾ ਪ੍ਰਚਾਰ ਕਰਦਾ ਹੈ ਤਾਂ ਉਸ ਨੂੰ ਐੱਸ ਸੀ ਭਾਈਚਾਰੇ ਦਾ ਮੈਂਬਰ ਨਹੀਂ ਮੰਨਿਆ ਜਾ ਸਕਦਾ ਹੈ। ਹਾਈ ਕੋਰਟ ਨੇ ਕਿਹਾ ਕਿ ਜਾਤੀਗਤ ਵਿਵਸਥਾ ਇਸਾਈ ਧਰਮ ਵਿੱਚ ਨਹੀਂ ਅਤੇ ਅਜਿਹਾ ਵਿਅਕਤੀ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਵਧੀਕੀਆਂ ਰੋਕੂ) ਐਕਟ (ਐੱਸ ਸੀ-ਐੱਸ ਟੀ ਐਕਟ) ਦੀਆਂ ਧਾਰਾਵਾਂ ਦੀ ਵਰਤੋਂ ਨਹੀਂ ਕਰ ਸਕਦਾ ਹੈ। ਹਾਈ ਕੋਰਟ ਨੇ ਸ਼ਿਕਾਇਤਕਰਤਾ ਦੇ ਇਤਰਾਜ਼ ਖ਼ਾਰਜ ਕਰ ਦਿੱਤੇ ਸਨ ਜਿਸ ਨੇ ਇਸਾਈ ਧਰਮ ਅਪਣਾ ਲਿਆ ਸੀ ਅਤੇ ਇਕ ਅਪਰਾਧਿਕ ਮਾਮਲੇ 'ਚ ਐੱਸ ਸੀ ਤੇ ਐੱਸ ਟੀ (ਵਧੀਕੀਆਂ ਰੋਕੂ) ਐਕਟ ਦਾ ਹਵਾਲਾ ਦਿੱਤਾ ਸੀ। ਇਸ ਮਗਰੋਂ ਪਾਦਰੀ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ।



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

ਡਾ. ਗੁਰਿੰਦਰ ਸਿੰਘ ਗਰੇਵਾਲ ਇੱਕ ਅਜਿਹੀ ਵਿਲੱਖਣ ਸ਼ਖਸੀਅਤ ਹਨ, ਜਿਨ੍ਹਾਂ ਨੇ ਵਿਗਿਆਨ, ਇਤਿਹਾਸ, ਸਿਹਤ ਅਤੇ ਸਿਆਸਤ ਦੇ ਸੁਮੇਲ ਰਾਹੀਂ ਸਮਾਜ ਵਿੱਚ ਇੱਕ ਨਵੀਂ ਚੇਤਨਾ ਪੈਦਾ ਕੀਤੀ ਹੈ। ਪੇਸ਼ੇ ਵਜੋਂ ਇੱਕ ਉੱਘੇ ਮੈਡੀਕਲ ਡਾਕਟਰ (MD) ਹੋਣ ਦੇ ਨਾਲ-ਨਾਲ, ਉਹ ਪੰਜਾਬੀ ਕਿਸਾਨੀ ਸੰਘਰਸ਼ਾਂ ਅਤੇ ਬਸਤੀਵਾਦੀ ਇਤਿਹਾਸ ਦੇ ਇੱਕ ਗੰਭੀਰ ਵਿਦਵਾਨ ਅਤੇ ਨਿਡਰ ਖੋਜਾਰਥੀ ਹਨ। ਡਾ. ਗਰੇਵਾਲ ਦੀ ਕਲਮ ਸਿਰਫ਼ ਨੁਸਖ਼ੇ ਹੀ ਨਹੀਂ ਲਿਖਦੀ, ਸਗੋਂ ਸਮਾਜਿਕ ਅਤੇ ਰਾਜਨੀਤਿਕ ਬਿਮਾਰੀਆਂ ਦਾ ਵਿਸ਼ਲੇਸ਼ਣ ਵੀ ਕਰਦੀ ਹੈ। ਉਹ 'ਸਾਡੇ ਲੋਕ' (Sade Lok) ਦੇ ਪਾਠਕਾਂ ਲਈ ਹਰ ਹਫ਼ਤੇ ਇੱਕ ਵਿਸ਼ੇਸ਼ ਅਤੇ ਨਿਵੇਕਲਾ (Exclusive) ਲੇਖ ਲਿਖਦੇ ਹਨ, ਜਿਸ ਰਾਹੀਂ ਉਹ ਗੁੰਝਲਦਾਰ ਇਤਿਹਾਸਕ ਘਟਨਾਵਾਂ ਅਤੇ ਅਜੋਕੇ ਹਾਲਾਤਾਂ ਨੂੰ ਬਹੁਤ ਹੀ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਦੀ ਹਾਲੀਆ ਖੋਜ, 'ਗਾਂਧੀ ਤੋਂ ਪਹਿਲਾਂ ਰਣਨੀਤਕ ਖੇਤੀਬਾੜੀ ਵਿਰੋਧ', ਪੰਜਾਬ ਦੇ 1906-1907 ਦੇ ਨਹਿਰੀ ਕਲੋਨੀ ਅੰਦੋਲਨ (ਪਗੜੀ ਸੰਭਾਲ ਜੱਟਾ ਲਹਿਰ) ਨੂੰ ਇੱਕ ਨਵੇਂ ਰਣਨੀਤਕ ਕੋਣ ਤੋਂ ਪੇਸ਼ ਕਰਦੀ ਹੈ। ਇੱਕ ਡਾਕਟਰ ਦੀ ਬਾਰੀਕੀ ਅਤੇ ਇੱਕ ਇਤਿਹਾਸਕਾਰ ਦੀ ਦੂਰਅੰਦੇਸ਼ੀ ਨਾਲ, ਉਨ੍ਹਾਂ ਨੇ ਸਾਬਤ ਕੀਤਾ ਹੈ ਕਿ ਪੰਜਾਬ ਦੀ ਕਿਸਾਨੀ ਸ਼ਕਤੀ ਗਲੋਬਲ ਰਾਜਨੀਤਿਕ ਸਿਧਾਂਤਾਂ (ਜਿਵੇਂ 3.5% ਨਿਯਮ) ਤੋਂ ਕਿਤੇ ਵੱਧ ਪ੍ਰਭਾਵਸ਼ਾਲੀ ਰਹੀ ਹੈ। '1947 ਦੀ ਭਾਰਤੀ ਆਜ਼ਾਦੀ ਤੋਂ ਬਾਅਦ, ਭਾਰਤੀ ਹੁਕਮਰਾਨਾਂ ਨੇ ਸਿੱਖਾਂ ਦੇ ਗੌਰਵਮਈ ਇਤਿਹਾਸ ਅਤੇ ਬੇਮਿਸਾਲ ਕੁਰਬਾਨੀਆਂ ਨੂੰ ਅੱਖੋਂ-ਓਹਲੇ ਕਰ ਦਿੱਤਾ। ਆਪਣੀਆਂ ਧੋਖੇਬਾਜ਼ ਚਾਲਾਂ ਅਤੇ ਚਲਾਕੀਆਂ ਨਾਲ ਉਨ੍ਹਾਂ ਲੋਕਾਂ ਨੂੰ ਆਜ਼ਾਦੀ ਦੇ 'ਨਾਇਕ' ਵਜੋਂ ਪੇਸ਼ ਕੀਤਾ ਗਿਆ, ਜਿਹੜੇ ਗੋਰੇ ਫਰੰਗੀਆਂ ਦੀ ਮੁਖਬਰੀ ਕਰਦੇ ਰਹੇ ਸਨ। ਅਸੀਂ ਇਸ ਹਫ਼ਤੇ ਡਾ. ਗੁਰਿੰਦਰ ਸਿੰਘ ਗਰੇਵਾਲ ਜੀ ਦਾ ਇਹ ਖੋਜ ਭਰਪੂਰ ਇਤਿਹਾਸਕ ਲੇਖ 'ਸਾਡੇ ਲੋਕ' ਦੇ ਪਾਠਕਾਂ ਨਾਲ ਸਾਂਝਾ ਕਰਦੇ ਹੋਏ ਮਾਣ ਮਹਿਸੂਸ ਕਰ ਰਹੇ ਹਾਂ।' — ਸਤਨਾਮ ਸਿੰਘ ਖਾਲਸਾ

### ਪੰਜਾਬ ਦੀਆਂ ਲੋਕ-ਲਹਿਰਾਂ ਦਾ ਰਣਨੀਤਕ ਵਿਸ਼ਲੇਸ਼ਣ

# ਸਿੱਖ ਸਿਆਸੀ ਇਤਿਹਾਸ ਵਿੱਚ 3.5% ਨਿਯਮ, ਅਹਿੰਸਕ ਅਨੁਸ਼ਾਸਨ ਅਤੇ ਨੈਤਿਕ ਜਾਇਜ਼ਤਾ ਰਾਹੀਂ ਪ੍ਰਾਪਤ ਕੀਤੀਆਂ ਇਤਿਹਾਸਕ ਜਿੱਤਾਂ ਦਾ ਇੱਕ ਮੁਕੰਮਲ ਲੇਖਾ-ਜੋਖਾ

**ਪੰਜਾਬ ਵਿੱਚ ਵਿਆਪਕ ਅਹਿੰਸਕ ਲਾਮਬੰਦੀ ਅਤੇ ਸਿੱਖ ਸਿਆਸੀ ਸੰਘਰਸ਼ ਦਾ ਮੁਲਾਂਕਣ**

ਇਹ ਲੇਖ ਐਰਿਕਾ ਚੇਨੋਵੇਥ ਦੇ 3.5% ਨਿਯਮ ਦੇ ਸੰਦਰਭ ਵਿੱਚ ਪੰਜਾਬ ਅਤੇ ਸਿੱਖ ਸਿਆਸੀ ਇਤਿਹਾਸ ਦਾ ਇੱਕ ਡੂੰਘਾ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਇਹ ਸਥਾਪਿਤ ਕਰਦਾ ਹੈ ਕਿ ਸਿਰਫ਼ ਲੋਕਾਂ ਦੀ ਵੱਡੀ ਗਿਣਤੀ ਹੀ ਜਿੱਤ ਦੀ ਗਾਰੰਟੀ ਨਹੀਂ ਹੈ, ਸਗੋਂ ਸਫਲਤਾ ਤਿੰਨ ਮੁੱਖ ਥੰਮ੍ਹਾਂ 'ਤੇ ਟਿਕੀ ਹੋਈ ਹੈ:

1. ਪੈਮਾਨਾ (Scale): ਆਬਾਦੀ ਦੇ ਇੱਕ ਹਿੱਸੇ ਦੀ ਸਰਗਰਮ ਅਤੇ ਨਿਰੰਤਰ ਸ਼ਮੂਲੀਅਤ।
2. ਅਹਿੰਸਕ ਅਨੁਸ਼ਾਸਨ (Nonviolent Discipline): ਉਕਸਾਵੇ ਦੇ ਬਾਵਜੂਦ ਸ਼ਾਂਤਮਈ ਰਹਿਣ ਦੀ ਸਮਰੱਥਾ, ਜੋ ਵਿਰੋਧੀ ਦੀ ਨੈਤਿਕ ਸ਼ਕਤੀ ਨੂੰ ਕਮਜ਼ੋਰ ਕਰਦੀ ਹੈ।
3. ਨੈਤਿਕ ਜਾਇਜ਼ਤਾ (Legitimacy): ਅੰਦੋਲਨ ਦੇ ਉਦੇਸ਼ਾਂ ਦਾ ਅਜਿਹਾ ਪ੍ਰਭਾਵ ਜੋ ਸਥਾਨਕ ਹੱਦਾਂ ਪਾਰ ਕਰਕੇ ਵਿਆਪਕ ਜਨਤਕ ਸਮਰਥਨ ਹਾਸਲ ਕਰੇ।

1906 ਦੀ ਨਹਿਰੀ ਕਲੋਨੀ ਲਹਿਰ ਤੋਂ ਲੈ ਕੇ 1920 ਦੀ ਅਕਾਲੀ ਲਹਿਰ ਅਤੇ 2021 ਦੇ ਇਤਿਹਾਸਕ ਕਿਸਾਨ ਅੰਦੋਲਨ ਤੱਕ, ਪੰਜਾਬ ਦੇ ਇਤਿਹਾਸ ਨੇ ਵਾਰ-ਵਾਰ ਇਹ ਸਾਬਤ ਕੀਤਾ ਹੈ ਕਿ ਜਦੋਂ ਇਹ ਤਿੰਨੋਂ ਤੱਤ ਇਕੱਠੇ ਹੁੰਦੇ ਹਨ, ਤਾਂ ਅਹਿੰਸਕ ਸ਼ਕਤੀ ਵੱਡੇ ਤੋਂ ਵੱਡੇ ਸੱਤਾ ਦੇ ਢਾਂਚੇ ਨੂੰ ਬਦਲਣ ਦੀ ਸਮਰੱਥਾ ਰੱਖਦੀ ਹੈ। ਇਹ ਲੇਖ ਸਿੱਖ ਰਾਜਨੀਤੀ ਦੇ ਭਵਿੱਖ ਲਈ ਇੱਕ ਰਣਨੀਤਕ ਰੋਡਮੈਪ ਪੇਸ਼ ਕਰਦਾ ਹੈ, ਜੋ ਗਿਣਤੀ ਨਾਲੋਂ ਗੁਣ ਅਤੇ ਅਨੁਸ਼ਾਸਨ ਨੂੰ ਵੱਧ ਅਹਿਮੀਅਤ ਦਿੰਦਾ ਹੈ।

**ਜਾਣ-ਪਛਾਣ** : ਐਰਿਕਾ ਚੇਨੋਵੇਥ ਅਤੇ ਮਾਰੀਆ ਜੇ. ਸਟੀਫਨ (ਕਿਤਾਬ: Why Civil Resistance Works) ਦੁਆਰਾ ਪੇਸ਼ ਕੀਤਾ ਗਿਆ ਇਹ ਵਿਚਾਰ—ਕਿ ਆਬਾਦੀ ਦੇ ਇੱਕ ਛੋਟੇ ਪਰ ਅਹਿਮ ਹਿੱਸੇ ਦੀ ਨਿਰੰਤਰ ਸ਼ਮੂਲੀਅਤ ਸਿਆਸੀ ਨਤੀਜਿਆਂ ਨੂੰ ਨਿਰਣਾਇਕ ਰੂਪ ਵਿੱਚ ਬਦਲ ਸਕਦੀ ਹੈ—ਨੇ ਵਿਰੋਧ, ਜਾਇਜ਼ਤਾ ਅਤੇ ਰਾਜ ਦੀ ਸ਼ਕਤੀ ਬਾਰੇ ਵਿਦਵਾਨਾਂ ਦੀ ਸਮਝ ਨੂੰ ਇੱਕ ਨਵਾਂ ਮੋੜ ਦਿੱਤਾ ਹੈ। ਇਹ ਅਖੌਤੀ '3.5% ਨਿਯਮ' ਕਿਸੇ ਪੂਰਵ-ਨਿਰਧਾਰਤ ਨਤੀਜੇ ਦਾ ਦਾਅਵਾ ਨਹੀਂ ਕਰਦਾ; ਸਗੋਂ, ਇਹ ਇੱਕ ਇਤਿਹਾਸਕ ਪੈਟਰਨ ਦੀ ਪਛਾਣ ਕਰਦਾ ਹੈ: ਅਹਿੰਸਕ ਅੰਦੋਲਨ ਜੋ ਵਿਆਪਕ ਅਤੇ ਸਰਗਰਮ ਜਨਤਕ ਭਾਗੀਦਾਰੀ ਪੈਦਾ ਕਰਦੇ ਹਨ, ਉਹ ਹਿੰਸਕ ਵਿਦਰੋਹਾਂ ਨਾਲੋਂ ਕਿਤੇ ਬਿਹਤਰ ਪ੍ਰਦਰਸ਼ਨ ਕਰਦੇ ਹਨ।

ਪੰਜਾਬ, ਖਾਸ ਕਰਕੇ ਸਿੱਖ ਸਿਆਸੀ ਲਾਮਬੰਦੀ ਰਾਹੀਂ, ਇਸ ਧਾਰਨਾ ਦਾ ਮੁਲਾਂਕਣ ਕਰਨ ਲਈ ਇੱਕ ਅਮੀਰ ਇਤਿਹਾਸਕ ਸੰਦਰਭ ਪੇਸ਼ ਕਰਦਾ ਹੈ। ਵੀਹਵੀਂ ਅਤੇ ਇੱਕਵੀਂ ਸਦੀ ਦੇ ਸ਼ੁਰੂ ਵਿੱਚ, ਪੰਜਾਬ ਨੇ ਸਮੂਹਿਕ ਕਾਰਵਾਈਆਂ ਦੇ ਕਈ ਦੌਰ ਦੇਖੇ—ਖੇਤੀਬਾੜੀ, ਧਾਰਮਿਕ, ਭਾਸ਼ਾਈ, ਸੰਵਿਧਾਨਕ ਅਤੇ ਆਰਥਿਕ—ਜੋ ਪੈਮਾਨੇ, ਅਨੁਸ਼ਾਸਨ, ਜਾਇਜ਼ਤਾ ਅਤੇ ਰਣਨੀਤੀ ਪੱਖੋਂ ਵੱਖੋ-ਵੱਖਰੇ ਸਨ।

ਇਹ ਲੇਖ ਦਲੀਲ ਦਿੰਦਾ ਹੈ ਕਿ ਪੰਜਾਬ ਸਿਰਫ਼ 3.5% ਨਿਯਮ ਦੀਆਂ ਹੱਦਾਂ ਦੀ ਪਰਖ ਹੀ ਨਹੀਂ ਕਰਦਾ, ਸਗੋਂ ਇਹ ਇਸਦੇ ਅਧਾਰਾਂ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ। ਜਨਤਕ ਭਾਗੀਦਾਰੀ ਜ਼ਰੂਰੀ ਹੈ, ਪਰ ਸਿਰਫ਼ ਇਹੀ ਕਾਫ਼ੀ ਨਹੀਂ ਹੈ। ਜਦੋਂ ਅੰਦੋਲਨ ਦਾ ਵੱਡਾ ਪੈਮਾਨਾ ਸਖ਼ਤ ਅਹਿੰਸਕ ਅਨੁਸ਼ਾਸਨ, ਡੂੰਘੀ ਜੜ੍ਹਾਂ ਵਾਲੀ ਜਾਇਜ਼ਤਾ ਅਤੇ ਮਜ਼ਬੂਤ ਸੰਸਥਾਗਤ ਢਾਂਚੇ ਨਾਲ ਜੁੜਦਾ ਹੈ, ਉਦੋਂ ਹੀ ਅੰਦੋਲਨ ਪਰਿਵਰਤਨਸ਼ੀਲ ਸ਼ਕਤੀ ਪ੍ਰਾਪਤ ਕਰਦੇ ਹਨ।

**ਅਜੀਤ ਸਿੰਘ ਦੀ ਨਹਿਰੀ ਕਲੋਨੀ ਲਹਿਰ (1906): ਸ਼ੁਰੂਆਤੀ ਕਿਸਾਨੀ ਵਿਰੋਧ**

ਬਸਤੀਵਾਦੀ ਪੰਜਾਬ ਵਿੱਚ ਪਹਿਲੀ ਵੱਡੀ ਆਧੁਨਿਕ ਲਾਮਬੰਦੀ 1906 ਵਿੱਚ ਅਜੀਤ ਸਿੰਘ ਦੀ ਅਗਵਾਈ ਹੇਠ, ਬ੍ਰਿਟਿਸ਼ ਖੇਤੀਬਾੜੀ ਨੀਤੀਆਂ ਦੇ ਵਿਰੋਧ ਵਿੱਚ ਹੋਈ। ਅੰਗਰੇਜ਼ਾਂ ਨੇ ਜ਼ਮੀਨ ਦੀ ਮਲਕੀਅਤ ਅਤੇ ਵਿਰਾਸਤ ਦੇ ਨਵੇਂ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ।

**ਗਤੀਵਿਧੀਆਂ**: ਨਹਿਰੀ ਕਲੋਨੀਆਂ ਵਿੱਚ ਕਿਸਾਨਾਂ ਦੇ ਨੈੱਟਵਰਕ, ਜਨਤਕ ਮੀਟਿੰਗਾਂ ਅਤੇ ਬਸਤੀਵਾਦ ਵਿਰੋਧੀ ਪ੍ਰਚਾਰ।

**ਪ੍ਰਾਪਤੀਆਂ**: ਵੱਡੀ ਪੱਧਰ 'ਤੇ ਭਾਗੀਦਾਰੀ, ਕਿਸਾਨਾਂ ਵਿੱਚ ਉੱਚ ਨੈਤਿਕ ਜਾਇਜ਼ਤਾ ਅਤੇ ਅਹਿੰਸਕ ਅਨੁਸ਼ਾਸਨ।




ਸ. ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਅਤੇ 1907 ਦੀ ਇਤਿਹਾਸਕ 'ਪੱਗੜੀ ਸੰਭਾਲ ਜੱਟਾ' ਲਹਿਰ ਦੇ ਮੁੱਖ ਆਗੂ ਸਨ ਜਿਨ੍ਹਾਂ ਨੇ ਅੰਗਰੇਜ਼ੀ ਹਕੂਮਤ ਦੇ ਕਿਸਾਨ-ਵਿਰੋਧੀ ਕਾਲੇ ਕਾਨੂੰਨਾਂ ਵਿਰੁੱਧ ਪੰਜਾਬ ਦੇ ਕਿਸਾਨਾਂ ਨੂੰ ਲਾਮਬੰਦ ਕੀਤਾ।




ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦਿੱਲੀ ਵਿਖੇ ਕਿਸਾਨਾਂ ਦਾ ਭਾਰੀ ਇਕੱਠ

**ਨਤੀਜਾ**: ਬਸਤੀਵਾਦੀ ਰਾਜ ਨੇ ਸਾਵਧਾਨੀ ਵਰਤਦਿਆਂ ਨੀਤੀਆਂ ਵਿੱਚ ਅੰਸ਼ਕ ਤਬਦੀਲੀ ਕੀਤੀ ਅਤੇ ਸ਼ੁਰੂਆਤੀ ਰਿਆਇਤਾਂ ਦਿੱਤੀਆਂ।

**ਵਿਸ਼ਲੇਸ਼ਣਾਤਮਕ ਸੂਝ**: ਇਹ ਲਹਿਰ ਦਰਸਾਉਂਦੀ ਹੈ ਕਿ ਜਦੋਂ ਲਾਮਬੰਦੀ ਸਥਾਨਕ ਜਾਇਜ਼ਤਾ 'ਤੇ ਅਧਾਰਿਤ ਹੁੰਦੀ ਹੈ, ਤਾਂ ਇਹ ਸ਼ੁਰੂਆਤੀ ਜਿੱਤਾਂ ਦੁਆ ਸਕਦੀ ਹੈ।

**ਗੁਰਦੁਆਰਾ ਸੁਧਾਰ (ਅਕਾਲੀ) ਲਹਿਰ (1920-1925): ਸੰਸਥਾਗਤ ਤਬਦੀਲੀ**

ਅਕਾਲੀ ਲਹਿਰ ਚੇਨੋਵੇਥ ਦੇ ਫਰੇਮਵਰਕ ਨਾਲ ਸਭ ਤੋਂ ਵੱਧ ਮੇਲ ਖਾਂਦੀ ਹੈ। ਇਸ ਲਹਿਰ ਨੇ ਗੁਰਦੁਆਰਿਆਂ ਦਾ ਕੰਟਰੋਲ ਭ੍ਰਿਸ਼ਟ ਮਹੰਤਾਂ ਤੋਂ ਵਾਪਸ ਲੈਣ ਦੀ ਕੋਸ਼ਿਸ਼ ਕੀਤੀ।

**ਵਿਸ਼ੇਸ਼ਤਾਵਾਂ**: ਅਨੁਸ਼ਾਸਿਤ ਜਥੇ, ਬਿਨਾਂ ਬਦਲੇ ਦੀ ਭਾਵਨਾ ਦੇ ਤਸ਼ੱਦਦ ਸਹਿਣ ਦੀ ਤਿਆਰੀ ਅਤੇ ਧਾਰਮਿਕ ਪ੍ਰੇਰਣਾ।

**ਨਤੀਜਾ**: 1925 ਦਾ ਸਿੱਖ ਗੁਰਦੁਆਰਾ ਐਕਟ। ਇਹ ਅਹਿੰਸਕ ਅਨੁਸ਼ਾਸਨ, ਵਿਆਪਕ ਭਾਗੀਦਾਰੀ ਅਤੇ ਉੱਚ ਜਾਇਜ਼ਤਾ ਰਾਹੀਂ ਸੰਸਥਾਗਤ ਤਬਦੀਲੀ ਦੀ ਇੱਕ ਮਿਸਾਲੀ ਉਦਾਹਰਣ ਹੈ।

**ਪੰਜਾਬੀ ਸੂਬਾ ਲਹਿਰ (1950s-1966): ਅੰਸ਼ਕ ਸਫਲਤਾ**

ਇਸ ਲਹਿਰ ਨੇ ਬਸਤੀਵਾਦ ਤੋਂ ਬਾਅਦ ਦੇ ਦੌਰ ਵਿੱਚ ਭਾਸ਼ਾਈ ਅਧਾਰ 'ਤੇ ਪੰਜਾਬ ਦੇ ਪੁਨਰਗਠਨ ਅਤੇ ਸੱਭਿਆਚਾਰਕ ਮਾਨਤਾ ਦੀ ਮੰਗ ਕੀਤੀ।

**ਤਰੀਕੇ**: ਸਤਿਆਗ੍ਰਹਿ, ਸਮੂਹਿਕ ਗ੍ਰਿਫਤਾਰੀਆਂ ਅਤੇ ਸੰਸਥਾਗਤ ਲਾਮਬੰਦੀ।

**ਨਤੀਜਾ**: 1966 ਵਿੱਚ ਪੰਜਾਬੀ ਬੋਲਦੇ ਸੂਬੇ ਦਾ ਗਠਨ ਹੋਇਆ, ਪਰ ਚੰਡੀਗੜ੍ਹ ਅਤੇ ਦਰਿਆਈ ਪਾਣੀਆਂ ਵਰਗੇ ਮੁੱਦੇ ਅਣਸੁਲਝੇ ਰਹਿ ਗਏ।

**ਧਰਮ ਯੁੱਧ ਮੋਰਚਾ (1982-1984): ਅਹਿੰਸਕ ਰਣਨੀਤੀ ਦਾ ਟੁੱਟਣਾ**

ਇਹ ਮੋਰਚਾ ਅਨੰਦਪੁਰ ਸਾਹਿਬ ਦੇ ਮਤੇ ਦੁਆਲੇ ਸ਼ੁਰੂ ਹੋਇਆ ਪਰ ਬਾਅਦ ਵਿੱਚ ਸਿਆਸੀ ਹਾਲਾਤ ਵਿਗੜ ਗਏ।

**ਸਮੱਸਿਆਵਾਂ**: ਲੀਡਰਸ਼ਿਪ ਦਾ ਖਿੰਡਣਾ, ਸਰਕਾਰੀ ਜ਼ਬਰ ਅਤੇ ਅਹਿੰਸਕ ਵਿਰੋਧ ਤੇ ਹਥਿਆਰਬੰਦ ਸੰਘਰਸ਼ ਵਿਚਕਾਰ ਧੁੰਦਲੀ ਹੁੰਦੀ ਲਕੀਰ।

**ਨਤੀਜਾ**: ਉਦੇਸ਼ਾਂ ਦੀ ਪ੍ਰਾਪਤੀ ਵਿੱਚ ਅਸਫਲਤਾ ਅਤੇ ਟਕਰਾਅ ਵਿੱਚ ਵਾਧਾ। ਸਬਕ: ਅਨੁਸ਼ਾਸਨ ਅਤੇ ਜਾਇਜ਼ਤਾ ਤੋਂ ਬਿਨਾਂ ਸਿਰਫ਼ ਭੀੜ (Scale) ਅਸਫਲਤਾ ਦਾ ਕਾਰਨ ਬਣਦੀ ਹੈ।

**ਕਿਸਾਨ ਅੰਦੋਲਨ (2020-2021): ਆਧੁਨਿਕ ਪ੍ਰਮਾਣ**

ਭਾਰਤੀ ਕਿਸਾਨਾਂ ਦਾ ਵਿਰੋਧ ਚੇਨੋਵੇਥ ਦੇ ਨਤੀਜਿਆਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ।

**ਵਿਸ਼ੇਸ਼ਤਾਵਾਂ**: ਲੱਖਾਂ ਦੀ ਭਾਗੀਦਾਰੀ, ਉੱਚ ਪੱਧਰੀ ਸੰਗਠਨ, ਸਖ਼ਤ ਅਹਿੰਸਕ ਅਨੁਸ਼ਾਸਨ ਅਤੇ ਮੰਗਾਂ ਨੂੰ 'ਆਰਥਿਕ ਨਿਆਂ' ਵਜੋਂ ਪੇਸ਼ ਕਰਨਾ।

**ਨਤੀਜਾ**: ਖੇਤੀ ਕਾਨੂੰਨਾਂ ਦੀ ਪੂਰੀ ਵਾਪਸੀ।

ਪੰਜਾਬ ਯੂਨੀਵਰਸਿਟੀ ਵਿਦਿਆਰਥੀ ਅੰਦੋਲਨ (2025): ਉੱਭਰਦੀ ਲਾਮਬੰਦੀ

ਇਹ ਅੰਦੋਲਨ ਮੌਜੂਦਾ ਦੌਰ ਦੀ ਇੱਕ ਨਵੀਂ ਵੰਨਗੀ ਪੇਸ਼ ਕਰਦਾ ਹੈ:

**ਭਾਗੀਦਾਰੀ**: ਉੱਭਰ ਰਹੀ ਹੈ ਪਰ ਅਜੇ ਵਿਆਪਕ ਪੱਧਰ 'ਤੇ ਨਹੀਂ।

**ਜਾਇਜ਼ਤਾ**: ਰਾਸ਼ਟਰੀ ਪੱਧਰ 'ਤੇ ਅਜੇ ਸੀਮਤ ਪ੍ਰਭਾਵ।

**ਨਤੀਜਾ**: ਜਾਰੀ ਹੈ, ਪਰ ਸੀਮਤ ਅਸਰ।

**ਸੰਸਲੇਸ਼ਣ (Synthesis): ਸਫਲਤਾ ਦਾ ਮਾਡਲ**

| ਅੰਦੋਲਨ | ਪੈਮਾਨਾ (Scale) | ਅਨੁਸ਼ਾਸਨ | ਜਾਇਜ਼ਤਾ | ਨਤੀਜਾ |
|---|---|---|---|---|
| ਅਜੀਤ ਸਿੰਘ (1906) | ✓ | ✓ | ✓ | ਸ਼ੁਰੂਆਤੀ ਰਿਆਇਤਾਂ |
| ਅਕਾਲੀ ਲਹਿਰ (1920s) | ✓ | ✓ | ✓ | ਪੂਰੀ ਸਫਲਤਾ |
| ਪੰਜਾਬੀ ਸੂਬਾ | ✓ | ✓ | × | ਅੰਸ਼ਕ ਸਫਲਤਾ |
| ਧਰਮ ਯੁੱਧ ਮੋਰਚਾ | ✓ | × | × | ਅਸਫਲਤਾ |
| ਕਿਸਾਨ ਅੰਦੋਲਨ (2021) | ✓ | ✓ | ✓ | ਪੂਰੀ ਸਫਲਤਾ |
| ਵਿਦਿਆਰਥੀ ਅੰਦੋਲਨ (2025) | ਅੰਸ਼ਕ | ✓ | ਸੀਮਤ | ਜਾਰੀ ਹੈ |

Export to Sheets

ਸਫਲਤਾ = ਪੈਮਾਨਾ + ਅਨੁਸ਼ਾਸਨ + ਜਾਇਜ਼ਤਾ

ਸਿੱਟਾ

ਪੰਜਾਬ ਦਾ ਇਤਿਹਾਸਕ ਸਫ਼ਰ ਦਰਸਾਉਂਦਾ ਹੈ ਕਿ ਸਮੂਹਿਕ ਅਹਿੰਸਕ ਲਾਮਬੰਦੀ ਇੱਕ ਸ਼ਕਤੀਸ਼ਾਲੀ ਪਰ ਸ਼ਰਤਾਂ ਅਧੀਨ ਕੰਮ ਕਰਨ ਵਾਲੀ ਸ਼ਕਤੀ ਹੈ। ਜਿੱਥੇ ਗਿਣਤੀ, ਅਨੁਸ਼ਾਸਨ ਅਤੇ ਨੈਤਿਕ ਜਾਇਜ਼ਤਾ ਦਾ ਮਿਲਾਪ ਹੁੰਦਾ ਹੈ, ਉੱਥੇ ਹੀ ਵੱਡੀਆਂ ਤਬਦੀਲੀਆਂ ਆਉਂਦੀਆਂ ਹਨ। ਪੰਜਾਬ ਸਿਰਫ਼ 3.5% ਨਿਯਮ ਦੀ ਉਦਾਹਰਣ ਹੀ ਨਹੀਂ ਦਿੰਦਾ, ਸਗੋਂ ਇਹ ਇਸਨੂੰ ਸਿਆਸੀ ਲਾਮਬੰਦੀ ਦੇ ਇੱਕ ਬਹੁ-ਆਯਾਮੀ ਸਿਧਾਂਤ ਵਿੱਚ ਬਦਲਦਾ ਹੈ।

# ਜਿਸ ਉਮੀਦਵਾਰ ਦੀ ਜਿੱਤ ਉੱਚ ਜਾਤੀਆਂ ਦੀ ਸਰਪ੍ਰਸਤੀ ਅਤੇ ਵੋਟਾਂ 'ਤੇ ਨਿਰਭਰ ਹੋਵੇ, ਉਹ ਕਦੇ ਵੀ ਦਲਿਤ ਸਮਾਜ ਦਾ ਸੱਚਾ ਪ੍ਰਤੀਨਿਧ ਨਹੀਂ ਹੋ ਸਕਦਾ

## ਗੁਲਾਮੀ ਦੀਆਂ ਜੰਜੀਰਾਂ ਹਨ 'ਰਾਖਵੇਂ ਚੋਣ ਹਲਕੇ', ਸਵੈ-ਨਿਰਭਰਤਾ ਦਾ ਪਾਖੰਡ ਬੰਦ ਹੋਵੇ : ਸ. ਜੀਵਨ ਸਿੰਘ ਤਾਮਿਲਨਾਡੂ

ਲਿਵਰਮੋਰ/ਤਾਮਿਲਨਾਡੂ, (ਸਾਡੇ ਲੋਕ): ਤਾਮਿਲਨਾਡੂ ਤੋਂ ਸਿੱਖਾਂ, ਦਲਿਤਾਂ ਅਤੇ ਸਮੂਹ ਘੱਟ-ਗਿਣਤੀਆਂ ਦੀ ਬੁਲੰਦ ਅਵਾਜ਼ ਅਤੇ ਭਾਰਤੀ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਜੀਵਨ ਸਿੰਘ ਨੇ ਮੌਜੂਦਾ ਰਾਜਨੀਤਿਕ ਵਿਵਸਥਾ 'ਤੇ ਤਿੱਖਾ ਹਮਲਾ ਕਰਦਿਆਂ ਇੱਕ ਵੱਡਾ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ 'ਰਾਖਵੇਂ ਚੋਣ ਹਲਕੇ' ਦਲਿਤਾਂ ਦੀ ਉੱਨਤੀ ਦਾ ਸਾਧਨ ਨਹੀਂ, ਸਗੋਂ ਉਨ੍ਹਾਂ ਨੂੰ ਸਦੀਵੀ ਗੁਲਾਮ ਬਣਾਈ ਰੱਖਣ ਦਾ ਇੱਕ ਆਧੁਨਿਕ ਹਥਿਆਰ ਹਨ।

**ਰਾਜਨੀਤਿਕ ਕਠਪੁਤਲੀਆਂ ਪੈਦਾ ਕਰ ਰਹੀ ਹੈ ਮੌਜੂਦਾ ਪ੍ਰਣਾਲੀ**

ਅਮਰੀਕਾ ਤੋਂ ਮੀਡੀਆ 'ਸਾਡੇ ਲੋਕ' ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਸ. ਜੀਵਨ ਸਿੰਘ ਨੇ ਕਿਹਾ ਕਿ 1947 ਦੀ ਆਜ਼ਾਦੀ ਤੋਂ ਬਾਅਦ ਵੀ ਦਲਿਤਾਂ ਨੂੰ 'ਤੀਜੇ ਦਰਜੇ ਦੇ ਸ਼ਹਿਰੀ' ਬਣਾ ਕੇ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਉਮੀਦਵਾਰ ਦੀ ਜਿੱਤ ਉੱਚ ਜਾਤੀਆਂ ਦੀ ਸਰਪ੍ਰਸਤੀ ਅਤੇ ਵੋਟਾਂ 'ਤੇ ਨਿਰਭਰ ਹੋਵੇ, ਉਹ ਕਦੇ ਵੀ ਆਪਣੇ ਸਮਾਜ ਦਾ ਸੱਚਾ ਪ੍ਰਤੀਨਿਧ ਨਹੀਂ ਹੋ ਸਕਦਾ। ਅਜਿਹੇ ਆਗੂ ਸਿਰਫ਼ 'ਰਾਜਨੀਤਿਕ ਪਰਛਾਵੇਂ' ਹਨ, ਜਿਨ੍ਹਾਂ ਦੀ ਡੋਰ ਉਨ੍ਹਾਂ ਤਾਕਤਾਂ ਦੇ ਹੱਥ ਵਿੱਚ ਹੈ ਜੋ ਜਾਤ-ਪਾਤੀ ਵਿਵਸਥਾ ਨੂੰ ਜਿਊਂਦਾ ਰੱਖਣਾ ਚਾਹੁੰਦੀਆਂ ਹਨ।

**ਪੂਨਾ ਪੈਕਟ ਦੀ ਵਿਰਾਸਤ : ਇੱਕ ਅਸਫਲ ਪ੍ਰਬੰਧ**

ਸ. ਜੀਵਨ ਸਿੰਘ ਨੇ ਗਾਂਧੀ-ਪੂਨਾ ਪੈਕਟ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਇਹ ਪ੍ਰਣਾਲੀ ਦਬੇ-ਕੁਚਲੇ ਲੋਕਾਂ ਨੂੰ ਸ਼ਕਤੀ ਦੇਣ ਦੀ ਬਜਾਏ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਅਧੀਨ ਰੱਖਣ ਦੀ ਇੱਕ 'ਫੈਕਟਰੀ' ਬਣ ਚੁੱਕੀ ਹੈ। ਜਦੋਂ ਕੋਈ ਚੁਣਿਆ ਹੋਇਆ ਨੁਮਾਇੰਦਾ ਆਪਣੇ ਲੋਕਾਂ ਦੇ ਦਰਦ ਦੀ ਬਜਾਏ ਸੱਤਾਧਾਰੀ ਕੁਲੀਨ ਵਰਗ ਦੀ ਬੋਲੀ ਬੋਲਣ ਲੱਗ ਜਾਵੇ, ਤਾਂ ਸਮਝੋ ਕਿ ਲੋਕਤੰਤਰ ਅਤੇ ਸੱਚੀ ਪ੍ਰਤੀਨਿਧਤਾ ਦਾ ਕਤਲ ਹੋ ਚੁੱਕਾ ਹੈ।

ਸਦੀਵੀ ਹੱਲ ਲਈ ਵੱਡੇ ਸੰਘਰਸ਼ ਦਾ ਸੱਦਾ

**ਉਨ੍ਹਾਂ ਨੇ ਸਮੂਹ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਅਪੀਲ ਕੀਤੀ ਕਿ:**

ਰਾਖਵੇਂ ਹਲਕਿਆਂ ਦੇ ਭਰਮ 'ਚੋਂ ਬਾਹਰ ਨਿਕਲੋ: ਇਹ ਸਵੈ-ਨਿਰਭਰਤਾ ਨਹੀਂ, ਸਗੋਂ ਰਾਜਨੀਤਿਕ ਕੈਦ ਹੈ।

ਜਨਰਲ ਹਲਕਿਆਂ ਵਿੱਚ ਚੋਣ ਲੜੋ: ਉੱਚ ਜਾਤੀਆਂ ਦੇ ਦਬਦਬੇ ਨੂੰ ਖ਼ਤਮ ਕਰਨ ਲਈ ਖੁੱਲੀਆਂ ਸੀਟਾਂ 'ਤੇ ਚੁਣੌਤੀ ਦੇਣਾ ਲਾਜ਼ਮੀ ਹੈ।

ਇੱਕਜੁੱਟ ਹੋ ਕੇ ਸੰਘਰਸ਼ ਕਰੋ: ਸੱਚੀ ਬਰਾਬਰੀ ਅਤੇ ਸਵੈ-ਮਾਣ ਲਈ ਹੁਣ ਆਰ-ਪਾਰ ਦੀ ਲੜਾਈ ਦਾ ਸਮਾਂ ਆ ਗਿਆ ਹੈ।

ਸ. ਜੀਵਨ ਸਿੰਘ (ਰਾਸ਼ਟਰੀ ਪ੍ਰਧਾਨ, ਬਹੁਜਨ ਦ੍ਰਵਿੜ ਪਾਰਟੀ) ਨੇ ਦੁਨੀਆ ਭਰ ਦੇ ਇਨਸਾਫ਼ ਪਸੰਦ ਲੋਕਾਂ ਨੂੰ ਇਸ ਮਿਸ਼ਨ ਨਾਲ ਜੁੜਨ ਦਾ ਸੱਦਾ ਦਿੱਤਾ ਹੈ ਤਾਂ ਜੋ ਸਦੀਆਂ ਦੀ ਗੁਲਾਮੀ ਦਾ ਜੂਲਾ ਲਾਹਿਆ ਜਾ ਸਕੇ।



**ਸਰਦਾਰ ਜੀਵਨ ਸਿੰਘ**
**ਰਾਸ਼ਟਰੀ ਪ੍ਰਧਾਨ, ਬਹੁਜਨ ਦ੍ਰਵਿੜ ਪਾਰਟੀ, ਨਵੀਂ ਦਿੱਲੀ**
**ਫੋਨ: 9442608416**

# ਵਿਸ਼ਵ ਸਿੱਖ ਭਾਈਚਾਰੇ ਨੂੰ ਇੱਕ ਖੁੱਲ੍ਹਾ ਪੱਤਰ: ਸਾਡੀ ਪ੍ਰਭੂਸੱਤਾ ਪਛਾਣ ਦੀ ਪੁਸ਼ਟੀ

ਸਤਿਕਾਰਯੋਗ ਵਿਸ਼ਵ ਸਿੱਖ ਭਾਈਚਾਰੇ ਨੂੰ,

ਇਸ ਵੇਲੇ ਪ੍ਰਚਲਿਤ ਕਾਨੂੰਨੀ ਬਹਿਸਾਂ-ਖਾਸ ਕਰਕੇ ਉਹ ਜੋ ਇਹ ਦਾਅਵਾ ਕਰਦੀਆਂ ਹਨ ਕਿ ਅਨੁਸੂਚਿਤ ਜਾਤੀ (ਐਸਸੀ) ਦਾ ਦਰਜਾ ਇੱਕ ਖਾਸ ਧਾਰਮਿਕ ਢਾਂਚੇ ਤੋਂ ਹਟਣ 'ਤੇ 'ਜ਼ਬਤ' ਕਰ ਦਿੱਤਾ ਜਾਂਦਾ ਹੈ - ਸਿੱਖ ਪਛਾਣ ਦੀਆਂ ਨੀਹਾਂ ਬਾਰੇ ਬੁਨਿਆਦੀ ਸਵਾਲ ਖੜ੍ਹੇ ਕਰਦੀਆਂ ਹਨ। ਅਜਿਹੇ ਸਮੇਂ ਜਦੋਂ ਕਾਨੂੰਨੀ ਵਿਧੀਆਂ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 25, ਸਿੱਖ ਪਛਾਣ ਨੂੰ ਇੱਕ ਵਿਸ਼ਾਲ 'ਹਿੰਦੂ' ਛਤਰੀ ਹੇਠ ਸਮਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਸਾਡੇ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਸਪਸ਼ਟਤਾ ਅਤੇ ਦ੍ਰਿੜਤਾ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਦੇ ਬੁਨਿਆਦੀ ਫਲਸਫੇ ਅਤੇ ਖਾਲਸੇ ਦੀ ਪ੍ਰਭੂਸੱਤਾ ਉਤਪਤੀ ਦੀ ਪੁਸ਼ਟੀ ਕਰੀਏ।

ਸਿੱਖੀ ਸਿਰਫ਼ ਹਿੰਦੂ ਸਮਾਜਿਕ ਵਿਵਸਥਾ ਦੇ ਅੰਦਰ ਇੱਕ ਸੁਧਾਰ ਲਹਿਰ ਨਹੀਂ ਸੀ; ਇਹ ਇੱਕ ਇਨਕਲਾਬੀ ਵਿਦਾਇਗੀ ਸੀ। ਸਿੱਖ ਗੁਰੂਆਂ ਨੇ ਵਰਣ ਪ੍ਰਣਾਲੀ ਨੂੰ ਸੁਧਾਰਨ ਦੀ ਕੋਸ਼ਿਸ਼ ਨਹੀਂ ਕੀਤੀ - ਉਨ੍ਹਾਂ ਨੇ ਇਸਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਲੰਗਰ (ਸੰਪਰਦਾਇਕ ਭੋਜਨ), ਪੰਗਤ (ਪੰਧ-ਰੇਖਾ ਤੋਂ ਬਿਨਾਂ ਸਮੂਹਿਕ ਬੈਠਣਾ) ਅਤੇ ਸ਼ਰੋਵਰ ਵਰਗੀਆਂ ਪਰਿਵਰਤਨਸ਼ੀਲ ਸੰਸਥਾਵਾਂ ਰਾਹੀਂ, ਜਾਤ-ਪਾਤ ਦੇ ਢਾਂਚੇ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੱਤੀ ਗਈ ਅਤੇ ਕਮਜ਼ੋਰ ਕੀਤਾ ਗਿਆ। ਇਹ ਸੁਝਾਅ ਦੇਣਾ ਕਿ ਇੱਕ ਸਿੱਖ ਦੀ ਸਮਾਜਿਕ ਪਛਾਣ ਹਿੰਦੂ ਸਮਾਜਿਕ ਢਾਂਚੇ ਨਾਲ ਜੁੜੀ ਰਹਿੰਦੀ ਹੈ, ਅੰਮ੍ਰਿਤ ਵਿੱਚ ਸ਼ਾਮਲ ਅਧਿਆਤਮਿਕ ਅਤੇ ਸਮਾਜਿਕ ਦਰਸ਼ਨ ਨੂੰ ਮੂਲ ਰੂਪ ਵਿੱਚ ਨਕਾਰਨਾ ਹੈ।

ਇਤਿਹਾਸ ਦਾ ਪਿਛਾਖੜੀ ਦ੍ਰਿਸ਼ਟੀਕੋਣ ਇਸ ਵਿਲੱਖਣਤਾ ਨੂੰ ਹੋਰ ਵੀ ਮਜ਼ਬੂਤ ਕਰਦਾ ਹੈ। ਬ੍ਰਿਟਿਸ਼ ਬਸਤੀਵਾਦੀ ਸਮੇਂ ਦੌਰਾਨ, ਸਿੱਖਾਂ ਨੂੰ ਇੱਕ ਵੱਖਰੇ ਭਾਈਚਾਰੇ ਵਜੋਂ ਮਾਨਤਾ ਦਿੱਤੀ ਗਈ ਸੀ, ਜਿਸ ਵਿੱਚ ਵੱਖਰੀ ਪ੍ਰਸ਼ਾਸਕੀ ਅਤੇ ਸੰਸਥਾਗਤ ਮਾਨਤਾ ਸੀ-ਭਾਵੇਂ ਅਜਿਹੇ ਵਰਗੀਕਰਨ ਅਪੂਰਣ ਜਾਂ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕਿਉਂ ਨਾ ਹੋਣ। ਸਮਕਾਲੀ ਯੁੱਗ ਵਿੱਚ, ਯੂਨਾਈਟਿਡ ਕਿੰਗਡਮ ਦੁਆਰਾ ਜਨਗਣਨਾ ਵਰਗੀਕਰਨ ਵਿੱਚ ਸਿੱਖਾਂ ਨੂੰ ਇੱਕ ਵੱਖਰੇ ਨਸਲੀ ਸਮੂਹ ਵਜੋਂ ਮਾਨਤਾ ਦੇਣ ਵਰਗੇ ਵਿਕਾਸ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਸਿੱਖ ਪਛਾਣ ਇੱਕ ਸ਼ੁੱਧ 'ਧਾਰਮਿਕ' ਲੇਬਲ ਤੋਂ ਪਰੇ ਹੈ ਅਤੇ ਇੱਕ ਸੱਭਿਅਤਾ ਦੀ ਪਛਾਣ ਵਜੋਂ ਮੌਜੂਦ ਹੈ।

ਇਸ ਸੰਦਰਭ ਵਿੱਚ, ਆਦਿਵਾਸੀ (ਕਬਾਇਲੀ) ਪਛਾਣ ਨਾਲ ਇੱਕ ਅਰਥਪੂਰਨ ਸਮਾਨਤਾ ਖਿੱਚੀ ਜਾ ਸਕਦੀ ਹੈ-ਇੱਕ ਅਜਿਹੀ ਪਛਾਣ ਜੋ ਸਹਿਜ, ਪ੍ਰਭੂਸੱਤਾ ਸੰਪੰਨ ਅਤੇ ਵਰਣ ਵੰਡ ਤੋਂ ਸੁਤੰਤਰ ਹੈ। ਧਾਰਮਿਕ ਸੰਬੰਧਾਂ ਦੀ ਪਰਵਾਹ ਕੀਤੇ ਬਿਨਾਂ, ਇੱਕ ਆਦਿਵਾਸੀ ਆਦਿਵਾਸੀ ਹੀ ਰਹਿੰਦਾ ਹੈ। ਇਸੇ ਤਰ੍ਹਾਂ ਸਿੱਖ ਪਛਾਣ ਆਪਣੀ ਪ੍ਰਭੂਸੱਤਾ ਗੁਰੂ ਦੇ ਹੁਕਮ (ਅਕਾਲ ਦੇ ਆਦੇਸ਼) ਤੋਂ ਪ੍ਰਾਪਤ ਕਰਦੀ ਹੈ - ਇਹ ਨਾ ਤਾਂ ਕਿਸੇ ਹੋਰ ਪ੍ਰੰਪਰਾ ਦੇ ਸਮਾਜਿਕ ਜਾਂ ਧਾਰਮਿਕ ਢਾਂਚੇ 'ਤੇ ਨਿਰਭਰ ਹੈ ਅਤੇ ਨਾ ਹੀ ਇਸ ਤੋਂ ਪ੍ਰਾਪਤ ਹੋਈ ਹੈ।

ਦਹਾਕਿਆਂ ਤੋਂ, 'ਹਿੰਦੂ' ਦੀ ਕਾਨੂੰਨੀ ਪਰਿਭਾਸ਼ਾ



ਸਿੱਖਾਂ, ਜੈਨੀਆਂ ਅਤੇ ਬੋਧੀਆਂ ਨੂੰ ਸ਼ਾਮਲ ਕਰਨ ਵਾਲੀ ਇੱਕ ਛਤਰੀ ਸ਼੍ਰੇਣੀ ਵਜੋਂ ਕੰਮ ਕਰਦੀ ਰਹੀ ਹੈ। ਕਾਨੂੰਨੀ ਏਕੀਕਰਨ ਦੇ ਇਸ ਰੂਪ ਨੇ ਅਕਸਰ ਵੱਖਰੇ ਸਿੱਖ ਨਿੱਜੀ ਕਾਨੂੰਨਾਂ, ਪਰੰਪਰਾਵਾਂ ਅਤੇ ਸੰਸਥਾਗਤ ਖੁਦਮੁਖਤਿਆਰੀ ਨੂੰ ਕਮਜ਼ੋਰ ਜਾਂ ਅਣਦੇਖਾ ਕੀਤਾ ਹੈ।

ਇਸ ਲਈ ਸਾਨੂੰ ਕਾਨੂੰਨੀ ਮਾਨਤਾ ਦੀ ਵਕਾਲਤ ਕਰਨੀ ਚਾਹੀਦੀ ਹੈ ਜੋ ਸਿੱਖ ਪਛਾਣ ਦੀ ਦਾਰਸ਼ਨਿਕ ਅਤੇ ਇਤਿਹਾਸਕ ਹਕੀਕਤ ਨੂੰ ਸਹੀ ਢੰਗ ਨਾਲ ਦਰਸਾਉਂਦੀ ਹੈ।

- ਸਾਨੂੰ ਕਿਸੇ ਵੀ ਅਜਿਹੇ ਢਾਂਚੇ ਨੂੰ ਰੱਦ ਕਰਨਾ ਚਾਹੀਦਾ ਹੈ ਜੋ ਸਿੱਖ ਸਮਾਜਿਕ ਰੁਤਬੇ ਨੂੰ ਉਸ ਲੈਂਸ ਰਾਹੀਂ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਤੋਂ ਅਸੀਂ ਸੁਚੇਤ ਅਤੇ ਇਤਿਹਾਸਕ ਤੌਰ 'ਤੇ ਦੂਰ ਹੋ ਗਏ ਹਾਂ।

ਖਾਲਸਾ ਅਕਾਲ (ਕਾਲਹੀਣ) ਅਤੇ ਆਜ਼ਾਦ (ਪ੍ਰਭੂਸੱਤਾ ਅਤੇ ਆਜ਼ਾਦ) ਨੂੰ ਮੂਰਤੀਮਾਨ ਕਰਨ ਲਈ ਬਣਾਇਆ ਗਿਆ ਸੀ। ਇਹ ਦਮਨਕਾਰੀ ਢਾਂਚਿਆਂ ਤੋਂ ਮਾਣ, ਸਮਾਨਤਾ ਅਤੇ ਆਜ਼ਾਦੀ ਦੇ ਸੁਚੇਤ ਦਾਅਵੇ ਨੂੰ ਦਰਸਾਉਂਦਾ ਹੈ।

ਇਤਿਹਾਸਕ ਅਤੇ ਸਮਾਜਿਕ ਹਕੀਕਤਾਂ ਇਸ ਅੰਤਰ ਨੂੰ ਹੋਰ ਵੀ ਜ਼ੋਰ ਦਿੰਦੀਆਂ ਹਨ:

- ਕੁਝ ਮੰਦਰਾਂ ਦੇ ਸਥਾਨਾਂ ਵਿੱਚ, ਸਿੱਖਾਂ ਨੂੰ - ਮੁਸਲਮਾਨਾਂ, ਈਸਾਈਆਂ ਅਤੇ ਯਹੂਦੀਆਂ ਦੇ ਨਾਲ - ਇਤਿਹਾਸਕ ਤੌਰ 'ਤੇ ਬਾਹਰ ਕੱਢਣ ਦਾ ਸਾਹਮਣਾ ਕਰਨਾ ਪਿਆ ਹੈ।
- 1984 ਵਿੱਚ, ਸਿੱਖਾਂ ਨੂੰ ਖਾਸ ਤੌਰ 'ਤੇ ਪਛਾਣਿਆ ਗਿਆ ਸੀ ਅਤੇ ਸਮੂਹਿਕ ਹਿੰਸਾ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ, ਜੋ ਉਨ੍ਹਾਂ ਦੀ ਵੱਖਰੀ ਪਛਾਣ ਨੂੰ ਉਜਾਗਰ ਕਰਦਾ ਸੀ।
- ਸਿੱਖ ਰੈਜੀਮੈਂਟਾਂ ਅਤੇ ਬਟਾਲੀਅਨਾਂ ਵੱਖਰੀਆਂ ਬਣਤਰਾਂ ਵਜੋਂ ਮੌਜੂਦ ਹਨ, 'ਹਿੰਦੂ' ਪਛਾਣ ਦੇ ਅਧੀਨ ਨਹੀਂ ਰਲਦੀਆਂ।
- ਸਿੱਖ ਧਾਰਮਿਕ ਮੌਕਿਆਂ ਦੌਰਾਨ, ਪਾਕਿਸਤਾਨ ਦੇ ਵੀਜ਼ੇ ਸਿੱਖਾਂ ਨੂੰ ਵਿਸ਼ੇਸ਼ ਤੌਰ 'ਤੇ ਦਿੱਤੇ ਜਾਂਦੇ ਹਨ, ਇੱਕ ਵੱਖਰੇ ਧਾਰਮਿਕ ਭਾਈਚਾਰੇ ਨੂੰ ਮਾਨਤਾ ਦਿੰਦੇ ਹੋਏ।
- ਸਿੱਖਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਢਾਂਚੇ ਵਿੱਚ ਇੱਕ ਵੱਖਰੇ ਧਰਮ ਵਜੋਂ ਮਾਨਤਾ ਦਿੱਤੀ ਜਾਂਦੀ ਹੈ, ਜਿਸ ਵਿੱਚ ਰਾਜ ਦੀਆਂ ਨੀਤੀਆਂ ਅਤੇ ਘੱਟ ਗਿਣਤੀ ਵਰਗੀਕਰਨ ਸ਼ਾਮਲ ਹਨ।
- ਸਰਕਾਰੀ ਘੱਟ ਗਿਣਤੀ ਸਕਾਲਰਸ਼ਿਪਾਂ ਵਿੱਚ ਇਤਿਹਾਸਕ ਤੌਰ 'ਤੇ ਮੁਸਲਮਾਨਾਂ, ਈਸਾਈਆਂ, ਬੋਧੀਆਂ ਅਤੇ ਪਾਰਸੀਆਂ ਦੇ ਨਾਲ ਸਿੱਖਾਂ ਨੂੰ ਸ਼ਾਮਲ ਕੀਤਾ ਗਿਆ ਹੈ-ਹੋਰ ਵੀ ਵੱਖਰੀ ਮਾਨਤਾ ਦੀ ਪੁਸ਼ਟੀ ਕਰਦਾ ਹੈ।

ਅਸੀਂ ਵਿਸ਼ਵਵਿਆਪੀ ਸਿੱਖ ਭਾਈਚਾਰੇ, ਸੰਸਥਾਵਾਂ ਅਤੇ ਪ੍ਰਤੀਨਿਧੀ ਸੰਸਥਾਵਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਸਿੱਖ ਪਛਾਣ ਨੂੰ ਵੱਖਰੀ, ਪ੍ਰਭੂਸੱਤਾ ਸੰਪੰਨ ਅਤੇ ਸੱਭਿਅਤਾਵਾਦੀ ਵਜੋਂ ਬਰਕਰਾਰ ਰੱਖਣ ਅਤੇ ਦਾਅਵਾ ਕਰਨ। ਸਾਡੇ ਇਤਿਹਾਸ, ਅਧਿਕਾਰਾਂ ਅਤੇ ਪਛਾਣ ਦੀ ਵਿਆਖਿਆ ਉਸ ਦਰਜਾਬੰਦੀ ਦੇ ਢਾਂਚੇ ਰਾਹੀਂ ਨਹੀਂ ਕੀਤੀ ਜਾਣੀ ਚਾਹੀਦੀ ਜਿਸਨੂੰ ਚੁਣੌਤੀ ਦੇਣ ਅਤੇ ਖਤਮ ਕਰਨ ਲਈ ਸਾਨੂੰ ਬਣਾਇਆ ਗਿਆ ਸੀ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਿਹ।

**ਗੁਰੂ ਦੇ ਮਿਸ਼ਨ ਵਿੱਚ,**
**ਜੀਵਨ ਸਿੰਘ ਤਾਮਿਲ**
**ਤਾਮਿਲ ਸਿੱਖ ਸੰਗਤ**

ਮੁੱਖ ਇਤਿਹਾਸਕ ਸੰਦਰਭ

- 1898: ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਲਿਖੀ ਕਿਤਾਬ 'ਹਮ ਹਿੰਦੂ ਨਹੀਂ' (ਅਸੀਂ ਹਿੰਦੂ ਨਹੀਂ ਹਾਂ) ਨੇ ਸਿੱਖ ਪਛਾਣ ਦੇ ਸਪੱਸ਼ਟ ਵਿਚਾਰਧਾਰਕ ਭਿੰਨਤਾ ਨੂੰ ਦਰਸਾਇਆ।
- 1909: ਆਨੰਦ ਮੈਰਿਜ ਐਕਟ ਨੇ ਇੱਕ ਵੱਖਰੇ ਸਿੱਖ ਸਿਵਲ ਢਾਂਚੇ ਨੂੰ ਮਾਨਤਾ ਦੇਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ।
- ਸਮਕਾਲੀ ਯੁੱਗ: ਵਿਸ਼ਵ ਜਨਗਣਨਾ ਪ੍ਰਣਾਲੀਆਂ (ਯੂਨਾਈਟਿਡ ਕਿੰਗਡਮ, ਸੰਯੁਕਤ ਰਾਜ, ਕੈਨੇਡਾ) ਵਿੱਚ ਸਿੱਖਾਂ ਨੂੰ ਇੱਕ ਵੱਖਰੇ ਨਸਲੀ ਸਮੂਹ ਵਜੋਂ ਮਾਨਤਾ ਪ੍ਰਾਪਤ ਕਰਨ ਲਈ ਚੱਲ ਰਹੇ ਯਤਨ ਇਸ ਇਤਿਹਾਸਕ ਚਾਲ ਨੂੰ ਜਾਰੀ ਰੱਖਦੇ ਹਨ।

### ਨੈਲਸਨ ਮੰਡੇਲਾ ਤੋਂ ਵੱਧ ਭਾਰਤੀ ਕਾਲ ਕੋਠੜੀ ਵਿੱਚ ਜੇਲ ਕੱਟ ਰਹੇ ਸਿੱਖਾਂ ਦੇ ਪੁੱਤ

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਸ. ਤੇਜਿੰਦਰਪਾਲ ਸਿੰਘ ਭੁੱਲਰ ਦਾ ਕੈਲੀਫੋਰਨੀਆ 'ਚ ਬੇਵਕਤ ਅਕਾਲ ਚਲਾਣਾ

### ਪੂਰੀ ਦੁਨੀਆ ਦੇ ਸਿੱਖਾਂ ਵਿੱਚ ਸੋਗ ਦੀ ਲਹਿਰ, ਅੰਤਿਮ ਸੰਸਕਾਰ 29 ਮਾਰਚ, ਦਿਨ ਐਤਵਾਰ ਨੂੰ

ਲਾਈਵ ਓਕ/ਕੈਲੀਫੋਰਨੀਆ, (ਸਾਡੇ ਲੋਕ) : ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਤੇਜਿੰਦਰਪਾਲ ਸਿੰਘ ਭੁੱਲਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹ ਲੰਮੇ ਸਮੇਂ ਤੋਂ ਪੰਜਾਬ ਦੀ ਜੇਲ੍ਹ ਵਿੱਚ ਬੰਦ ਸਜ਼ਾਯਾਫ਼ਤਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਛੋਟੇ ਭਰਾ ਸਨ।

ਜੀਵਨ ਵੇਰਵਾ

ਉਮਰ: 58 ਸਾਲ

ਪਿਛਲਾ ਪਿੰਡ: ਭਾਈਕਾ ਦਿਆਲਪੁਰਾ (ਜ਼ਿਲ੍ਹਾ ਬਠਿੰਡਾ)

ਨਿਵਾਸ: ਲਾਈਵ ਓਕ, ਕੈਲੀਫੋਰਨੀਆ

ਪਰਿਵਾਰ: ਉਹ ਆਪਣੇ ਪਿੱਛੇ ਪਤਨੀ ਪਰਵਿੰਦਰ ਕੌਰ ਅਤੇ 3 ਬੱਚਿਆਂ ਨੂੰ ਰੋਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ। ਉਹ ਲਾਈਵ ਓਕ ਦੇ ਨਾਮਵਰ ਜ਼ਿਮੀਂਦਾਰ ਸ. ਹਰਬੰਸ ਸਿੰਘ ਘੁੰਮਾ ਦੇ ਜਵਾਈ ਸਨ।

ਸ. ਤੇਜਿੰਦਰਪਾਲ ਸਿੰਘ ਭੁੱਲਰ ਪਿਛਲੇ ਕੁਝ ਸਮੇਂ ਤੋਂ ਸਿਹਤ ਠੀਕ ਨਾ ਹੋਣ ਕਾਰਨ ਪੋਸਟ ਆਫਿਸ ਦੀ ਨੌਕਰੀ ਛੱਡ ਕੇ ਆਪਣਾ ਇਲਾਜ ਕਰਵਾ ਰਹੇ ਸਨ। ਉਨ੍ਹਾਂ ਨੇ ਸਾਨ ਫਰਾਂਸਿਸਕੋ ਦੇ ਹਸਪਤਾਲ ਵਿੱਚ ਆਖਰੀ ਸਾਹ ਲਏ।

ਇਸ ਬਾਰੇ ਗਲਬਾਤ ਕਰਦਿਆ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ ਸਾਬਕਾ ਪ੍ਰਧਾਨ ਭਾਈ ਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਸਿੱਖਾਂ ਦੇ ਪੁੱਤ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਤਕਰੀਬਨ ਸਾਰੇ ਜੀਆਂ ਦੀ ਭਾਰਤ ਦੇ ਕਨੂੰਨ ਨੇ ਇੱਕ ਇੱਕ ਕਰਕੇ ਹੱਤਿਆ ਕਰ ਦਿੱਤੀ। ਇਹ ਭਾਰਤ ਤੋਂ ਉਹਨਾਂ ਦੇ ਪਿਤਾ ਤੋਂ ਚਲਿਆ ਸਿਲਸਿਲਾ ਅੱਜ ਉਹਨਾਂ ਦੇ ਭਰਾ ਭਾਈ ਤੱਕ ਪਹੁੰਚ ਗਿਆ। ਉਨ੍ਹਾਂ ਕਿਹਾ ਕਿ ਇਸ



'ਚ ਕੋਈ ਸ਼ੱਕ ਨਹੀਂ ਕਿ ਉਹ 24 ਘੰਟੇ ਆਪਣੇ ਪਰਿਵਾਰ ਨਾਲ ਭਾਰਤ ਵੱਲੋਂ ਕੀਤੀ ਜ਼ਿਆਦਤੀ ਵਾਰੇ ਸੋਚਦੇ ਸਨ। ਅਸੀਂ ਉਹਨਾਂ ਦੀ ਆਤਮਿਕ ਸ਼ਾਤੀ ਲਈ ਅਰਦਾਸ ਕਰਦੇ ਹਾਂ।

ਅੰਤਿਮ ਸੰਸਕਾਰ ਅਤੇ ਭੋਗ ਦੀ ਜਾਣਕਾਰੀ

ਸਵਰਗਵਾਸੀ ਸ. ਤੇਜਿੰਦਰਪਾਲ ਸਿੰਘ ਭੁੱਲਰ ਜੀ ਦਾ ਅੰਤਿਮ ਸਸਕਾਰ ਅਤੇ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਹੇਠ ਲਿਖੇ ਅਨੁਸਾਰ ਪਾਏ ਜਾਣਗੇ:

ਦਿਨ ਅਤੇ ਤਾਰੀਕ: 29 ਮਾਰਚ, ਦਿਨ ਐਤਵਾਰ

ਅੰਤਿਮ ਸੰਸਕਾਰ: ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਤੱਕ (ਯੂਬਾ ਸਿਟੀ ਫਿਊਨਰਲ ਹੋਮ, 715 ਸ਼ਾਸਤਰਾ ਸਟ ?ਰੀਟ, ਯੂਬਾ ਸਿਟੀ)

ਸਹਿਜ ਪਾਠ ਦੇ ਭੋਗ: ਦੁਪਹਿਰ 2:00 ਵਜੇ, ਗੁਰੂ ਘਰ (2269 ਬੋਗ ਰੋਡ, ਯੂਬਾ ਸਿਟੀ - ਨਵੀਂ ਬਿਲਡਿੰਗ)

'ਸ. ਤੇਜਿੰਦਰਪਾਲ ਸਿੰਘ ਭੁੱਲਰ ਦੇ ਅਚਾਨਕ ਵਿਛੋੜੇ 'ਤੇ ਦੁਨੀਆ ਭਰ ਦੇ ਪੰਥਕ ਹਲਕਿਆਂ ਵਿੱਚ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।'

### ਪੰਜਾਬੀ ਸਾਹਿਤ ਜਗਤ ਨੂੰ ਲੱਗਿਆ ਡੂੰਘਾ ਸਦਮਾ

# ਕੈਨੇਡਾ ਦੇ ਪ੍ਰਸਿੱਧ ਸ਼ਾਇਰ ਮੰਗਾ ਬਾਸੀ ਦੇ ਗਏ ਸਦੀਵੀ ਵਿਛੋੜਾ

ਕੈਮਲੂਪਸ/ਲਿਵਰਮੋਰ (ਪੱਤਰ ਪ੍ਰੇਰਕ) : ਪੰਜਾਬੀ ਮਾਂ-ਬੋਲੀ ਦੇ ਲਾਡਲੇ ਸਪੂਤ, ਪ੍ਰਸਿੱਧ ਸ਼ਾਇਰ ਅਤੇ ਮਿਲਣਸਾਰ ਸ਼ਖ਼ਸੀਅਤ ਸ. ਮੰਗਾ ਬਾਸੀ (ਕੈਮਲੂਪਸ, ਕੈਨੇਡਾ) ਦੇ ਅਚਾਨਕ ਅਕਾਲ ਚਲਾਣੇ ਨਾਲ ਸਾਹਿਤਕ ਅਤੇ ਸੱਭਿਆਚਾਰਕ ਹਲਕਿਆਂ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਉਹ ਪਿਛਲੇ ਲੰਮੇ ਸਮੇਂ ਤੋਂ ਕੈਨੇਡਾ ਵਿੱਚ ਰਹਿ ਕੇ ਪੰਜਾਬੀ ਸਾਹਿਤ ਦੀ ਸੇਵਾ ਕਰ ਰਹੇ ਸਨ। ਮੰਗਾ ਬਾਸੀ ਨਾ ਸਿਰਫ਼ ਇੱਕ ਕਮਾਲ ਦੇ ਸ਼ਾਇਰ ਸਨ, ਸਗੋਂ ਉਹ ਆਪਣੀ ਬਿਹਤਰੀਨ ਮਹਿਮਾਨ ਨਿਵਾਜ਼ੀ ਅਤੇ ਦਰਿਆ-ਦਿਲੀ ਲਈ ਵੀ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਸਨ।

ਸ਼ਬਦਾਂ ਦਾ ਵਣਜਾਰਾ ਅਤੇ ਦੋਸਤਾਂ ਦਾ ਦੋਸਤ : ਮੰਗਾ ਬਾਸੀ ਜੀ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਨਜ਼ਦੀਕੀ ਸਨੇਹੀਆਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਕਲਮ ਰਾਹੀਂ ਪਰਵਾਸੀ ਪੰਜਾਬੀਆਂ ਦੇ ਦਰਦ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਉਨ੍ਹਾਂ ਦਾ ਘਰ ਹਮੇਸ਼ਾ ਲੇਖਕਾਂ,



ਕਲਾਕਾਰਾਂ ਅਤੇ ਦੋਸਤਾਂ ਲਈ ਖੁੱਲ੍ਹਾ ਰਹਿੰਦਾ ਸੀ। ਉਨ੍ਹਾਂ ਦੀ ਸ਼ਾਇਰੀ ਵਿੱਚ ਜਿੱਥੇ ਪੰਜਾਬ ਦੀ ਮਿੱਟੀ ਦੀ ਮਹਿਕ ਸੀ, ਉੱਥੇ ਹੀ ਸਮਾਜਿਕ ਸਰੋਕਾਰਾਂ ਪ੍ਰਤੀ ਡੂੰਘੀ ਚਿੰਤਾ ਵੀ ਝਲਕਦੀ ਸੀ।

ਕਦੇ ਨਾ ਪੂਰਾ ਹੋਣ ਵਾਲਾ ਘਾਟਾ : ਸਾਹਿਤਕ ਸਭਾਵਾਂ ਅਤੇ ਪ੍ਰਸ਼ੰਸਕਾਂ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਗਿਆ ਕਿ ਮੰਗਾ ਬਾਸੀ ਦਾ ਜਾਣਾ ਪੰਜਾਬੀ ਕਵਿਤਾ ਦੇ ਇੱਕ ਸੁਨਹਿਰੀ ਅਧਿਆਏ ਦਾ ਅੰਤ ਹੈ। ਉਨ੍ਹਾਂ ਦੀ ਮਿੱਠੀ ਬੋਲਚਾਲ ਅਤੇ ਸਾਊ ਸੁਭਾਅ ਹਮੇਸ਼ਾ ਯਾਦਾਂ ਵਿੱਚ ਜਿਊਂਦਾ ਰਹੇਗਾ। ਇਸ ਦੁੱਖ ਦੀ ਘੜੀ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ਼ ਸਟੱਡੀਜ਼ ਵਿਭਾਗ ਦੇ ਮੁਖੀ ਡਾ. ਗੁਰਪਾਲ ਸਿੰਘ ਸੰਧੂ ਤੋਂ ਇਲਾਵਾ ਦੇਸ਼-ਵਿਦੇਸ਼ ਦੀਆਂ ਤਮਾਮ ਸਾਹਿਤਕ ਜਥੇਬੰਦੀਆਂ ਨੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

'ਉਹ ਅਜਿਹਾ ਸ਼ਾਇਰ ਸੀ ਜਿਸ ਦੇ ਲਫ਼ਜ਼ਾਂ ਵਿੱਚ ਸੱਚਾਈ ਸੀ ਅਤੇ ਦੋਸਤੀ ਵਿੱਚ ਪਾਕੀਜ਼ਗੀ। ਉਨ੍ਹਾਂ ਵਰਗਾ ਮਹਿਮਾਨ ਨਿਵਾਜ਼ ਇਨਸਾਨ ਲੱਭਣਾ ਹੁਣ ਮੁਸ਼ਕਿਲ ਹੈ।'

ਸਨੇਹੀਆਂ ਵੱਲੋਂ ਸ਼ਰਧਾ ਸ਼ਬਦ : ਪਰਮਾਤਮਾ ਅੱਗੇ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਿੱਛੇ ਰਹਿ ਗਏ ਪਰਿਵਾਰ ਨੂੰ ਇਸ ਅਸਹਿ ਅਤੇ ਅਕਹਿ ਘਾਟੇ ਨੂੰ ਸਹਿਣ ਦਾ ਬਲ ਬਖ਼ਸ਼ਣ।

# ਆਂਧਰਾ ਪ੍ਰਦੇਸ਼ 'ਚ ਭਿਆਨਕ ਸੜਕ ਹਾਦਸਾ: ਬੱਸ ਅਤੇ ਟਿੱਪਰ ਦੀ ਟੱਕਰ ਤੋਂ ਬਾਅਦ ਲੱਗੀ ਭਿਆਨਕ ਅੱਗ

### ਪ੍ਰਧਾਨ ਮੰਤਰੀ ਮੋਦੀ ਵੱਲੋਂ ਮੁਆਵਜ਼ੇ ਦਾ ਐਲਾਨ





ਮਾਰਕਾਪੁਰਮ (ਆਂਧਰਾ ਪ੍ਰਦੇਸ਼), (ਸਾਡੇ ਲੋਕ) : ਆਂਧਰਾ ਪ੍ਰਦੇਸ਼ ਦੇ ਮਾਰਕਾਪੁਰਮ ਜ਼ਿਲ੍ਹੇ ਵਿੱਚ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ ਇੱਕ ਨਿੱਜੀ ਟਰੈਵਲ ਬੱਸ ਅਤੇ ਇੱਕ ਟਿੱਪਰ ਲਾਰੀ ਦੀ ਆਹਮੋ-ਸਾਹਮਣੇ ਜ਼ੋਰਦਾਰ ਟੱਕਰ ਹੋ ਗਈ। ਰਾਇਆਵਰਮ ਦੇ ਨੇੜੇ ਵਾਪਰੇ ਇਸ ਹਾਦਸੇ ਤੋਂ ਤੁਰੰਤ ਬਾਅਦ ਦੋਵਾਂ ਵਾਹਨਾਂ ਨੂੰ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਬੱਸ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਈ।

ਹਾਦਸਾ ਇੰਨਾ ਭਿਆਨਕ ਸੀ ਕਿ ਟੱਕਰ ਹੁੰਦੇ ਹੀ ਅੱਗ ਦੀਆਂ ਲਪਟਾਂ ਅਸਮਾਨ ਨੂੰ ਛੂਹਣ ਲੱਗੀਆਂ। ਸਥਾਨਕ ਪ੍ਰਸ਼ਾਸਨ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਉਣ ਲਈ ਮੁਸ਼ੱਕਤ ਸ਼ੁਰੂ ਕੀਤੀ। ਜ਼ਖ਼ਮੀਆਂ ਨੂੰ ਇਲਾਜ ਲਈ ਨਜ਼ਦੀਕੀ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਕਈਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਪ੍ਰਧਾਨ ਮੰਤਰੀ ਵੱਲੋਂ ਦੁੱਖ ਦਾ ਪ੍ਰਗਟਾਵਾ ਅਤੇ ਸਹਾਇਤਾ ਰਾਸ਼ੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਮੰਦਭਾਗੀ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਟਵੀਟ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਤਾਈ ਅਤੇ ਜ਼ਖ਼ਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ।

ਪ੍ਰਧਾਨ ਮੰਤਰੀ ਦਫ਼ਤਰ (PMO) ਵੱਲੋਂ ਜਾਰੀ ਬਿਆਨ ਅਨੁਸਾਰ: ਮ੍ਰਿਤਕਾਂ ਦੇ ਪਰਿਵਾਰਾਂ ਲਈ: ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ (PMNRF) ਵਿੱਚੋਂ 2 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ (ਸਹਾਇਤਾ ਰਾਸ਼ੀ) ਦਾ ਐਲਾਨ ਕੀਤਾ ਗਿਆ ਹੈ। ਜ਼ਖ਼ਮੀਆਂ ਲਈ: ਗੰਭੀਰ ਰੂਪ ਵਿੱਚ ਜ਼ਖ਼ਮੀਆਂ ਨੂੰ 50,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

ਪ੍ਰਸ਼ਾਸਨਿਕ ਕਾਰਵਾਈ

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਵੀ ਘਟਨਾ ਦਾ ਨੋਟਿਸ ਲੈਂਦਿਆਂ ਜ਼ਿਲ੍ਹਾ ਕੁਲੈਕਟਰ ਨੂੰ ਹਾਦਸੇ ਦੀ ਜਾਂਚ ਦੇ ਹੁਕਮ ਦਿੱਤੇ ਹਨ ਅਤੇ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਹਨ ਕਿ ਪੀੜਤਾਂ ਨੂੰ ਹਰ ਸੰਭਵ ਡਾਕਟਰੀ ਸਹਾਇਤਾ ਯਕੀਨੀ ਬਣਾਈ ਜਾਵੇ। ਸ਼ੁਰੂਆਤੀ ਜਾਂਚ ਵਿੱਚ ਹਾਦਸੇ ਦਾ ਕਾਰਨ ਤੇਜ਼ ਰਫ਼ਤਾਰ ਦੱਸਿਆ ਜਾ ਰਿਹਾ ਹੈ।

### ਕਲਾ ਅਤੇ ਸਨਮਾਨ ਦਾ ਸੁਮੇਲ

# ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਨਾਲ ਕੀਤੀ ਮੁਲਾਕਾਤ

ਦੇਹਰਾਦੂਨ (ਉੱਤਰਾਖੰਡ): ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਸਥਿਤ 'ਲੋਕ ਭਵਨ' ਵਿਖੇ ਸੋਮਵਾਰ ਨੂੰ ਇੱਕ ਬਹੁਤ ਹੀ ਖ਼ਾਸ ਮਿਲਣੀ ਹੋਈ। ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ (ਰਿਟਾ.) ਨੇ ਪੰਜਾਬੀ ਸੰਗੀਤ ਜਗਤ ਦੇ ਚਮਕਦੇ ਸਿਤਾਰੇ ਅਤੇ ਰੂਹਾਨੀ ਗਾਇਕੀ ਦੇ ਪੁੰਜ ਡਾ. ਸਤਿੰਦਰ ਸਰਤਾਜ ਨਾਲ



ਮੁਲਾਕਾਤ ਕੀਤੀ। ਇਸ ਸ਼ਿਸ਼ਟਾਚਾਰ ਮੁਲਾਕਾਤ ਦੌਰਾਨ ਕਲਾ, ਸੱਭਿਆਚਾਰ ਅਤੇ ਮਾਨਵੀ ਕਦਰਾਂ-ਕੀਮਤਾਂ ਬਾਰੇ ਡੂੰਘੀਆਂ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ।

ਸੱਭਿਆਚਾਰਕ ਸਾਂਝ ਅਤੇ ਸੂਫ਼ੀਵਾਦ 'ਤੇ ਚਰਚਾ ਰਾਜਪਾਲ ਗੁਰਮੀਤ ਸਿੰਘ ਨੇ ਸਤਿੰਦਰ ਸਰਤਾਜ ਵੱਲੋਂ ਪੰਜਾਬੀ ਮਾਂ-ਬੋਲੀ ਅਤੇ ਸੂਫ਼ੀ ਸੰਗੀਤ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਰਤਾਜ ਦੀ ਗਾਇਕੀ ਸਿਰਫ਼ ਮਨੋਰੰਜਨ ਨਹੀਂ, ਸਗੋਂ ਸਮਾਜ ਨੂੰ ਇੱਕ ਚੰਗੀ ਸੇਧ ਦੇਣ ਵਾਲੀ ਹੈ। ਰਾਜਪਾਲ ਨੇ ਸਰਤਾਜ ਦੇ ਸ਼ਬਦਾਂ ਦੀ ਚੋਣ ਅਤੇ ਉਨ੍ਹਾਂ ਦੀ ਸਾਦਗੀ ਦੀ ਮਿਸਾਲ ਦਿੰਦਿਆਂ ਕਿਹਾ ਕਿ ਉਹ ਨੌਜਵਾਨ ਪੀੜ੍ਹੀ ਲਈ ਇੱਕ ਪ੍ਰੇਰਨਾ ਸਰੋਤ ਹਨ।

ਸਨਮਾਨ: ਰਾਜਪਾਲ ਵੱਲੋਂ ਸਤਿੰਦਰ ਸਰਤਾਜ ਨੂੰ ਉੱਤਰਾਖੰਡ ਦੀ ਧਰਤੀ 'ਤੇ ਪਹੁੰਚਣ 'ਤੇ ਨਿੱਘਾ ਜੀ ਆਇਆਂ ਨੂੰ ਕਿਹਾ ਗਿਆ ਅਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਉੱਤਰਾਖੰਡ ਨਾਲ ਲਗਾਅ: ਸਤਿੰਦਰ ਸਰਤਾਜ ਨੇ ਉੱਤਰਾਖੰਡ ਦੀ ਕੁਦਰਤੀ ਸੁੰਦਰਤਾ ਅਤੇ ਇੱਥੋਂ ਦੇ ਸ਼ਾਂਤਮਈ ਮਾਹੌਲ ਦੀ ਤਾਰੀਫ਼ ਕੀਤੀ। ਉਨ੍ਹਾਂ ਦੱਸਿਆ ਕਿ ਪਹਾੜਾਂ ਦੀ ਗੋਦ ਵਿੱਚ ਸੰਗੀਤਕ ਸਿਰਜਣਾ ਦਾ ਇੱਕ ਵੱਖਰਾ ਹੀ ਆਨੰਦ ਹੈ।

ਸਾਂਝੀਵਾਲਤਾ ਦਾ ਸੰਦੇਸ਼: ਦੋਵਾਂ ਸ਼ਖ਼ਸੀਅਤਾਂ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਕਿ ਕਲਾ ਅਤੇ ਸੰਗੀਤ ਸਰਹੱਦਾਂ ਅਤੇ ਭਾਸ਼ਾਵਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਨੂੰ ਜੋੜਨ ਦਾ ਕੰਮ ਕਰਦੇ ਹਨ।

ਸਰਤਾਜ ਦਾ ਧੰਨਵਾਦ

ਡਾ. ਸਤਿੰਦਰ ਸਰਤਾਜ ਨੇ ਰਾਜਪਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਜੀ ਵਰਗੀ ਦੂਰਅੰਦੇਸ਼ ਸ਼ਖ਼ਸੀਅਤ ਨਾਲ ਮੁਲਾਕਾਤ ਕਰਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਰਾਜਪਾਲ ਸਾਹਿਬ ਦਾ ਪੰਜਾਬੀ ਸੱਭਿਆਚਾਰ ਪ੍ਰਤੀ ਪਿਆਰ ਦੇਖ ਕੇ ਬਹੁਤ ਖ਼ੁਸ਼ੀ ਹੋਈ।

ਇਸ ਮੌਕੇ ਰਾਜ ਭਵਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਇਹ ਮੁਲਾਕਾਤ ਜਿੱਥੇ ਦੋਵਾਂ ਸ਼ਖ਼ਸੀਅਤਾਂ ਦੇ ਆਪਸੀ ਸਤਿਕਾਰ ਨੂੰ ਦਰਸਾਉਂਦੀ ਹੈ, ਉੱਥੇ ਹੀ ਇਹ ਪੰਜਾਬੀ ਅਤੇ ਉੱਤਰਾਖੰਡ ਦੇ ਸੱਭਿਆਚਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਵੀ ਇੱਕ ਕਦਮ ਹੈ।

# ਸਿਆਲਕੋਟ ਦੇ ਗੁਰਦੁਆਰਾ ਬਾਬੇ ਦੀ ਬੇਰ ਵਿਖੇ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ

### ਦਰਜਨਾਂ ਗੁਰਧਾਮਾਂ ਦੀ ਬਹਾਲੀ ਦਾ ਕੰਮ ਸ਼ੁਰੂ : ਅਰੋੜਾ

ਅੰਮ੍ਰਿਤਸਰ : ਪਾਕਿਸਤਾਨ ਦੇ ਸਿਆਲਕੋਟ ਸ਼ਹਿਰ ਵਿਚਲੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਬਾਬੇ ਦੀ ਬੇਰ ਵਿਖੇ ਤਿੰਨ ਰੋਜ਼ਾ ਸਾਲਾਨਾ ਸਮਾਗਮ 'ਚ ਉੱਥੋਂ ਦੀ ਸਥਾਨਕ ਸੰਗਤ ਸਮੇਤ ਸ੍ਰੀ ਨਨਕਾਣਾ ਸਾਹਿਬ, ਲਾਹੌਰ, ਪਿਸ਼ਾਵਰ, ਹਸਨ ਅਬਦਾਲ, ਬੁਨੇਰ, ਪੀਰ ਬਾਬਾ ਅਤੇ ਸੂਬਾ ਸਿੰਧ ਤੋਂ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਹੋਈ। ਸਮਾਗਮ 'ਚ ਲਹਿੰਦੇ ਪੰਜਾਬ ਦੇ ਮਨੁੱਖੀ ਅਧਿਕਾਰਾਂ ਅਤੇ ਘੱਟ-ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ, ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰੇਮ ਸਿੰਘ, ਕਮੇਟੀ ਮੈਂਬਰ ਡਾ: ਮਿਮਪਾਲ ਸਿੰਘ ਸਮੇਤ ਵਿਨੋਦ ਸਿੰਘ, ਅਮਨਜੀਤ ਸਿੰਘ, ਆਕਾਸ਼ ਸਿੰਘ, ਸੁਨੀਲ ਸਿੰਘ,



ਰਾਕੇਸ਼ ਸਿੰਘ, ਵਿਕਰਮ ਸਿੰਘ ਆਦਿ ਹਾਜ਼ਰ ਸਨ। ਧਾਰਮਿਕ ਸਮਾਗਮ ਦੌਰਾਨ ਭਾਈ ਪਰਮਜੀਤ ਸਿੰਘ ਵੱਲੋਂ ਕਥਾ ਕੀਰਤਨ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਬਾਬੇ ਦੀ ਬੇਰ ਦੇ ਸਰੋਵਰ ਨੂੰ ਭੂਮੀ ਮਾਫ਼ੀਆ ਤੋਂ ਕਬਜ਼ਾਮੁਕਤ ਕਰਵਾਉਣ 'ਚ ਮੁੱਖ ਭੂਮਿਕਾ ਨਿਭਾਉਣ ਵਾਲੇ ਜਸਕਰਨ ਸਿੰਘ ਸਿੱਧੂ ਨੂੰ ਸਨਮਾਨਿਤ ਕੀਤਾ ਗਿਆ। ਮੰਤਰੀ ਅਰੋੜਾ ਨੇ ਕਿਹਾ ਕਿ ਭਾਰਤ ਦੀ ਵੰਡ ਦੇ ਬਾਅਦ ਤੋਂ ਬੰਦ ਪਏ ਪਾਕਿ ਵਿਚਲੇ ਦਰਜਨਾਂ ਗੁਰਧਾਮਾਂ ਦੀ ਬਹਾਲੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ।

# ਸੀਸ ਤਲੀ ’ਤੇ ਰੱਖ, ਕਰੇ ਮੌਤ ਨੂੰ ਮਖੌਲਾਂ, ਲੋਕਾਂ ਦੀਆਂ ਹੋਲੀਆਂ ਤੇ ਸਿੰਘ ਖੇਡਣ ਹੋਲਾ

## ਸੈਨਹੋਜ਼ੇ (ਕੈਲੀਫੋਰਨੀਆ) ਵਿਖੇ ਹੋਲੇ-ਮਹੱਲੇ ’ਤੇ ਉਮੜਿਆ ਸ਼ਰਧਾ ਦਾ ਸੈਲਾਬ; ਗੁਰੂ ਦੇ ਨਿਸ਼ਕਾਮ ਸੇਵਾਦਾਰਾਂ ਵਲੋਂ ਹਰ ਸਾਲ ਦੀ ਤਰ੍ਹਾਂ ਸ਼ਰਧਾ ਨਾਲ ਕੀਤੀ ਸੇਵਾ










ਸੈਨ ਹੋਜ਼ੇ/ਕੈਲੀਫੋਰਨੀਆ (ਸਾਡੇ ਲੋਕ): ਵਿਦੇਸ਼ਾਂ ਦੀ ਧਰਤੀ ’ਤੇ ਖ਼ਾਲਸਾ ਪੰਥ ਦੀ ਵਿਰਾਸਤ ਅਤੇ ਸਿੱਖੀ ਜਜ਼ਬੇ ਦੀ ਇੱਕ ਅਲੌਕਿਕ ਮਿਸਾਲ ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ) ਵਿਖੇ ਦੇਖਣ ਨੂੰ ਮਿਲੀ। ਹੋਲੇ-ਮਹੱਲੇ ਦੇ ਪਵਿੱਤਰ ਦਿਹਾੜੇ ਉਪਰ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਕੈਲੀਫੋਰਨੀਆ ਵਿੱਚ ਇਨ੍ਹਾਂ ਦਿਨਾਂ ਉਪਰ ਗਰਮੀ ਦੇ ਬਾਵਜੂਦ ਸੰਗਤਾਂ ਦੇ ਉਤਸ਼ਾਹ ਵਿੱਚ ਕੋਈ ਕਮੀ ਨਹੀਂ ਦਿਖੀ। ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ ਵੱਲੋਂ ਇਸ ਮੌਕੇ ਬੇਅੰਤ ਸ਼ਰਧਾ ਅਤੇ ਨਿਮਰਤਾ ਨਾਲ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ ਗਈ। ਸਵੇਰ ਤੋਂ ਸ਼ਾਮ ਤੱਕ ਸੰਗਤਾਂ ਦੀਆਂ ਲੰਬੀਆਂ ਕਤਾਰਾਂ ਗੁਰੂ ਨਾਨਕ ਸਾਹਿਬ ਦੇ ਦਰ ’ਤੇ ਲੰਗਰ ਛਕਦੀਆਂ ਨਜ਼ਰ ਆਈਆਂ। ਗੁਰਦੁਆਰਾ ਸਾਹਿਬ ਦੇ ਚਾਰੇ ਪਾਸੇ ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਸਨ। ਸੇਵਾਦਾਰਾਂ ਵੱਲੋਂ ਬੜੇ ਪ੍ਰੇਮ ਨਾਲ ਹੇਠ ਲਿਖੀਆਂ ਵਸਤੂਆਂ ਦੇ ਲੰਗਰ ਲਗਾਏ ਗਏ ਸਨ:

**ਠੰਢੇ ਮਿੱਠੇ ਜਲ ਅਤੇ ਜੂਸ:** ਰੂਹ ਅਫ਼ਜ਼ਾ, ਸੰਤਰਿਆਂ ਦਾ ਤਾਜ਼ਾ ਜੂਸ, ਮੈਂਗੋ ਸ਼ੇਕ।

**ਖ਼ਾਸ ਪਕਵਾਨ:** ਤਾਜ਼ੀਆਂ ਪੂੜੀਆਂ, ਛੋਲੇ-ਭਟੂਰੇ, ਪਕੌੜੇ ਅਤੇ ਗਰਮਾ-ਗਰਮ ਜਲੇਬੀਆਂ।













# ਸੀਸ ਤਲੀ ’ਤੇ ਰੱਖ, ਕਰੇ ਮੌਤ ਨੂੰ ਮਖੌਲਾਂ, ਲੋਕਾਂ ਦੀਆਂ ਹੋਲੀਆਂ ਤੇ ਸਿੰਘ ਖੇਡਣ ਹੋਲਾ

## ਸੈਨਹੋਜ਼ੇ (ਕੈਲੀਫੋਰਨੀਆ) ਵਿਖੇ ਹੋਲੇ-ਮਹੱਲੇ ’ਤੇ ਉਮੜਿਆ ਸ਼ਰਧਾ ਦਾ ਸੈਲਾਬ; ਗੁਰੂ ਦੇ ਨਿਸ਼ਕਾਮ ਸੇਵਾਦਾਰਾਂ ਵਲੋਂ ਹਰ ਸਾਲ ਦੀ ਤਰ੍ਹਾਂ ਸ਼ਰਧਾ ਨਾਲ ਕੀਤੀ ਸੇਵਾ









**ਹੋਰ ਵੰਨਗੀਆਂ:** ਫਰੂਟ ਸਲਾਦ, ਆਈਸ ਕਰੀਮ, ਪੀਜ਼ਾ, ਨੂਡਲਜ਼, ਚਾਟ ਅਤੇ ਡਰਾਈ ਫਰੂਟ।

ਇਸ ਮੌਕੇ ‘ਸਾਡੇ ਲੋਕ’ ਨਾਲ ਗੱਲਬਾਤ ਕਰਦਿਆਂ ਨੌਜਵਾਨ ਸਿੱਖ ਆਗੂ ਅਤੇ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ ਦੇ ਸੇਵਾਦਾਰ ਸ: ਸੁਖਵਿੰਦਰ ਸਿੰਘ ਗੋਗੀ ਨੇ ਕਿਹਾ ਕਿ ‘ਸੇਵਾ ਅਤੇ ਸਿਮਰਨ ਹੀ ਸਿੱਖੀ ਦੇ ਅਸਲ ਅਧਾਰ ਹਨ। ਗੁਰੂ ਸਾਹਿਬ ਦੀ ਕਿਰਪਾ ਸਦਕਾ ਅੱਜ ਦੁਨੀਆ ਭਰ ਦੀਆਂ ਸੜਕਾਂ ’ਤੇ ਗੁਰੂ ਨਾਨਕ ਦੇ ਲੰਗਰ ਚੱਲ ਰਹੇ ਹਨ।’ ਉਨ੍ਹਾਂ ਅੱਗੇ ਕਿਹਾ ਕਿ ਸੰਗਤਾਂ ਦੀ ਸੇਵਾ ਭਾਵਨਾ ਨੂੰ ਦੇਖ ਕੇ ਹਰ ਜ਼ੁਬਾਨ ਵਿੱਚੋਂ ‘ਧੰਨ ਗੁਰੂ, ਧੰਨ ਗੁਰੂ ਕੇ ਸਿੱਖ’ ਦੇ ਸ਼ਬਦ ਨਿਕਲਦੇ ਹਨ।

**ਅਨੰਦਪੁਰ ਸਾਹਿਬ ਵਰਗਾ ਨਜ਼ਾਰਾ:** ਸੈਨਹੋਜ਼ੇ ਦੀ ਪਵਿੱਤਰ ਧਰਤੀ ਅੱਜ ਵਾਹਿਗੁਰੂ ਦੇ ਰੰਗ ਵਿੱਚ ਅਜਿਹੀ ਰੰਗੀ ਗਈ ਕਿ ਇੱਥੇ ਸ੍ਰੀ ਅਨੰਦਪੁਰ ਸਾਹਿਬ ਵਰਗਾ ਅਲੌਕਿਕ ਰੂਹਾਨੀ ਅਤੇ ਖ਼ਾਲਸਈ ਜਜ਼ਬਾ ਦੇਖਣ ਨੂੰ ਮਿਲਿਆ। ਵੱਡੀ ਗਿਣਤੀ ਵਿੱਚ ਪਰਿਵਾਰਾਂ ਅਤੇ ਵੱਖ-ਵੱਖ ਗੁਰੂ-ਘਰਾਂ ਦੇ ਸੇਵਾਦਾਰਾਂ ਨੇ ਨਿਮਰਤਾ ਸਹਿਤ ਸੇਵਾ ਨਿਭਾ ਕੇ ਧਰਤੀ ’ਤੇ ਸਵਰਗ ਵਰਗਾ ਮਾਹੌਲ ਸਿਰਜ ਦਿੱਤਾ।






ਜਿੱਥੇ ਦੁਨੀਆ ਬਸੰਤ ਦੀ ਆਮਦ ਨੂੰ ਰੰਗਾਂ ਦੀ ਹੋਲੀ ਨਾਲ ਮਨਾਉਂਦੀ ਹੈ, ਉੱਥੇ ਖ਼ਾਲਸਾ ਪੰਥ ਇਸ ਰੁੱਤ ਦਾ ਸਵਾਗਤ ਘੋੜਿਆਂ ਦੀਆਂ ਟਾਪਾਂ, ਸ਼ਸਤਰਾਂ ਦੀ ਖੜਕਾਅ ਅਤੇ ‘ਚੜ੍ਹਦੀ ਕਲਾ’ ਦੇ ਜੈਕਾਰਿਆਂ ਨਾਲ ਕਰਦਾ ਹੈ। ਇਹ ਹੋਲਾ ਮਹੱਲਾ ਹੈ—ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਖ਼ਾਲਸੇ ਦੀ ਪ੍ਰਭੂਸੱਤਾ, ਤਿਆਰ-ਬਰ-ਤਿਆਰ ਰਹਿਣ ਦੇ ਜਜ਼ਬੇ ਅਤੇ ਰੂਹਾਨੀ ਸ਼ਕਤੀ ਦਾ ਪ੍ਰਗਟਾਵਾ ਹੈ।

**ਇਤਿਹਾਸਕ ਪਿਛੋਕੜ: ਕੇਸਗੜ੍ਹ ਦੀ ਧਰਤੀ ਤੋਂ ਗੂੰਜ**

ਸੰਨ 1701 ਵਿੱਚ, ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ਦਸਮ ਪਾਤਸ਼ਾਹ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਵਾਇਤੀ ਹੋਲੀ ਨੂੰ ਇੱਕ ਨਵਾਂ ਅਤੇ ਬੀਰ-ਰਸੀ ਰੂਪ ਦਿੱਤਾ। ਗੁਰੂ ਸਾਹਿਬ ਜਾਣਦੇ ਸਨ ਕਿ ਜ਼ੁਲਮ ਦਾ ਟਾਕਰਾ ਕਰਨ ਲਈ ਕੌਮ ਨੂੰ ਸਿਰਫ਼ ਰੰਗਾਂ ਵਿੱਚ ਨਹੀਂ, ਸਗੋਂ ਸ਼ਸਤਰਾਂ ਦੀ ਖੇਡ ਵਿੱਚ ਨਿਪੁੰਨ ਹੋਣਾ ਪਵੇਗਾ।

ਉਨ੍ਹਾਂ ਨੇ ਸਿੱਖਾਂ ਨੂੰ ‘ਮਹੱਲਾ’ (ਮਨਸੂਈ ਜੰਗ) ਕੱਢਣ ਦੀ ਰੀਤ ਪਾਈ। ਜਦੋਂ ਬਾਕੀ ਦੁਨੀਆ ਗੁਲਾਲ ਉਡਾ ਰਹੀ ਸੀ, ਉਦੋਂ ਗੁਰੂ ਕੇ ਲਾਡਲੇ ਫ਼ੌਜੀ ਨਿਸ਼ਾਨੇਬਾਜ਼ੀ, ਤੀਰਅੰਦਾਜ਼ੀ ਅਤੇ ਗਤਕੇਬਾਜ਼ੀ ਦੇ ਜੌਹਰ ਦਿਖਾ ਰਹੇ ਸਨ। ਇਹ ਇੱਕ ਮਨੋਵਿਗਿਆਨਕ ਅਤੇ ਸਰੀਰਕ ਅਭਿਆਸ ਸੀ ਤਾਂ ਜੋ ਖ਼ਾਲਸਾ ਹਮੇਸ਼ਾ ਮਜ਼ਲੂਮ ਦੀ ਰੱਖਿਆ ਲਈ ਤਿਆਰ ਰਹੇ।

‘ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥’ (ਸੂਰਮਾ ਉਹੀ ਹੈ ਜੋ ਗਰੀਬਾਂ ਅਤੇ ਮਜ਼ਲੂਮਾਂ ਦੇ ਹੱਕ ਲਈ ਲੜਦਾ ਹੈ।)

**ਅਜੋਕਾ ਰੂਪ: ਅਨੰਦਪੁਰ ਤੋਂ ਕੈਲੀਫੋਰਨੀਆ ਤੱਕ**

ਅੱਜ ਇਹ ਪਰੰਪਰਾ ਸਿਰਫ਼ ਕਿਲ੍ਹਾ ਹੋਲਗੜ੍ਹ ਤੱਕ ਸੀਮਤ ਨਹੀਂ, ਸਗੋਂ ਗੁਰਦੁਆਰਾ ਸਾਹਿਬ ਸੈਨਹੋਜ਼ੇ, ਸਾਡੇ ਅਮਰੀਕਨ ਪਿੰਡ ਲਿਵਰਮੋਰ ਅਤੇ ਪੂਰੀ ਦੁਨੀਆ ਦੇ ਗੁਰੂ ਘਰਾਂ ਵਿੱਚ ਗੂੰਜਦੀ ਹੈ। ਨੀਲੇ ਬਾਣਿਆਂ ਵਿੱਚ ਸਜੇ, ਉੱਚੇ ਦੁਮਾਲਿਆਂ ’ਤੇ ਚੱਕਰ ਸਜਾਈ ਨਿਹੰਗ ਸਿੰਘ ਅੱਜ ਵੀ ਇਸ ਤਿਉਹਾਰ ਦੀ ਰੂਹ ਹਨ।

**ਹੋਲੇ ਮਹੱਲੇ ਦੇ ਮੁੱਖ ਆਕਰਸ਼ਣ:**

**ਬੀਰ ਰਸ:** ਢਾਡੀ ਵਾਰਾਂ ਅਤੇ ਨਗਾਰਿਆਂ ਦੀ ਗੂੰਜ ਹਰ ਸਿੱਖ ਦੇ ਖ਼ੂਨ ਵਿੱਚ ਉਬਾਲਾ ਲਿਆਉਂਦੀ ਹੈ।

**ਸ਼ਸਤਰ ਵਿੱਦਿਆ:** ਗਤਕੇ ਦੇ ਪ੍ਰਦਰਸ਼ਨ ਰਾਹੀਂ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਅਤੇ ਸਵੈ-ਰੱਖਿਆ ਨਾਲ ਜੋੜਿਆ ਜਾਂਦਾ ਹੈ।


**ਦੇਗ ਤੇ ਤੇਗ:** ਜਿੱਥੇ ਤੇਗ (ਸ਼ਸਤਰ) ਦੀ ਪੂਜਾ ਹੁੰਦੀ ਹੈ, ਉੱਥੇ ਦੇਗ (ਲੰਗਰ) ਵੀ ਅਤੁੱਟ ਵਰਤਦਾ ਹੈ। ਇਹ ਸੇਵਾ ਅਤੇ ਸਿਮਰਨ ਦਾ ਅਨੋਖਾ ਸੰਗਮ ਹੈ।

**2026 ਵਿੱਚ ਹੋਲੇ ਮਹੱਲੇ ਦੀ ਮਹੱਤਤਾ**

ਅਜੋਕੇ ਡਿਜੀਟਲ ਯੁੱਗ ਵਿੱਚ, ਜਿੱਥੇ ਸਾਡੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਤੋਂ ਦੂਰ ਹੋ ਰਹੀ ਹੈ, ਹੋਲਾ ਮਹੱਲਾ ਸਾਨੂੰ ਸਾਡੀ ਹੋਂਦ ਅਤੇ ਦਲੇਰੀ ਦੀ ਯਾਦ ਦਿਵਾਉਂਦਾ ਹੈ। ਅਮਰੀਕਾ ਵਰਗੇ ਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਲਈ ਇਹ ਦਿਹਾੜਾ ਆਪਣੀਆਂ ਜੜ੍ਹਾਂ ਨਾਲ ਜੁੜਨ ਦਾ ਇੱਕ ਵਸੀਲਾ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਸਿੱਖ ਇੱਕ ‘ਸੰਤ-ਸਿਪਾਹੀ’ ਹੈ—ਜੋ ਅੰਦਰੋਂ ਨਿਮਰ ਹੈ ਪਰ ਬਾਹਰੋਂ ਅਨਿਆਂ ਵਿਰੁੱਧ ਖੜ੍ਹਨ ਲਈ ਹਮੇਸ਼ਾ ਤਿਆਰ ਹੈ।

ਜਦੋਂ ਅਸੀਂ ਇਸ ਸਾਲ ਆਪਣੇ ਸਥਾਨਕ ਗੁਰਦੁਆਰਾ ਸਾਹਿਬਾਨ ਵਿੱਚ ਘੋੜ-ਸਵਾਰਾਂ ਨੂੰ ਦੌੜਦੇ ਅਤੇ ਗਤਕੇ ਦੇ ਜੌਹਰ ਦੇਖਦੇ ਹਾਂ, ਤਾਂ ਅਸੀਂ ਸਿਰਫ਼ ਇੱਕ ਪ੍ਰਦਰਸ਼ਨ ਨਹੀਂ ਦੇਖ ਰਹੇ ਹੁੰਦੇ, ਸਗੋਂ ਅਸੀਂ 300 ਸਾਲ ਪੁਰਾਣੇ ਉਸ ਅਹਿਦ ਨੂੰ ਜਿਊਂਦੇ ਹਾਂ ਕਿ ਖ਼ਾਲਸਾ ਹਮੇਸ਼ਾ ਆਜ਼ਾਦ, ਨਿਰਭਉ ਅਤੇ ਮਨੁੱਖਤਾ ਦੀ ਸੇਵਾ ਵਿੱਚ ਤਤਪਰ ਰਹੇਗਾ।

**ਦੇਗ ਤੇਗ ਫ਼ਤਿਹ ! ਨਾਲ ਗੁਰੂ ਅਤੇ ਪੰਥ ਦਾ ਦਾਸ : ਸਤਨਾਮ ਸਿੰਘ ਖ਼ਾਲਸਾ**




# ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਲਣ ਹੋਲਾ

## ਹੋਲਾ ਮਹੱਲਾ 2026: ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਖ਼ਾਲਸਈ ਜਾਹੋ-ਜਲਾਲ ਨਾਲ ਮਨਾਇਆ ਗਿਆ ਕੌਮੀ ਤਿਉਹਾਰ























ਸੈਨਹੋਜ਼ੇ, ਕੈਲੀਫੋਰਨੀਆ (ਸਾਡੇ ਲੋਕ): ਸੈਨਹੋਜ਼ੇ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਐਤਵਾਰ, 22 ਮਾਰਚ 2026 ਨੂੰ 'ਹੋਲਾ ਮਹੱਲਾ' ਬੜੀ ਸ਼ਰਧਾ ਅਤੇ ਖ਼ਾਲਸਈ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਮੌਕੇ ਸਮੁੱਚਾ ਗੁਰੂ ਘਰ ਕੰਪਲੈਕਸ ਇਲਾਹੀ ਰੰਗ ਵਿੱਚ ਰੰਗਿਆ ਨਜ਼ਰ ਆਇਆ ਅਤੇ ਸੰਗਤਾਂ ਦਾ ਭਾਰੀ ਇਕੱਠ ਗੁਰੂ ਚਰਨਾਂ ਵਿੱਚ ਨਤਮਸਤਕ ਹੋਇਆ।

**ਧਾਰਮਿਕ ਸਮਾਗਮ ਅਤੇ ਕੀਰਤਨ ਦਰਬਾਰ:** ਸਮਾਗਮ ਦੀ ਸ਼ੁਰੂਆਤ ਮੁੱਖ ਦੀਵਾਨ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਨਾਲ ਹੋਈ। ਦਰਬਾਰ ਸਾਹਿਬ ਦੇ ਰਾਗੀ ਜਥਿਆਂ ਅਤੇ ਸਥਾਨਕ ਜਥਿਆਂ ਵੱਲੋਂ ਕੀਤੇ ਗਏ ਰਸਭਿੰਨੇ ਕੀਰਤਨ ਨੇ ਸੰਗਤਾਂ ਨੂੰ ਨਿਹਾਲ ਕੀਤਾ। ਦਿਨ ਭਰ ਚੱਲੇ ਇਸ ਸਮਾਗਮ ਵਿੱਚ ਕਥਾ-ਕੀਰਤਨ, ਕਵੀਸ਼ਰੀ ਅਤੇ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਅਤੇ ਹੋਲੇ ਮਹੱਲੇ ਦੇ ਮਹੱਤਵ ਨੂੰ ਸਾਂਝਾ ਕੀਤਾ ਗਿਆ।

**ਖ਼ਾਲਸਈ ਖੇਡਾਂ ਅਤੇ ਗਤਕੇ ਦੇ ਜੌਹਰ:** ਗੁਰਦੁਆਰਾ ਸਾਹਿਬ ਦੇ ਮੈਦਾਨ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਿਆ ਗਿਆ। ਕੈਲੀਫੋਰਨੀਆ ਗਤਕਾ ਦਲ ਦੇ ਸਿੰਘਾਂ ਨੇ ਨਿਹੰਗ ਸਿੰਘੀ ਬਾਣੇ ਵਿੱਚ ਗਤਕੇ ਦੇ ਅਜਿਹੇ ਜੌਹਰ ਦਿਖਾਏ ਕਿ ਸੰਗਤਾਂ ਅਸ਼-ਅਸ਼ ਕਰ ਉੱਠੀਆਂ। ਇਸ ਤੋਂ ਇਲਾਵਾ ਘੋੜ ਸਵਾਰੀ, ਰੱਸਾ-ਕਸ਼ੀ, ਦੌੜਾਂ ਅਤੇ ਵਾਲੀਬਾਲ ਵਰਗੀਆਂ ਖੇਡਾਂ ਖਿੱਚ ਦਾ ਕੇਂਦਰ ਰਹੀਆਂ। ਖ਼ਾਲਸਾ ਸਕੂਲ ਦੇ ਸੇਵਾਦਾਰਾਂ ਵੱਲੋਂ ਬੱਚਿਆਂ ਲਈ ਵਿਸ਼ੇਸ਼ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਸੀ, ਜਿੱਥੇ ਜੇਤੂ ਨੌਜਵਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

**ਅਤੁੱਟ ਲੰਗਰ ਅਤੇ ਸਟਾਲ:** ਸੰਗਤਾਂ ਲਈ ਵੱਖ-ਵੱਖ ਪਰਿਵਾਰਾਂ ਵੱਲੋਂ ਸਵਾਦਿਸ਼ਟ ਲੰਗਰਾਂ ਦੇ ਅਣਗਿਣਤ ਸਟਾਲ ਲਗਾਏ ਗਏ ਸਨ। ਛੋਲੇ-ਭਟੂਰੇ, ਗਾਰਲਿਕ ਨਾਨ, ਵੈੱਜ ਬਰਗਰ, ਗਰਮ ਜਲੇਬੀਆਂ, ਕੇਸਰੀ ਦੁੱਧ





























































# ਬਰਾਡਸ਼ਾਅ ਗੁਰਦੁਆਰਾ ਸਾਹਿਬ ਵਿਖੇ ਹੋਲੇ-ਮਹੱਲੇ 'ਤੇ ਸੰਗਤਾਂ ਦਾ ਇਤਿਹਾਸਕ ਅਤੇ ਰਿਕਾਰਡ ਤੋੜ ਇਕੱਠ

## ਸਿੱਖ ਫੈਡਰੇਸ਼ਨ ਅਮਰੀਕਾ ਵੱਲੋਂ ਸ਼ਹੀਦੀ ਸਾਹਿਤ ਰਾਹੀਂ ਕੌਮੀ ਆਜ਼ਾਦੀ ਦਾ ਪ੍ਰਚਾਰ








ਸੈਕਰਾਮੈਂਟੋ/ਕੈਲੀਫੋਰਨੀਆ (ਸਾਡੇ ਲੋਕ) : ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵਿਖੇ ਹੋਲੇ-ਮਹੱਲੇ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਚੌਥਾ ਮਹਾਨ ਨਗਰ ਕੀਰਤਨ ਖਾਲਸਾਈ ਜਾਹੋ-ਜਲਾਲ ਅਤੇ ਕੌਮੀ ਏਕਤਾ ਦਾ ਪ੍ਰਤੀਕ ਬਣ ਕੇ ਨਿਬੜਿਆ। ਇਸ ਮੌਕੇ ਦੂਰੋਂ-ਨੇੜਿਓਂ ਪਹੁੰਚੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦੇ ਰਿਕਾਰਡ ਤੋੜ ਇਕੱਠ ਨੇ ਦੱਸ ਦਿੱਤਾ ਕਿ ਸੱਤ ਸਮੁੰਦਰੋਂ ਪਾਰ ਬੈਠਾ ਸਿੱਖ ਅੱਜ ਵੀ ਆਪਣੇ ਵਿਰਸੇ ਅਤੇ ਕੌਮੀ ਹੋਂਦ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ।

**ਰੂਹਾਨੀਅਤ ਅਤੇ ਗੁਰਬਾਣੀ ਦਾ ਪ੍ਰਵਾਹ :** ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਮਨੋਹਰ ਕੀਰਤਨ ਅਤੇ ਕਥਾ ਵਿਚਾਰਾਂ ਨਾਲ ਹੋਈ। ਪੰਥ ਪ੍ਰਸਿੱਧ ਕਥਾਵਾਚਕਾਂ, ਢਾਡੀ ਅਤੇ ਕਵੀਸ਼ਰੀ ਜੱਥਿਆਂ ਨੇ ਸਿੱਖ ਇਤਿਹਾਸ ਦੀਆਂ ਵੀਰ-ਗਾਥਾਵਾਂ ਸੁਣਾ ਕੇ ਸੰਗਤਾਂ ਵਿੱਚ ਨਵਾਂ ਜੋਸ਼ ਭਰਿਆ। ਇਲਾਹੀ ਬਾਣੀ ਦੇ ਅਟੁੱਟ ਪ੍ਰਵਾਹ ਨੇ ਪੂਰੇ ਸੈਕਰਾਮੈਂਟੋ ਦੇ ਮਾਹੌਲ ਨੂੰ ਅਧਿਆਤਮਿਕ ਰੰਗ ਵਿੱਚ ਰੰਗ ਦਿੱਤਾ।

**ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਦਾ ਉਪਰਾਲਾ :** ਸਮਾਗਮ ਦਾ ਵਿਸ਼ੇਸ਼ ਕੇਂਦਰ ਬਿੰਦੂ ਨਵੀਂ ਪੀੜ੍ਹੀ ਨੂੰ ਸਿੱਖੀ ਸਰੂਪ ਅਤੇ ਗੁਰਮਤਿ ਨਾਲ ਜੋੜਨਾ ਰਿਹਾ। ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਮਾਗਮ ਸਿਰਫ਼ ਇੱਕ ਰਸਮ ਨਹੀਂ, ਸਗੋਂ ਪੱਛਮੀ ਸੱਭਿਆਚਾਰ ਦੇ 'ਪਦਾਰਥਵਾਦ' (Materialism) ਅਤੇ 'ਅਸਿਮੀਲੇਸ਼ਨ' (Assimilation) ਵਰਗੀਆਂ ਚੁਣੌਤੀਆਂ ਵਿਰੁੱਧ ਇੱਕ ਅਹਿਮ ਦੀਵਾਰ ਹੈ। ਨੌਜਵਾਨਾਂ ਨੂੰ ਆਪਣੀ ਅਸਲ ਪਛਾਣ ਯਾਦ ਕਰਵਾਉਣ ਲਈ ਅੰਮ੍ਰਿਤ ਸੰਚਾਰ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਣੀ ਗੁਰੂ ਵਾਲੇ ਬਣੇ।

**ਸਿੱਖ ਫੈਡਰੇਸ਼ਨ ਅਮਰੀਕਾ ਵੱਲੋਂ ਕੌਮੀ ਹੋਕਾ :** ਸਿੱਖ ਫੈਡਰੇਸ਼ਨ ਅਮਰੀਕਾ ਵੱਲੋਂ ਲਗਾਏ ਗਏ ਵਿਸ਼ੇਸ਼ ਬੂਥਾਂ ਨੇ ਸੰਗਤਾਂ ਦਾ ਧਿਆਨ ਖਿੱਚਿਆ। ਫੈਡਰੇਸ਼ਨ ਦੇ ਨੁਮਾਇੰਦਿਆਂ ਨੇ ਸ਼ਹੀਦੀ ਸਾਹਿਤ (Literature) ਰਾਹੀਂ ਸੰਗਤਾਂ ਨੂੰ 1984 ਦੇ ਘੱਲੂਘਾਰੇ, ਕੌਮੀ ਸ਼ਹੀਦਾਂ ਦੇ ਅਧੂਰੇ ਸੁਪਨਿਆਂ ਅਤੇ ਕੌਮੀ ਆਜ਼ਾਦੀ ਦੇ ਸੰਘਰਸ਼ ਬਾਰੇ ਜਾਣੂ ਕਰਵਾਇਆ।

**ਵਿਸ਼ੇਸ਼ ਚਰਚਾ:** ਭਾਸ਼ਣ ਦੌਰਾਨ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਅਤੇ ਕੌਮਾਂਤਰੀ ਸਿਆਸਤ ਵਿੱਚ ਸਿੱਖਾਂ ਦੀ ਸੁਰੱਖਿਆ ਦਾ ਮੁੱਦਾ ਗੰਭੀਰਤਾ ਨਾਲ ਉਠਾਇਆ






























# ਬਰਾਡਸ਼ਾਅ ਗੁਰਦੁਆਰਾ ਸਾਹਿਬ ਵਿਖੇ ਹੋਲੇ-ਮਹੱਲੇ 'ਤੇ ਸੰਗਤਾਂ ਦਾ ਇਤਿਹਾਸਕ ਅਤੇ ਰਿਕਾਰਡ ਤੋੜ ਇਕੱਠ

## ਸਿੱਖ ਫੈਡਰੇਸ਼ਨ ਅਮਰੀਕਾ ਵੱਲੋਂ ਸ਼ਹੀਦੀ ਸਾਹਿਤ ਰਾਹੀਂ ਕੌਮੀ ਆਜ਼ਾਦੀ ਦਾ ਪ੍ਰਚਾਰ










ਗਿਆ। ਸੰਗਤ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੀ ਰਾਜਨੀਤਿਕ ਹੋਂਦ ਅਤੇ ਸੁਰੱਖਿਆ ਪ੍ਰਤੀ ਲਾਮਬੰਦ ਹੋਣ।

**ਖਾਲਸਾਈ ਸ਼ਾਨ ਅਤੇ ਗਤਕੇ ਦੇ ਜੌਹਰ :** ਨਗਰ ਕੀਰਤਨ ਦੌਰਾਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਿਸ਼ਾਨ ਸਾਹਿਬਾਨ ਦੀ ਛਤਰ-ਛਾਇਆ ਹੇਠ ਖਾਲਸਾਈ ਰੰਗਤ ਦੇਖਣਯੋਗ ਸੀ। ਗਤਕਾ ਟੀਮਾਂ ਨੇ ਸ਼ਸਤਰ ਵਿੱਦਿਆ ਦੇ ਅਦਭੁਤ ਜੌਹਰ ਦਿਖਾ ਕੇ ਸੰਗਤਾਂ ਨੂੰ ਅਸ਼-ਅਸ਼ ਕਰਨ ਲਾ ਦਿੱਤਾ। ਸ਼ਹਿਰ ਦੀਆਂ ਮੁੱਖ ਸੜਕਾਂ 'ਤੇ ਕੇਸਰੀ ਨਿਸ਼ਾਨ ਸਾਹਿਬਾਨ ਅਤੇ ਗੁਰੂ ਦੇ ਲਾਡਲੇ ਖਾਲਸੇ ਦੀ ਆਮਦ ਨੇ ਪੰਜਾਬ ਦੀ ਧਰਤੀ ਦਾ ਭੁਲੇਖਾ ਪਾ ਦਿੱਤਾ।

**ਸਮਾਪਤੀ ਅਤੇ ਸੰਦੇਸ਼ :** ਸਮੂਹ ਪ੍ਰਬੰਧਕ ਕਮੇਟੀ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖੀ ਦਾ ਅਸਲ ਪ੍ਰਚਾਰ ਗੁਰੂ ਨਾਨਕ ਸਾਹਿਬ ਦੇ ਫੁਰਮਾਨ 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' 'ਤੇ ਚੱਲ ਕੇ ਹੀ ਹੋ ਸਕਦਾ ਹੈ। ਇਹ ਸਮਾਗਮ ਸ਼ਾਂਤੀਪੂਰਵਕ ਅਤੇ ਬੇਹੱਦ ਅਨੁਸ਼ਾਸਿਤ ਤਰੀਕੇ ਨਾਲ ਸੰਪੰਨ ਹੋਇਆ, ਜਿਸ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ।
























## ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ 'ਚ ਪਹੁੰਚਣ ਦੀ ਬੇਨਤੀ



ਵਾਸ਼ਿੰਗਟਨ ਡੀਸੀ ਦੀ ਉਹ ਧਰਤੀ ਹੈ ਜਿਥੇ ਅਮਰੀਕਾ ਭਰ ਤੋਂ ਚੁਣੇ ਹੋਏ ਕਾਂਗਰਸਮੈਨ ਸੈਨੇਟਰ ਅਤੇ ਦੁਨੀਆ ਭਰ ਦੇ ਆਗੂ ਪਹੁੰਚਦੇ ਹਨ। ਇਥੇ ਦੇ ਸਿੱਖ ਪਰੇਡ ਸਿੱਖ ਹੋਂਦ ਲਈ ਅਹਿਮ ਸਥਾਨ ਰੱਖਦੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਥੇ ਪਰਿਵਾਰ ਸਮੇਤ ਪਹੁੰਚ ਕੇ ਹਰ ਸਾਲ ਹਾਜ਼ਰੀਆਂ ਭਰਿਆ ਕਰਨ। ਸਿੱਖ ਪੰਥ ਦੀ ਅਜਾਦੀ ਦਾ ਪ੍ਰਤੀਕ ਅਤੇ Washington, D.C ਤੋਂ ਕੌਮ ਦੀ ਅੰਤਰਰਾਸ਼ਟਰੀ ਅਵਾਜ਼ ਨੈਸ਼ਨਲ ਸਿੱਖ ਡੇਅ ਪਰੇਡ USA ਜੋ ਕਿ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9th ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਹੋ ਰਹੀ ਹੈ ਸਮੂਹ ਸੰਗਤਾਂ ਨੂੰ ਪ੍ਰਵਾਰ ਸਮੇਤ ਪਹੁੰਚਣ ਦੀ ਬੇਨਤੀ।

ਸ੍ਰ. ਹਿੰਮਤ ਸਿੰਘ,
ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ

## ਨੈਸ਼ਨਲ ਸਿੱਖ ਡੇਅ ਪਰੇਡ 'ਚ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਣ : ਸ੍ਰ. ਹਰਜਿੰਦਰ ਸਿੰਘ



ਸਿੱਖਾਂ ਦੀ ਆਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਜਿੰਦਰ ਸਿੰਘ, ਸਪੋਕਸਮੈਨ ਸਿੱਖ
ਕੋਆਰਡੀਨੇਸ਼ਨ ਕਮੇਟੀ ਯੂ ਐਸ ਏ

## ਵਾਸ਼ਿੰਗਟਨ ਦੀ ਨੈਸ਼ਨਲ ਸਿੱਖ ਡੇਅ ਪਰੇਡ ਸਿੱਖਾਂ 'ਚ ਅਹਿਮ ਸਥਾਨ ਰੱਖਦੀ ਹੈ : ਸ੍ਰ. ਗੁਰਦੇਵ ਸਿੰਘ ਕੰਗ



ਨਿਊਯਾਰਕ ਦੀਆਂ ਸਿੱਖ ਸੰਗਤਾਂ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਦੇਵ ਸਿੰਘ ਕੰਗ
ਹਿਊਮਨ ਰਾਇਟਸ ਕਮਿਸ਼ਨਰ
ਨਿਊਯਾਰਕ

## ਸਿੱਖਾਂ ਦਾ ਹੁਣ ਆਪਣੇ ਘਰ ਬਿਨਾਂ ਅਤੇ ਮੁਕੰਮਲ ਅਜ਼ਾਦੀ ਤੋਂ ਵਗੈਰ ਕੋਈ ਹੱਲ ਨਹੀਂ



ਵਾਸ਼ਿੰਗਟਨ ਤੋਂ ਕੌਮ ਦੀ ਅੰਤਰਾਸ਼ਟਰੀ ਆਵਾਜ਼ ਖਾਲਿਸਤਾਨ ਅਫੇਅਰ ਸੈਂਟਰ ਵਲੋਂ ਅਮਰੀਕਾ 'ਚ ਵਸਦੇ ਸਮੂਹ ਸਿੱਖਾਂ ਨੂੰ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਦੀ 42ਵੀਂ ਵਰ੍ਹੇਗੰਢ ਉਪਰ ਅਤੇ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ।

ਡਾ: ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ,
ਵਾਸ਼ਿੰਗਟਨ ਡੀ.ਸੀ.

## ਸਿੱਖ ਕਲਚਰ, ਸੁਸਾਇਟੀ ਨਿਊਯਾਰਕ ਦੇ ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਾਰਾਏ ਵਲੋਂ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬੋਪਾਰਾਏ
ਪ੍ਰਧਾਨ ਸਿੱਖ ਕਲਚਰਲ, ਰਿਚਮੰਡ ਹਿੱਲ,
ਨਿਊਯਾਰਕ

## ਡਾ. ਪ੍ਰਿਤਪਾਲ ਸਿੰਘ ਵਲੋਂ ਸਿੱਖ ਡੇਅ ਪਰੇਡ 'ਚ ਪਹੁੰਚਣ ਦਾ ਸੱਦਾ



ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਨੂੰ 42 ਸਾਲ ਹੋ ਗਏ। ਕਿਸੇ ਸਰਕਾਰ ਅਤੇ ਕਿਸੇ ਭਾਰਤੀ ਅਦਾਲਤ ਨੇ ਸਿੱਖਾਂ ਨੂੰ ਇਨਸਾਫ਼ ਨਹੀਂ ਦਿੱਤਾ। ਸਿੱਖਾਂ ਦੇ ਕਾਤਲ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ ਅਤੇ ਹੁਣ ਵਿਦੇਸ਼ਾਂ 'ਚ ਸਿੱਖਾਂ ਲਈ ਇਨਸਾਫ਼ ਮੰਗਣ ਵਾਲੇ ਆਗੂਆਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਇਤਿਹਾ ਨੂੰ ਠੱਲ੍ਹ ਪਾਉਣ ਲਈ ਪੂਰੀ ਕੌਮ ਨੂੰ ਇਕ ਝੰਡੇ ਹੇਠ ਇਕੱਠੇ ਹੋ ਕੇ ਕੌਮ ਦੀ ਮੁਕੰਮਲ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ।

ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ,
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ



ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੁਰਜੀਤ ਸਿੰਘ ਕੁਲਾਰ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਬੂਟਾ ਸਿੰਘ ਖਰੋਦ,
ਕਨਵੀਨਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ



ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਲਈ ਸਮੂਹ ਸਿੱਖ ਜਗਤ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ।

ਅਮਰੀਕਾ ਦੇ ਉਘੇ ਸਿੱਖ ਆਗੂ
ਸ੍ਰ. ਜਸਵੰਤ ਸਿੰਘ ਹੋਠੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਡਾ. ਹਰਦਮ ਸਿੰਘ ਆਜ਼ਾਦ



ਸਿੱਖਾਂ ਦਾ ਆਜ਼ਾਦੀ ਬਿਨਾਂ ਕੋਈ ਹੱਲ ਨਹੀਂ

ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਅਤੇ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦਾ ਆਪਣੇ ਘਰ ਬਿਨਾਂ ਕੋਈ ਹੱਲ ਨਹੀਂ।

ਡਾ. ਬਖਸ਼ੀਸ਼ ਸਿੰਘ ਸੰਧੂ (SFJ)
ਕੌਂਸਲ ਆਫ ਖਾਲਿਸਤਾਨ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ. ਬਲਜਿੰਦਰ ਸਿੰਘ
ਬਰਾੜ ਨਿਊਜਰਸੀ



ਸਿੱਖਾਂ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਚੱਠਾ ਵਰਜੀਨੀਆ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਵਿੰਦਰ ਸਿੰਘ ਚੱਠਾ
ਵਰਜੀਨੀਆ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਭਗਤ ਸਿੰਘ ਪੈਨਸਿਲਵੇਨੀਆ

# ਨੈਸ਼ਨਲ ਸਿਖ ਡੇਅ ਪਰੇਡ (ਯੂ.ਐਸ.ਏ.)






ਸਿੱਖਾਂ ਦੀ ਆਵਾਜ਼ ਸ੍ਰ. ਸੱਜਣ ਸਿੰਘ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੱਜਣ ਸਿੰਘ ਨਿਊਯਾਰਕ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜੋਗਾ ਸਿੰਘ ਨਿਊਜਰਸੀ



ਸਿੱਖ ਕੌਮ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਨਿਊਯਾਰਕ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਬਲਵਿੰਦਰ ਸਿੰਘ ਨਿਊਯਾਰਕ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਲੇਰ ਸਿੰਘ ਨਿਊਯਾਰਕ



ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਵਿੰਦਰ ਸਿੰਘ
ਪ੍ਰਧਾਨ ਸਿੰਘ ਸਭਾ ਗਲੈਨਰਾਕ, ਨਿਊਜਰਸੀ



ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਮੇਲ ਸਿੰਘ, ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਿੰਦਰ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੇਵਲ ਸਿੰਘ ਨਿਊਜਰਸੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਮਹਿਤਾਬ ਸਿੰਘ ਵਰਜੀਨੀਆ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਲਾਲ ਸਿੰਘ, ਪੈਨਸਿਲਵੇਨੀਆ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਟਹਿਲ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪਰਮਿੰਦਰ ਸਿੰਘ ਬਿੱਲਾ ਨਿਊਯਾਰਕ



ਸ੍ਰ. ਸਵਿੰਦਰ ਸਿੰਘ ਮੈਰੀਲੈਂਡ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਿੰਦਰ ਸਿੰਘ ਮੈਰੀਲੈਂਡ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਰਿੰਦਰ ਸਿੰਘ ਵਰਜੀਨੀਆ




ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਇੰਦਰਜੀਤ ਸਿੰਘ, ਪ੍ਰਧਾਨ
ਗੁਰਦੁਆਰਾ ਦਸਮੇਸ਼ ਦਰਬਾਰ, ਕਾਟਰੇਟ ਨਿਊਜਰਸੀ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਖਾਲਸਾ, ਨਿਊਯਾਰਕ



ਸ੍ਰ. ਰਾਜਿੰਦਰ ਸਿੰਘ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਰਾਜਿੰਦਰ ਸਿੰਘ ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਕੁਲਵੰਤ ਸਿੰਘ ਮਿਆਣੀ ਨਿਊਯਾਰਕ




## 327ਵੇਂ ਖਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

## ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਮਨਾਉਣ ਅਤੇ ਸਥਾਪਤ ਕਰਨ ਲਈ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

## 9ਵੀਂ ਨੈਸ਼ਨਲ ਸਿੱਖ ਡੇਅ (ਯੂ.ਐਸ.ਏ.)

**SIKH FREEDOM MARCH**
**Washington D.C.**

ਸ਼ਨਿਚਰਵਾਰ 4 ਅਪਰੈਲ 2026 ਨੂੰ
ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ
-20th Street & Constitution Ave ਉੱਪਰ-ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ
-ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ।
ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

# ਨਾਰੀ ਸੰਸਾਰ-ਖਾੜਕੂ ਪਹਿਰੇਦਾਰ !




ਬਚਪਨੇ ਦੇ ਸਮੇਂ ਜਿੱਥੇ ਸਾਡੇ ਪਿੰਡ ਬਾਂਦਰੀ ਵਾਲੇ ਮਦਾਰੀ ਅਤੇ ਜਾਦੂ ਦੇ ਟ੍ਰਿੱਕ ਕਰਨ ਵਾਲੇ ਪੇਂਡੂ ਲੋਕਾਂ ਦਾ ਮਨੋਰੰਜਨ ਕਰਨ ਆਉਂਦੇ ਹੁੰਦੇ ਸਨ, ਉੱਥੇ ਕਈ ਵਾਰ ਅਜਿਹੇ ਨੌਟੰਕੀ ਵਾਲੇ ਵੀ ਆਉਂਦੇ ਹੁੰਦੇ ਸਨ ਜਿਨ੍ਹਾਂ ਦੇ ਨਾਲ ਦੀ ਕੁੜੀ ਜਾਂ ਜਨਾਨੀ ਉੱਚੀ ਕਰਕੇ ਬੰਨ੍ਹੇਂ ਹੋਏ ਰੱਸੇ ਉੱਤੇ ਨੰਗੇ ਪੈਰੀਂ ਤੁਰ ਕੇ ਦਿਖਾਉਂਦੀ ਹੁੰਦੀ ਸੀ।

ਅਜਿਹੇ ਇਕ ਮੌਕੇ ਅਸੀਂ ਸਾਰੇ ਪਿੰਡ ਦੇ ਨਿਆਣੇ-ਸਿਆਣੇ ਗੁਰਦੁਆਰੇ ਮੋਹਰੇ ਖਾਲੀ ਪਏ ਤੌੜ ਵਿਚ ਘੇਰਾ ਘੱਤੀ ਬੈਠੇ ਸਾਂ। ਦਸ ਕੁ ਫੁੱਟ ਦੀ ਵਿੱਥ ਰੱਖ ਕੇ ਦੋ ਮਜ਼ਬੂਤ ਜਿਹੇ ਡੰਡੇ ਗੱਡੇ ਹੋਏ ਸਨ, ਜਿਨ੍ਹਾਂ ਨੂੰ ਬਿਜਲੀ ਦੇ ਖੰਬਿਆਂ ਦੀਆਂ ਖਿੱਚਾਂ ਵਾਂਗ ਸੁਪੋਰਟਾਂ ਦਿੱਤੀਆਂ ਹੋਈਆਂ ਸਨ। ਦਰਸ਼ਕਾਂ ਵਲੋਂ ਲਿਆਂਦਾ ਆਟਾ-ਦਾਣਾ ਪਾਉਣ ਲਈ ਆਪਣੇ ਨਾਲ ਲਿਆਂਦੇ ਥੈਲੇ ਕੋਲ ਬੈਠਾ ਤਮਾਸ਼ਾ ਕਰਨ ਵਾਲਾ ਭਾਈ ਢੋਲਕੀ ਵਜਾ ਰਿਹਾ ਸੀ। ਉਹਦੇ ਨਾਲ ਦੀ ਜਨਾਨੀ ਰੱਸੇ ਉੱਤੇ ਚੜ੍ਹੀ ਹੋਈ, ਬੈਲੈਂਸ ਬਣਾਉਣ ਵਾਸਤੇ ਦੋਹਾਂ ਹੱਥਾਂ ਵਿੱਚ ਲਾਠੀ ਫੜ ਕੇ ਕਦਮ ਕਦਮ ਤੁਰ ਰਹੀ ਸੀ।

ਸੱਜਿਉਂ ਖੱਬੇ ਅਤੇ ਖੱਬਿਉਂ ਸੱਜੇ ਨੂੰ ਬੜੀ ਸਾਵਧਾਨੀ ਨਾਲ ਉਸਨੂੰ ਰੱਸੇ ਉੱਤੇ ਤੁਰਦੀ ਦੇਖ ਕੇ ਅਸੀਂ ਹੈਰਾਨੀ ਨਾਲ ਸਾਹ ਸੂਤੀ ਖੜ੍ਹੇ ਸਾਂ। ਏਨੇ ਨੂੰ ਆਪਣੇ ਨਿੱਕੇ ਪੋਤਰੇ ਦੇ ਮਗਰ ਮਗਰ ਤੁਰਦੀ ਡੰਗੋਰੀ ਫੜੀ ਖਾੜਕੂ ਮਾਈ ਬੰਤੀ ਕੌਰ ਵੀ ਉੱਥੇ ਆ ਪਹੁੰਚੀ। ਆਉਂਦੀ ਨੇ ਪਹਿਲਾਂ ਪੁਲਸੀਆਂ ਦੀ ਤਰ੍ਹਾਂ 'ਮੌਕਾ ਦੇਖਣ ਵਾਂਗ' ਚਾਰ ਚੁਫੇਰੇ ਸਰਸਰੀ ਜਿਹੀ ਨਜ਼ਰ ਮਾਰੀ। ਫਿਰ ਇਕ ਦਮ ਹੱਥ 'ਚ ਫੜੀ ਡੰਗੋਰੀ ਨੂੰ 'ਤਾਂਹ ਨੂੰ ਉਲਾਰਦੀ ਹੋਈ ਰੱਸੇ ਉੱਤੇ ਤੁਰਦੀ ਜਨਾਨੀ ਵੱਲ ਨੂੰ ਵਧੀ-

'ਕੁੜੇ ਕੁੜੀਏ,ਉੱਤਰ ਥੱਲੇ.....! ਤੂੰ ਕਾਹਨੂੰ ਆਹ ਮੁਲਖੱਈਏ ਮੋਹਰੇ ਨੰਗੇ ਸਿਰ ਤਮਾਸ਼ਾ ਕਰਨ ਡਹੀਉਂ ਆਂ? ਆਹ ਜਿਹੜਾ ਥੇਹ ਹੋਣਾ ਹੇਠਾਂ ਬੈਠਾ ਢੋਲਕੀ ਦੀ 'ਢਿੱਪ-ਢਿੱਪ' ਕਰੀ ਜਾਂਦਾ ਐ, ਚੜ੍ਹਾ ਇਹਨੂੰ ਰੱਸੇ ਉੱਪਰ ਨਿਖ ਸਮੇਂ ਨੂੰ.......!'

ਦਰਸ਼ਕਾਂ 'ਚ ਹਾਸਾ ਮਚ ਗਿਆ ਪਰ ਮਾਈ ਉਵੇਂ ਰੋਹਬ ਨਾਲ ਡੰਗੋਰੀ ਉਲਾਰਦੀ ਹੋਈ ਫਿਰ ਢੋਲਕੀ ਵਜਾਉਂਦੇ ਭਾਈ ਵੱਲ ਨੂੰ ਵਧੀ-

'ਵੇਹ ਮੁਜ਼ੂਆ ਜਿਹਾ, ਤੈਨੂੰ ਭੋਰਾ ਸ਼ਰਮ ਨੀਂ ਆਉਂਦੀ ਪਿੰਡ ਪਿੰਡ ਤੀਵੀਂ ਨਚਾਉਂਦੇ ਫਿਰਦੇ ਨੂੰ? ਆਪਣੀ 'ਲਗਦੀ' ਨੂੰ ਉਤਾਰ ਹੇਠਾਂ ਤੇ ਤੂੰ ਚੜ੍ਹ ਰੱਸੇ ਉੱਪਰ......ਟੱਪ ਜ਼ਰਾ ਰੱਸੇ ਉੱਤੇ.... ਪਤਾ ਲੱਗੇ ਤੈਨੂੰ ਕਿ ਉਹ ਵਿਚਾਰੀ ਕਿੰਨੀਂ ਔਖੀ ਹੋ ਕੇ ਤੁਰਦੀ ਆ......ਜਾਨ ਜੋਖੋਂ 'ਚ ਪਾ ਕੇ!'

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com



ਢੋਲਕੀ ਵੱਜਣੀ ਬੰਦ ਹੋ ਗਈ ਤਮਾਸ਼ਾ ਰੁਕ ਗਿਆ! ਰੱਸੇ ਉੱਤੋਂ ਛੜੱਪਾ ਮਾਰ ਕੇ ਜਨਾਨੀ ਹੇਠਾਂ ਉੱਤਰ ਆਈ।ਉਸਨੂੰ ਇਕ ਪਾਸੇ ਬੈਠੇ ਆਪਣੇ ਨਿਆਣੇ ਦਾ ਸਿਰ ਪਲੋਸਦੀ ਦੇਖ ਕੇ ਮਾਈ ਦਾ ਗੁੱਸਾ ਫੇਰ ਸੱਤਵੇਂ ਅਸਮਾਨ 'ਤੇ ਜਾ ਚੜਿਆ! ਢੋਲਕੀ ਵਾਲੇ ਵੱਲ ਫਿਰ ਬਿੱਫਰ ਕੇ ਪੈ ਗਈ-

"ਦਾਦੇ ਮਗੌਣਿਆਂ ਨਾਲੇ ਇਹ ਤੇਰੇ ਨਿਆਣੇ ਜੰਮੇਂ.. ਨਾਲੇ ਤੇਰੇ ਲਈ ਕਮਾਈ ਕਰੇ? ਹੈਂਸਹਾਰਿਆ ਸ਼ਰਮ ਨੂੰ ਹੱਥ ਮਾਰ ਜ਼ਰਾ? ਖਬਰਦਾਰ ਜੇ ਇਹਨੂੰ ਕਦੇ ਮੁੜਕੇ ਏਦਾਂ ਰੱਸੇ 'ਤੇ ਚੜ੍ਹਾਇਆ?

# ਫਰੀਦਕੋਟ 'ਚ ਕਰਜ਼ੇ ਦੇ ਬੋਝ ਹੇਠ ਦਬੇ ਦੋ ਸਕੇ ਭਰਾਵਾਂ ਨੇ ਕੀਤੀ ਖੁਦਕੁਸ਼ੀ

## ਪਿੰਡ ਹਰੀਨੌਂ ਦੇ ਕਿਸਾਨਾਂ 'ਤੇ ਸੀ 50 ਲੱਖ ਰੁਪਏ ਦਾ ਕਰਜ਼ਾ

ਕੋਟਕਪੂਰਾ : ਫ਼ਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਨੇੜੇ ਸਥਿਤ ਪਿੰਡ ਢਾਬ ਬ੍ਰਾਹਮਣ ਵਾਲਾ ਦੇ ਨੇੜੇ ਕਰਜ਼ੇ ਤੋਂ ਪ੍ਰੇਸ਼ਾਨ ਦੋ ਸਕੇ ਕਿਸਾਨ ਭਰਾਵਾਂ ਵੱਲੋਂ ਰੇਲ ਗੱਡੀ ਅੱਗੇ ਕੁੱਦ ਕੇ ਆਤਮਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ । ਸੂਚਨਾ ਮਿਲਦੇ ਹੀ ਰੇਲਵੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਲਾਸ਼ਾਂ ਨੂੰ ਕਬਜ਼ੇ ਵਿੱਚ ਲਿਆ ਅਤੇ ਪੋਸਟਮਾਰਟਮ ਲਈ ਫ਼ਰੀਦਕੋਟ ਦੇ ਮੈਡੀਕਲ ਕਾਲਜ ਹਸਪਤਾਲ ਭੇਜ ਦਿੱਤਾ ਹੈ । ਪੁਲਿਸ ਵੱਲੋਂ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਮ੍ਰਿਤਕਾਂ ਦੀ ਪਛਾਣ ਪਿੰਡ ਹਰੀਨੌਂ ਵਾਸੀ ਜਸਕਰਨ ਸਿੰਘ ਅਤੇ ਉਨ੍ਹਾਂ ਦੇ ਛੋਟੇ ਭਰਾ ਜਸਵਿੰਦਰ ਸਿੰਘ ਉਰਫ਼ ਜੋਰਾ ਸਿੰਘ ਵਜੋਂ ਹੋਈ ਹੈ । ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕਰਜ਼ੇ ਦੇ ਭਾਰੀ ਬੋਝ ਕਾਰਨ ਉਨ੍ਹਾਂ ਨੇ ਇਹ ਖੌਫਨਾਕ ਕਦਮ ਚੁੱਕਿਆ। ਦੋਵੇਂ ਮ੍ਰਿਤਕ ਆਪਣੇ ਪਿੱਛੇ ਆਪਣੀਆਂ ਪਤਨੀਆਂ ਤੋਂ ਇਲਾਵਾ ਇੱਕ-ਇੱਕ ਛੋਟੀ ਧੀ ਛੱਡ ਗਏ ਹਨ।

ਪਰਿਵਾਰ ਅਨੁਸਾਰ ਉਨ੍ਹਾਂ ਨੇ ਲਗਭਗ 25 ਲੱਖ ਰੁਪਏ ਦਾ ਕਰਜ਼ਾ ਲਿਆ ਹੋਇਆ ਸੀ, ਜੋ ਵਿਆਜ ਨਾਲ ਵਧ ਕੇ ਕਰੀਬ 50 ਲੱਖ ਰੁਪਏ ਤੱਕ ਪਹੁੰਚ ਗਿਆ ਸੀ । ਤਿੰਨ ਮਹੀਨੇ ਪਹਿਲਾਂ ਉਨ੍ਹਾਂ ਨੇ ਆਪਣੀ ਕੁਝ ਜ਼ਮੀਨ ਵੇਚ ਕੇ ਕਰਜ਼ੇ ਦਾ ਇੱਕ ਹਿੱਸਾ ਚੁਕਾਇਆ ਸੀ, ਪਰ ਇਸ ਦੇ ਬਾਵਜੂਦ ਵਿੱਤੀ ਹਾਲਤ ਸੁਧਰ ਨਹੀਂ ਸਕੀ।



ਲਗਭਗ ਨੌਂ ਮਹੀਨੇ ਪਹਿਲਾਂ ਦੋਵਾਂ ਭਰਾਵਾਂ ਨੇ ਇੱਕ ਟਰੈਕਟਰ ਖਰੀਦਿਆ ਸੀ, ਜਿਸ ਦੀਆਂ ਕਿਸ਼ਤਾਂ ਚੁਕਾਉਣ ਵਿੱਚ ਵੀ ਉਨ੍ਹਾਂ ਨੂੰ ਮੁਸ਼ਕਲ ਆ ਰਹੀ ਸੀ। ਇਸੇ ਵਿਚਕਾਰ ਆਲੂ ਦੀ ਫਸਲ ਖਰਾਬ ਹੋ ਗਈ, ਜਿਸ ਨਾਲ ਉਨ੍ਹਾਂ ਦੀ ਆਮਦਨ 'ਤੇ ਡੂੰਘਾ ਅਸਰ ਪਿਆ। ਬੈਂਕ ਵੱਲੋਂ ਵਾਰ-ਵਾਰ ਕਿਸ਼ਤ ਜਮ ?ਹਾਂ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਸੀ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਕਾਫੀ ਪ੍ਰੇਸ਼ਾਨ ਹੋ ਗਏ ਸਨ।

ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਦੋਵੇਂ ਭਰਾ ਆਪਸ ਵਿੱਚ ਬਹੁਤ ਪਿਆਰ ਨਾਲ ਰਹਿੰਦੇ ਸਨ ਅਤੇ ਖੇਤੀ ਦਾ ਕੰਮ ਮਿਲ ਕੇ ਕਰਦੇ ਸਨ। ਘਟਨਾ ਵਾਲੇ ਦਿਨ ਉਹ ਇੱਕ ਹੀ ਦੋਪਹੀਆ ਵਾਹਨ 'ਤੇ ਸਵਾਰ ਹੋ ਕੇ ਰੇਲਵੇ ਲਾਈਨ ਤੱਕ ਪਹੁੰਚੇ ਅਤੇ ਇੱਕ-ਦੂਜੇ ਦਾ ਹੱਥ ਫੜ੍ਹ ਕੇ ਟਰੇਨ ਅੱਗੇ ਕੁੱਦ ਗਏ ।

# ਵਿਧਾਇਕ ਹਰਮੀਤ ਪਠਾਣਮਾਜਰਾ ਨੂੰ ਭੇਜਿਆ ਪੁਲਿਸ ਰਿਮਾਂਡ 'ਤੇ

## ਪੰਜਾਬ ਪੁਲਿਸ ਦੀ ਵੱਡੀ ਕਾਰਵਾਈ; ਦੋ ਦਿਨਾਂ 'ਚ ਦੂਜਾ ਵਿਧਾਇਕ ਚੜ੍ਹਿਆ ਪੁਲਿਸ ਅੜਿੱਕੇ

ਚੰਡੀਗੜ੍ਹ : ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਭੂਚਾਲ ਆ ਗਿਆ ਜਦੋਂ ਪਿਛਲੇ ਛੇ ਮਹੀਨਿਆਂ ਤੋਂ ਪੁਲੀਸ ਨੂੰ ਚਕਮਾ ਦੇ ਰਹੇ ਜ਼ਬਰ-ਜਨਾਹ ਦੇ ਮੁਲਜ਼ਮ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਆਖਰਕਾਰ ਪਟਿਆਲਾ ਪੁਲੀਸ ਨੇ ਦਬੋਚ ਲਿਆ। ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਪਠਾਣਮਾਜਰਾ 'ਤੇ ਜ਼ਬਰ-ਜਨਾਹ, ਧੋਖਾਧੜੀ ਅਤੇ ਡਰਾਉਣ-ਧਮਕਾਉਣ ਵਰਗੇ ਗੰਭੀਰ ਇਲਜ਼ਾਮ ਹਨ।

ਗ੍ਰਿਫ਼ਤਾਰੀ ਤੋਂ ਬਾਅਦ ਅੱਜ ਹਰਮੀਤ ਸਿੰਘ ਪਠਾਣਮਾਜਰਾ ਨੂੰ ਅਦਾਲਤ ਵੱਲੋਂ ਪੰਜ ਦਿਨਾਂ ਲਈ ਪੁਲੀਸ ਰਿਮਾਂਡ 'ਤੇ ਭੇਜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 2 ਸਤੰਬਰ ਤੋਂ ਫਰਾਰ ਚੱਲ ਰਹੇ ਇਸ ਵਿਧਾਇਕ ਖਿਲਾਫ ਲੁੱਕ-ਆਊਟ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ, ਕਾਨੂੰਨ ਤੋਂ ਬਚਣ ਦੀ ਹਰ ਕੋਸ਼ਿਸ਼ ਹੁਣ ਨਾਕਾਮ ਸਾਬਤ ਹੋਈ ਹੈ ਅਤੇ ਮੁਲਜ਼ਮ ਨੂੰ ਜਲਦ ਹੀ ਅਦਾਲਤ ਵਿੱਚ ਪੇਸ਼ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਇਹ ਗ੍ਰਿਫ਼ਤਾਰੀ ਪੰਜਾਬ ਪੁਲੀਸ ਲਈ ਇੱਕ ਵੱਡੀ ਸਫਲਤਾ ਮੰਨੀ ਜਾ ਰਹੀ ਹੈ, ਕਿਉਂਕਿ ਪਿਛਲੇ 48 ਘੰਟਿਆਂ ਅੰਦਰ ਜੇਲ੍ਹ ਜਾਣ ਵਾਲੇ ਇਹ ਦੂਜੇ ਵਿਧਾਇਕ ਹਨ। ਇਸ ਤੋਂ ਪਹਿਲਾਂ ਸੋਮਵਾਰ ਨੂੰ ਸਾਬਕਾ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।



ਲਗਾਤਾਰ ਹੋ ਰਹੀਆਂ ਇਹਨਾਂ ਗ੍ਰਿਫ਼ਤਾਰੀਆਂ ਨੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਤੇਜ਼ ਕਰ ਦਿੱਤੀ ਹੈ। ਪੁਲੀਸ ਦਾ ਕਹਿਣਾ ਹੈ ਕਿ ਇਹ ਕਾਰਵਾਈ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਦਿਸ਼ਾ ਵਿੱਚ ਇੱਕ ਮਜ਼ਬੂਤ ਕਦਮ ਹੈ ਅਤੇ ਇਹ ਸਪੱਸ਼ਟ ਸੁਨੇਹਾ ਹੈ ਕਿ ਕਾਨੂੰਨ ਦੇ ਲੰਬੇ ਹੱਥਾਂ ਤੋਂ ਕੋਈ ਵੀ ਬਚ ਨਹੀਂ ਸਕਦਾ, ਚਾਹੇ ਉਹ ਕਿੰਨੇ ਵੀ ਉੱਚੇ ਅਹੁਦੇ 'ਤੇ ਕਿਉਂ ਨਾ ਹੋਵੇ।

ਸੂਤਰਾਂ ਮੁਤਾਬਕ ਪਟਿਆਲਾ ਪੁਲੀਸ ਨੇ ਇੱਕ ਬੇਹੱਦ ਰੋਮਾਂਚਕ ਅਤੇ ਗੁਪਤ ਅਪਰੇਸ਼ਨ ਰਾਹੀਂ ਹਰਮੀਤ ਪਠਾਣਮਾਜਰਾ ਨੂੰ ਪਟਿਆਲਾ ਨੇੜਿਓਂ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਅਤੇ ਲੁਕਆਉਟ ਨੋਟਿਸ ਜਾਰੀ ਹੋਣ ਕਰਕੇ ਉਹ ਵਾਇਆ ਨੇਪਾਲ ਤੋਂ ਭਾਰਤ ਦਾਖ਼ਲ ਹੋਇਆ। ਸੂਤਰਾਂ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਉਸਨੇ ਖ਼ੁਦ ਆਪਣੀ ਗ੍ਰਿਫ਼ਤਾਰੀ ਦੀ ਪੇਸ਼ਕਸ਼ ਕੀਤੀ।

ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਐਸ.ਪੀ. ਵੈਭਵ ਚੌਧਰੀ ਦੀ ਅਗਵਾਈ ਹੇਠ ਪਿਛਲੇ 48 ਘੰਟਿਆਂ ਤੋਂ ਚੱਲੀ ਇੱਕ ਸਟੀਕ ਯੋਜਨਾਬੰਦੀ ਨੇ ਇਸ ਗ੍ਰਿਫਤਾਰੀ ਨੂੰ ਸੰਭਵ ਬਣਾਇਆ। ਹਾਲਾਂਕਿ ਪਠਾਣਮਾਜਰਾ ਦੀ ਭਾਲ ਵਿੱਚ ਪੁਲੀਸ ਦੀਆਂ 6 ਟੀਮਾਂ ਦੇਸ਼ ਦੇ 7 ਸੂਬਿਆਂ ਵਿੱਚ ਛਾਪੇਮਾਰੀ ਕਰ ਰਹੀਆਂ ਸਨ, ਪਰ ਉਹ ਲਗਾਤਾਰ ਪੁਲੀਸ ਨੂੰ ਚਕਮਾ ਦੇ ਰਿਹਾ ਸੀ। ਆਮ ਆਦਮੀ ਪਾਰਟੀ ਦੇ ਸੀਨੀਅਰ ਦਿੱਲੀ ਆਗੂਆਂ ਖ਼ ?ਲਾਫ਼ ਦਿੱਤੇ ਬਿਆਨਾਂ ਤੋਂ ਬਾਅਦ ਉਸ ਦੀ ਗ੍ਰਿਫ਼ਤਾਰੀ ਪੰਜਾਬ ਪੁਲੀਸ ਲਈ ਇੱਕ ਵੱਡੀ ਚੁਣੌਤੀ ਬਣੀ ਹੋਈ ਸੀ।

# ਇਨਕਲਾਬ ਦੇ ਨਾਹਰਿਆਂ 'ਚ ਗੂੰਜਿਆ ਸ਼ਹਿਰ ਟਾਂਡਾ

## ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਉਹਨਾਂ ਦੀ ਸੋਚ ਤੇ ਪਹਿਰਾ ਦੇਣਾ : ਮਾਰਸ਼ਲ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : 'ਲੋਕ ਇਨਕਲਾਬ ਮੰਚ ਪੰਜਾਬ' ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨੂੰ ਸਮਰਪਿਤ 'ਇਨਕਲਾਬੀ ਮੈਰਥਨ ਦੌੜ' ਦਾ ਅਯੋਜਨ ਕੀਤਾ ਗਿਆ।ਸਥਨਿਕ ਸ਼ਹਿਰ ਦੀ ਸੜਕਾਂ ਤੇ ਉਤਰੇ ਵੱਡੀ ਗਿਣਤੀ ਬੱਚਿਆਂ, ਔਰਤਾਂ ਅਤੇ ਮਰਦਾ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਤਸਵੀਰ ਵਾਲੀਆਂ ਟੀ ਸ਼ਰਟਾਂ ਪਹਿਨ ਕੇ ਇਨਕਲਾਨ ਦਾ ਹੋਕਾ ਦਿੱਤਾ। ਇਸ ਮੈਰਾਥਨ ਦੌੜ ਦੀ ਅਗਵਾਈ ਹਰਦੀਪ ਖੁੱਡਾ, ਰਜਿੰਦਰ ਮਾਰਸ਼ਲ, ਮਾਸਟਰ ਰਮੇਸ਼ ਡਿਪਟੀ, ਸੁਖਵਿੰਦਰ ਸਿੰਘ ਅਰੋੜਾ ਵਲੋਂ ਕੀਤੀ ਗਈ। ਇਹ ਦੌੜ ਸਥਾਨਿਕ ਸ਼ਿਮਲਾ ਪਹਾੜੀ ਤੋਂ ਸ਼ੁਰੂ ਹੋਈ ਜੋ ਸ਼ਹੀਦ ਚੌਕ ਵਿਖੇ ਸਮਾਪਤ ਹੋਈ। ਇਸ ਦੌੜ ਨੂੰ ਉੱਘੇ ਪੱਤਰਕਾਰ ਪਰਮਵੀਰ ਬਾਠ ਅਤੇ ਪ੍ਰੋ. ਗੁਰਪਾਲ ਜੌੜਾ ਵਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦੇ ਹੋਏ ਪਰਮਵੀਰ ਸਿੰਘ ਬਾਠ ਨੇ ਕਿਹਾ ਕਿ ਜੇਕਰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦਾ ਸਮਾਜ ਸਿਰਜਨਾ ਹੈ ਤਾਂ ਨੌਜਵਾਨ ਪੀੜੀ ਨੂੰ ਉਹਨਾ ਦੇ ਅਮੀਰ ਵਿਰਸੇ ਅਤੇ ਇਤਿਹਾਸ ਦਾ ਸਹੀ ਗਿਆਨ ਦੇਣਾ ਪਵੇਗਾ। ਲੋਕ ਇਨਕਲਾਬ ਮੰਚ ਦੇ ਸਰਪ੍ਰਸਤ ਹਰਦੀਪ ਖੁੱਡਾ, ਕਿਸਾਨ ਮਜਦੂਰ ਸੰਘਰਸ਼ ਕਮੇਟੀ ਦੇ ਸੂਬਾ ਕਮੇਟੀ ਮੈਂਬਰ ਪਰਮਜੀਤ ਸਿੰਘ ਭੁੱਲਾ, ਦੋਆਬਾ ਕਿਸਾਨ ਕਮੇਟੀ ਦੇ ਸਕੱਤਰ ਸਤਪਾਲ ਸਿੰਘ ਮਿਰਜਾਪੁਰ, ਆਪਣੇ ਸੰਬੋਧਨ ਵਿੱਚ ਜਿੱਥੇ ਸ਼ਹੀਦਾਂ ਨੂੰ ਸ਼ਰਧਾਜਲੀ ਦਿੱਤੀ ਉੱਥੇ ਸਮੇਂ ਦੀਆਂ ਸਰਕਾਰਾਂ ਦੀ ਲੋਕ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਚ ਨਿਖੇਧੀ ਕੀਤੀ। ਇਸ 'ਇਨਕਲਾਬੀ ਮੈਰਥਨ ਦੌੜ' ਦੇ ਸ਼ੁਰੂਆਤੀ ਪ੍ਰੋਗਰਾਮ ਮੌਕੇ ਇਲਾਕੇ ਦੇ ਅਨੇਕਾਂ ਸਕੂਲੀ ਵਿਦਿਆਰਥੀਆਂ ਵਲੋਂ ਇਨਕਲਾਬੀ ਗੀਤ ਸੰਗੀਤ ਅਤੇ ਹੋਰ ਕਲਾਵਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਦੌੜ ਦੀ ਖਾਸੀਅਤ ਇਹ ਵੀ ਸੀ ਕਿ ਇਸ ਵਿੱਚ ਪੰਜ ਸਾਲ ਦੇ ਬੱਚੇ ਤੋਂ ਲੈ ਕੇ 90 ਸਾਲ ਤੱਕ ਦੇ ਬਜੁਰਗਾਂ ਨੇ ਭਾਗ ਲਿਆ। ਇਸ ਮੌਕੇ ਲਗਾਏ ਗਏ ਕਿਤਾਬਾਂ ਦੇ ਸਟਾਲ ਵਿੱਚ ਵਿਦਿਆਰਥੀਆਂ ਨੂੰ ਵੱਡੀ ਗਿਣਤੀ ਵਿੱਚ ਰੁੱਚੀ ਦਿਖਾਈ।




ਇਸ ਮੈਰਾਥਨ ਦੌੜ ਦੇ ਪ੍ਰਬੰਧਕੀ ਕਾਰਜਾਂ ਨੂੰ ਨੇਪਰੇ ਚਾੜਣ ਵਿੱਚ ਰਜਿੰਦਰ ਸਿੰਘ ਮਾਰਸ਼ਲ, ਸੁਖਵਿੰਦਰ ਸਿੰਘ ਅਰੋੜਾ, ਰਮੇਸ਼ ਡਿਪਟੀ, ਪ੍ਰੋ. ਨਵਦੀਪ ਸਿੰਘ, ਡਾ. ਅਮੋਲਕ ਸਿੰਘ, ਮਾਸਟਰ ਮਨਜੀਤ ਖੁਣਖੁਣ, ਵਰਿੰਦਰ ਸ਼ਹਿਬਾਜਪੁਰ, ਸੁਖਦੇਵ ਰਾਜ ਮਿਆਣੀ, ਰਮਨ ਕੁਮਾਰ ਜਾਜਾ, ਪ੍ਰਦੀਪ ਸਿੰਘ ਮੂਨਕ, ਰਜਿੰਦਰ ਹੁਸ਼ਿਆਰਪੁਰ, ਗੁਰਮੁੱਖ ਸਿੰਘ ਮਸੀਤੀ ਕਮਲਦੀਪ ਸਿੰਘ ਧੁੱਗਾ, ਸੁਰਿੰਦਰ ਉੱਪਲ, ਰਾਮ ਲੁਭਾਇਆ, ਸੁਰਿੰਦਰ ਗੁਰਾਇਆ, ਹਰਪ੍ਰੀਤ ਲੱਕੀ, ਸੋਨੂੰ ਮਾਰਸ਼ਲ , ਹਰਜੀਤ ਜੋੜਾ , ਵਿਜੇ ਪਚਰੰਗਾ ਆਦਿ ਨੇ ਵੱਡਾ ਯੋਗਦਾਨ ਪਾਇਆ।

ਇਸ ਦੌੜ ਵਿੱਚ ਤਕਰਸ਼ੀਲ ਸੁਸਾਇਟੀ ਪੰਜਾਬ (ਰਜਿ.), ਦੋਆਬਾ ਕਿਸਾਨ ਕਮੇਟੀ ਪੰਜਾਬ, ਕਿਸਾਨ ਮਜਦੂਰ ਸੰਘਰਸ਼ ਕਮੇਟੀ, ਸਹਾਰਾ ਵੈਲਫੇਅਰ ਕਲੱਬ ਉੜਮਾੜਾ, ਗੌਰਮਿੰਟ ਟੀਚਰ ਯੁਨੀਅਨ, ਸਰਬੱਤ ਦਾ ਭਲਾ ਸੇਵਾ ਸੁਸਾਇਟੀ, ਸ਼੍ਰੀ ਗੁਰੂ ਅਮਰਦਾਸ ਸੇਵਾ ਸੁਸਾਇਟੀ, ਪੰਜਾਬ ਨਿਰਮਾਣ ਮਜਦੂਰ ਯੂਨੀਅਨ, ਲਾਇਨਜ਼ ਕਲੱਬ ਟਾਂਡਾ, ਨੌਜਵਾਨ ਸਭਾ ਉਹੜਪੁਰ, ਸਾਂਝੀ ਸੇਵਾ ਸੁਸਾਇਟੀ, ਪੱਤਰਕਾਰ ਮੰਚ ਟਾਂਡਾ, ਦੀ ਯੂਨੀਆਨ ਆਫ ਜਰਨਲਿਸਟ, ਲਾਈਨਸ ਕਲੱਬ ਫਤਿਹ, ਲਾਇੰਸ ਕਲੱਬ ਗੌਰਵ ਟਾਂਡਾ ਦੇ ਕਾਰਕੁਨਾ ਨੇ ਵੱਡੀ ਗਿਣਤੀ 'ਚ ਭਾਗ ਲਿਆ।

ਇਲਾਕੇ ਦੀਆਂ ਨਾਮੀ ਵਿੱਦਿਅਕ ਸੰਸਥਵਾਂ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ, ਇਨੋਵੇਟਿਵ ਯੂਨੀਅਨ ਸਕੂਲ ਉੜਮੁੜ, ਲਿਟਲ ਕਿੰਗਡਮ ਸਕੂਲ, ਸਰ ਮਾਰਸ਼ਲ ਸਕੂਲ ਬੈਂਸ ਅਵਾਨ, ਮਾਤਾ ਸਾਹਿਬ ਕੌਰ ਡੇ-ਬੋਰਡਿੰਗ ਸਕੂਲ, ਕੋਟਲੀ, ਅਰਥ ਕੈਬਰਰਿੰਜ ਸਕੂਲ, ਸਿਲਵਰ ਓਕ ਇੰਟਰਨੈਸ਼ਨਲ ਸਕੂਲ, ਪ੍ਰੋਫੈਸਰ ਅਕੈਡਮੀ ਟਾਂਡਾ, ਆਦਿ ਦੇ ਵਿ ?ਦਆਰਥੀ ਅਤੇ ਸਟਾਫ ਇਸ ਇਨਕਲਾਬੀ ਦੌੜ ਦਾ ਹਿੱਸਾ ਬਣੇ।

ਇਸ ਪ੍ਰੋਗਾਰਮ ਵਿੱਚ ਹਰਮੀਤ ਸਿੰਘ ਔਲਖ, ਡਾਕਟਰ ਭੁਪਿੰਦਰ ਸਿੰਘ ਵੱਸਣ, ਸ਼ਿਵ ਰਾਜ ਰੇਖੀ, ਜਥੇਦਾਰ ਦਵਿੰਦਰ ਸਿੰਘ ਮੂਨਕ, ਡਾ. ਕੇਵਲ ਸਿੰਘ, ਕੋਚ ਕੁਲਵੰਤ ਸਿੰਘ, ਕੋਚ ਦੀਪਕ ਸੋਧੀ, ਗਗਨ ਵੈਦ, ਲੈਕਚਰਾਰ ਅਮਰ ਸਿੰਘ, ਕਮਾਰੇਡ ਸ਼ਿਵ ਕੁਮਾਰ, ਮਾਸਟਰ ਲੱਖਜੀਤ ਸਿੰਘ, ਹੈਡ ਮਾਸਟਰ ਸੰਤੋਖ ਸਿੰਘ, ਤਰਲੋਚਨ ਬਿੱਟੂ, ਜਸਵਿੰਦਰ ਰਲਣ, ਸਰਪੰਚ ਗੁਰਪ੍ਰੀਤ ਤੱਲਾ, ਪਰਮਾਨੰਦ ਦਵੇਦੀ, ਵਰਿੰਦਰ ਨਮਾਣਾ, ਸੰਦੀਪ ਸੀਕਰੀ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।


# ਸੋਨੇ ਦੇ ਸਿੱਕੇ 'ਤੇ ਛਪੇਗੀ ਟਰੰਪ ਦੀ ਤਸਵੀਰ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਇਕ ਵਿਸ਼ੇਸ਼ ਸੋਨੇ ਦਾ ਸਿੱਕਾ ਜਾਰੀ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਜਿਸ 'ਚ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਤਸਵੀਰ ਉੱਕਰੀ ਹੋਵੇਗੀ। ਇਸ ਪ੍ਰਸਤਾਵਿਤ 24-ਕੈਰੇਟ ਸੋਨੇ ਦੇ ਸਿੱਕੇ ਵਿਚ ਟਰੰਪ ਨੂੰ 'ਰੈਜ਼ੋਲਿਊਟ ਡੈਸਕ' 'ਤੇ ਝੁਕਦੇ ਹੋਏ ਦਿਖਾਇਆ ਗਿਆ ਹੈ। 4 ਜੁਲਾਈ, 1776 ਨੂੰ 13 ਅਮਰੀਕੀ ਕਲੋਨੀਆਂ ਨੇ ਗ੍ਰੇਟ ਬ੍ਰਿਟੇਨ ਤੋਂ ਆਪਣੀ ਆਜ਼ਾਦੀ ਦਾ ਐਲਾਨ ਕੀਤਾ ਸੀ। ਇਸ ਕਾਰਨ ਕਰਕੇ 4 ਜੁਲਾਈ ਨੂੰ ਅਮਰੀਕਾ 'ਚ ਹਰ ਸਾਲ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਤੇ ਆਤਿਸ਼ਬਾਜ਼ੀ, ਪਰੇਡ ਤੇ ਜਸ਼ਨ ਹੁੰਦੇ ਹਨ। ਜ਼ਿਕਰਯੋਗ ਹੈ ਇਸ ਤੋਂ ਪਹਿਲਾਂ, 1926 'ਚ ਅਮਰੀਕੀ ਆਜ਼ਾਦੀ ਦੀ 150ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਕੈਲਵਿਨ ਕੂਲਿਜ ਨੂੰ ਜਾਰਜ ਵਾਸ਼ਿੰਗਟਨ ਦੇ ਨਾਲ ਦਿਖਾਇਆ ਗਿਆ ਸੀ। ਹਾਲਾਂਕਿ, ਅਮਰੀਕੀ ਕਾਨੂੰਨ ਆਮ ਤੌਰ 'ਤੇ ਮੁਦਰਾ 'ਤੇ ਇਕ ਜੀਵਤ ਰਾਸ਼ਟਰਪਤੀ ਦੇ ਚਿੱਤਰਣ ਦੀ ਮਨਾਹੀ ਕਰਦਾ ਹੈ।



# ਭਾਰਤ ਅਤੇ ਯੂ.ਕੇ. ਦੇ ਹਵਾਈ ਸੈਨਾ ਮੁਖੀਆਂ ਨੇ ਪਰਿਵਾਰਾਂ ਸਮੇਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਟੇਕਿਆ ਮੱਥਾ

## ਸ੍ਰੀ ਹਰਿਮੰਦਰ ਸਾਹਿਬ ਦੀ ਫੇਰੀ ਮੇਰੀ ਜ਼ਿੰਦਗੀ ਦਾ ਸਭ ਤੋਂ ਯਾਦਗਾਰੀ ਅਨੁਭਵ: ਏਅਰ ਚੀਫ ਮਾਰਸ਼ਲ ਹਾਰਵੇ ਸਮਿਥ







ਅੰਮ੍ਰਿਤਸਰ: ਅੱਜ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਅਮਰਪ੍ਰੀਤ ਸਿੰਘ ਅਤੇ ਯੂਨਾਈਟਿਡ ਕਿੰਗਡਮ (UK) ਦੇ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਹਾਰਵੇ ਸਮਿਥ ਨੇ ਆਪਣੇ ਪਰਿਵਾਰਾਂ ਸਮੇਤ ਨਤਮਸਤਕ ਹੋ ਕੇ ਆਸ਼ੀਰਵਾਦ ਲਿਆ। ਇਸ ਮੌਕੇ ਦੋਵਾਂ ਦੇਸ਼ਾਂ ਦੇ ਉੱਚ ਅਧਿਕਾਰੀਆਂ ਦੀ ਆਮਦ ਨੂੰ ਲੈ ਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।

ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਵੱਲੋਂ ਦੋਵਾਂ ਹਵਾਈ ਸੈਨਾ ਮੁਖੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ, ਦਰਸ਼ਨੀ ਡਿਉਢੀ ਅਤੇ ਸਿੱਖ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਦਰਸ਼ਨਾਂ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਦੋਵਾਂ ਅਧਿਕਾਰੀਆਂ ਨੂੰ ਸੂਚਨਾ ਕੇਂਦਰ ਵਿਖੇ ਸਨਮਾਨਿਤ ਚਿੰਨ੍ਹ ਅਤੇ ਧਾਰਮਿਕ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ।

ਮੀਡੀਆ ਨਾਲ ਗੱਲਬਾਤ ਕਰਦਿਆਂ ਯੂਕੇ ਦੇ ਏਅਰ ਚੀਫ ਮਾਰਸ਼ਲ ਹਾਰਵੇ ਸਮਿਥ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ, 'ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਸ਼ਾਨਦਾਰ ਅਤੇ ਅਭੁੱਲ ਅਨੁਭਵਾਂ ਵਿੱਚੋਂ ਇੱਕ ਰਿਹਾ ਹੈ। ਮੈਂ ਇੱਥੋਂ ਮਿਲੇ ਸਨਮਾਨ ਲਈ ਟੀਮ ਦਾ ਬਹੁਤ ਧੰਨਵਾਦੀ ਹਾਂ।' ਉਨ੍ਹਾਂ ਅੱਗੇ ਕਿਹਾ ਕਿ ਇਹ ਉਨ੍ਹਾਂ ਦੀ ਭਾਰਤ ਦੀ ਪਹਿਲੀ ਫੇਰੀ ਹੈ ਅਤੇ ਭਾਰਤੀ ਹਵਾਈ ਸੈਨਾ ਦੇ ਮੁਖੀ ਅਮਰਪ੍ਰੀਤ ਸਿੰਘ ਨਾਲ ਇੱਥੇ ਆਉਣਾ ਦੋਵਾਂ ਦੇਸ਼ਾਂ ਦੀ ਡੂੰਘੀ ਦੋਸਤੀ ਅਤੇ ਸਾਂਝੇਦਾਰੀ ਦਾ ਪ੍ਰਤੀਕ ਹੈ।

ਹਾਰਵੇ ਸਮਿਥ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਵਿੱਚ ਸਾਡੇ ਵਿਚਕਾਰ ਇੱਕ ਮਜ਼ਬੂਤ ਦੋਸਤੀ ਦਾ ਰਿਸ਼ਤਾ ਬਣਿਆ ਹੈ, ਜਿਸ ਨੂੰ ਉਹ ਭਵਿੱਖ ਵਿੱਚ ਵੀ ਜਾਰੀ ਰੱਖਣ ਦੀ ਉਮੀਦ ਰੱਖਦੇ ਹਨ। ਉਨ੍ਹਾਂ ਨੇ ਦੁਬਾਰਾ ਸ੍ਰੀ ਹਰਿਮੰਦਰ ਸਾਹਿਬ ਆਉਣ ਦੀ ਇੱਛਾ ਜ਼ਾਹਿਰ ਕਰਦਿਆਂ ਕਿਹਾ ਕਿ ਅਗਲੀ ਵਾਰ ਉਹ ਆਪਣੇ ਬਾਕੀ ਪਰਿਵਾਰ ਨੂੰ ਵੀ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਵਾਉਣ ਲਈ ਨਾਲ ਲਿਆਉਣਗੇ।

### ਰੱਖਿਆ ਖੇਤਰ ਵਿੱਚ ਭਾਰਤ ਦੀ ਵੱਡੀ ਉਡਾਣ

# BDL ਨੇ ਤਿਆਰ ਕੀਤਾ 'ਐਡਵਾਂਸਡ ਆਕਾਸ਼ ਵੈਪਨ ਸਿਸਟਮ' ਦਾ ਪਹਿਲਾ ਆਧੁਨਿਕ ਮਾਡਲ



ਨਵੀਂ ਦਿੱਲੀ : ਭਾਰਤ ਦੀ ਪ੍ਰਮੁੱਖ ਰੱਖਿਆ ਉਤਪਾਦਨ ਕੰਪਨੀ ਭਾਰਤ ਡਾਇਨਾਮਿਕਸ ਲਿਮਟਿਡ (BDL) ਨੇ ਵੀਰਵਾਰ ਨੂੰ ਰੱਖਿਆ ਖੇਤਰ ਵਿੱਚ ਇੱਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ। ਬੀ.ਡੀ.ਐਲ. ਨੇ ਅੱਪਗ੍ਰੇਡ ਕੀਤੇ ਸਬ-ਸਿਸਟਮਾਂ ਨਾਲ ਲੈਸ 'ਐਡਵਾਂਸਡ ਆਕਾਸ਼ ਵੈਪਨ ਸਿਸਟਮ' (Advanced Akash Weapon System) ਦਾ ਪਹਿਲਾ ਉਤਪਾਦਨ ਮਾਡਲ (First-off Production Model - FOPM) ਸਫ਼ਲਤਾਪੂਰਵਕ ਮੁਕੰਮਲ ਕਰ ਲਿਆ ਹੈ। ਨਵਾਂ 'ਐਡਵਾਂਸਡ ਆਕਾਸ਼' ਸਿਸਟਮ ਪਹਿਲਾਂ ਵਾਲੇ ਮਾਡਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਘਾਤਕ ਅਤੇ ਸਹੀ ਨਿਸ਼ਾਨਾ ਲਗਾਉਣ ਵਾਲਾ ਹੈ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ:

ਅੱਪਗ੍ਰੇਡਡ ਸਬ-ਸਿਸਟਮ: ਇਸ ਵਿੱਚ ਲਗਾਏ ਗਏ ਨਵੇਂ ਸੈਂਸਰ ਅਤੇ ਰਾਡਾਰ ਸਿਸਟਮ ਦੁਸ਼ਮਣ ਦੇ ਹਵਾਈ ਹਮਲਿਆਂ, ਜਹਾਜ਼ਾਂ ਅਤੇ ਡਰੋਨਾਂ ਨੂੰ ਬਹੁਤ ਦੂਰੋਂ ਪਛਾਣਨ ਅਤੇ ਨਸ਼ਟ ਕਰਨ ਵਿੱਚ ਸਮਰੱਥ ਹਨ।

ਸਵਦੇਸ਼ੀ ਤਕਨੀਕ: ਇਹ ਪੂਰੀ ਤਰ੍ਹਾਂ ਭਾਰਤੀ ਤਕਨੀਕ 'ਤੇ ਅਧਾਰਤ ਹੈ, ਜੋ 'ਮੇਕ ਇਨ ਇੰਡੀਆ' ਮੁਹਿੰਮ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦਾ ਹੈ।

ਹਰ ਮੌਸਮ ਵਿੱਚ ਕਾਰਗਰ: ਇਹ ਵੈਪਨ ਸਿਸਟਮ ਹਰ ਤਰ੍ਹਾਂ ਦੇ ਮੌਸਮ ਅਤੇ ਭੂਗੋਲਿਕ ਹਾਲਾਤਾਂ ਵਿੱਚ ਕੰਮ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ।

ਭਾਰਤ ਡਾਇਨਾਮਿਕਸ ਲਿਮਟਿਡ (BDL) ਵੱਲੋਂ ਜਾਰੀ ਬਿਆਨ ਅਨੁਸਾਰ, ਇਸ ਮਾਡਲ ਦਾ ਮੁਕੰਮਲ ਹੋਣਾ ਭਾਰਤੀ ਹਵਾਈ ਸੈਨਾ ਅਤੇ ਥਲ ਸੈਨਾ ਲਈ ਇੱਕ ਵੱਡੀ ਤਾਕਤ ਸਾਬਤ ਹੋਵੇਗਾ। ਕੰਪਨੀ ਨੇ ਕਿਹਾ ਕਿ ਆਕਾਸ਼ ਮਿਜ਼ਾਈਲ ਪ੍ਰਣਾਲੀ ਦੇ ਇਸ ਉੱਨਤ ਰੂਪ ਦੀ ਮੰਗ ਨਾ ਸਿਰਫ਼ ਭਾਰਤ ਵਿੱਚ ਹੈ, ਸਗੋਂ ਕਈ ਦੋਸਤ ਦੇਸ਼ਾਂ ਨੇ ਵੀ ਇਸ ਨੂੰ ਖਰੀਦਣ ਵਿੱਚ ਦਿਲਚਸਪੀ ਦਿਖਾਈ ਹੈ, ਜੋ ਭਾਰਤ ਨੂੰ ਇੱਕ ਰੱਖਿਆ ਨਿਰਯਾਤਕ ਦੇਸ਼ ਵਜੋਂ ਉਭਾਰਨ ਵਿੱਚ ਮਦਦ ਕਰੇਗਾ।

ਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ 'ਐਡਵਾਂਸਡ ਆਕਾਸ਼ ਵੈਪਨ ਸਿਸਟਮ' ਦੇ ਆਉਣ ਨਾਲ ਸਰਹੱਦਾਂ 'ਤੇ ਹਵਾਈ ਸੁਰੱਖਿਆ ਘੇਰਾ ਹੋਰ ਵੀ ਮਜ਼ਬੂਤ ਹੋ ਜਾਵੇਗਾ। ਇਹ ਸਿਸਟਮ ਖ਼ਾਸ ਤੌਰ 'ਤੇ ਉੱਚਾਈ ਵਾਲੇ ਖੇਤਰਾਂ ਅਤੇ ਸਰਹੱਦੀ ਇਲਾਕਿਆਂ ਵਿੱਚ ਦੁਸ਼ਮਣ ਦੀਆਂ ਹਵਾਈ ਗਤੀਵਿਧੀਆਂ ਨੂੰ ਨਾਕਾਮ ਕਰਨ ਲਈ ਅਹਿਮ ਭੂਮਿਕਾ ਨਿਭਾਏਗਾ। ਇਸ ਪ੍ਰਾਪਤੀ 'ਤੇ ਰੱਖਿਆ ਮੰਤਰਾਲੇ ਅਤੇ ਫੌਜ ਦੇ ਉੱਚ ਅਧਿਕਾਰੀਆਂ ਨੇ ਬੀ.ਡੀ.ਐਲ. ਦੀ ਟੀਮ ਨੂੰ ਵਧਾਈ ਦਿੱਤੀ ਹੈ।

# ਸ਼ਹੀਦ ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਦੀ ਸ਼ਹਾਦਤ ਸਾਨੂੰ ਸਿੱਖੀ ਸਿਦਕ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ: ਜਥੇਦਾਰ ਗੜਗੱਜ

## ਕਿਹਾ : ਗੁਰੂ ਦੀ ਨਗਰੀ ਅੰਮ੍ਰਿਤਸਰ ਨੂੰ ਸਾਫ਼-ਸੁਥਰਾ ਰੱਖਣਾ ਹਰ ਸ਼ਹਿਰ ਵਾਸੀ ਦਾ ਅਹਿਮ ਫਰਜ਼



ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਕਰਦਿਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਉਨ੍ਹਾਂ ਸਿੱਖ ਤਵਾਰੀਖ ਦੇ ਅਹਿਮ ਪੰਨਿਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਅੱਜ ਦਾ ਦਿਨ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਸੁਬੇਗ ਸਿੰਘ ਜੀ ਅਤੇ ਉਨ੍ਹਾਂ ਦੇ ਸਪੁੱਤਰ ਭਾਈ ਸ਼ਾਹਬਾਜ਼ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਹੈ, ਜਿਨ੍ਹਾਂ ਨੇ 1746 ਵਿੱਚ ਲਾਹੌਰ ਦੀ ਧਰਤੀ 'ਤੇ ਚਰਖੜੀਆਂ 'ਤੇ ਚੜ੍ਹ ਕੇ ਸ਼ਹਾਦਤ ਪ੍ਰਾਪਤ ਕੀਤੀ ਸੀ।

ਜਥੇਦਾਰ ਗੜਗੱਜ ਨੇ ਕਿਹਾ ਕਿ ਮੁਗ਼ਲ ਹਕੂਮਤ ਵੱਲੋਂ ਉਨ੍ਹਾਂ ਨੂੰ ਸਿੱਖੀ ਤਿਆਗਣ ਲਈ ਵੱਡੇ ਲਾਲਚ ਅਤੇ ਡਰ ਦਿੱਤੇ ਗਏ ਸਨ, ਪਰ ਉਨ੍ਹਾਂ ਨੇ 'ਹਮ ਕਾਰਨ ਗੁਰ ਕੁਲੈ ਗਵਾਈ, ਹਮ ਕੁਲ ਰਾਖੈ ਕਵਨ ਵਡਾਈ' ਦੇ ਮਹਾਨ ਵਾਕ ਅਨੁਸਾਰ ਆਪਣੀ ਕੁੱਲ ਨਾਲੋਂ ਗੁਰੂ ਦੀ ਸਿੱਖੀ ਨੂੰ ਵੱਧ ਪਿਆਰਾ ਸਮਝਿਆ। ਉਨ੍ਹਾਂ ਅਫਸੋਸ ਜਤਾਇਆ ਕਿ ਅੱਜ ਦੇ ਸਮੇਂ ਵਿੱਚ ਕੁਝ ਲੋਕ ਮਾਮੂਲੀ ਲਾਲਚਾਂ ਖਾਤਰ ਸੱਜੇ-ਖੱਬੇ ਹੋ ਰਹੇ ਹਨ, ਜਦਕਿ ਗੁਰੂ ਦਾ ਸਿੱਖ ਚਰਖੜੀ ਤਾਂ ਚੜ੍ਹ ਸਕਦਾ ਹੈ ਪਰ ਸਿੱਖੀ ਨਹੀਂ ਛੱਡ ਸਕਦਾ। ਉਨ੍ਹਾਂ ਬੱਚਿਆਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਨ ਦੀ ਅਪੀਲ ਕੀਤੀ।

ਇਸ ਦੌਰਾਨ ਉਨ੍ਹਾਂ ਅੰਮ੍ਰਿਤਸਰ ਸ਼ਹਿਰ ਦੀ ਸਵੱਛਤਾ ਨੂੰ ਲੈ ਕੇ ਵੀ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਗੁਰੂ ਸਾਹਿਬ ਵੱਲੋਂ ਖੁਦ ਵਸਾਈ ਨਗਰੀ ਹੈ, ਜਿਸ ਦੀ ਸੁੰਦਰਤਾ ਅਤੇ ਸਫਾਈ ਬਰਕਰਾਰ ਰੱਖਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਲੱਗੇ ਕੂੜੇ ਦੇ ਡੰਪਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਦੁਰਗੰਧ ਪੂਰੇ ਸ਼ਹਿਰ ਵਿੱਚ ਫੈਲਦੀ ਹੈ, ਜੋ ਕਿ ਬੇਹੱਦ ਮੰਦਭਾਗਾ ਹੈ। ਇਹ ਡੰਪ ਪ੍ਰਦੂਸ਼ਣ ਫੈਲਾ ਰਹੇ ਹਨ ਅਤੇ ਇਨ੍ਹਾਂ ਨੂੰ ਤੁਰੰਤ ਸ਼ਹਿਰ ਤੋਂ ਦੂਰ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਪਲਾਸਟਿਕ ਅਤੇ ਥਰਮੋਕੋਲ ਦੀ ਵਰਤੋਂ ਤਿਆਗਣ ਦੀ ਨਸੀਹਤ ਦਿੰਦਿਆਂ ਕਿਹਾ ਕਿ ਅੰਮ੍ਰਿਤਸਰ ਦੇ ਇਤਿਹਾਸਕ ਦਰਵਾਜ਼ਿਆਂ ਦੇ ਅੰਦਰ ਸਿਰਫ਼ ਗੁਰੂ ਦੀ ਸਿਫ਼ਤ-ਸਾਲਾਹ ਦੀ ਗੂੰਜ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਸਥਾਪਨਾ ਦਿਹਾੜੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਡੇ ਸਮਾਗਮ ਕਰਵਾਏ ਜਾਣਗੇ, ਪਰ ਹਰ ਨਿਵਾਸੀ ਨੂੰ ਅਸਲ ਵਿੱਚ ÷ਅੰਮ੍ਰਿਤਸਰ ਦਾ ਵਾਸੀ÷ ਬਣ ਕੇ ਸ਼ਹਿਰ ਨੂੰ ਸਾਫ਼ ਅਤੇ ਪਵਿੱਤਰ ਰੱਖਣ ਲਈ ਗੁਰੂ ਅੱਗੇ ਸਮਰਪਿਤ ਹੋਣਾ ਚਾਹੀਦਾ ਹੈ।

# ਤੇਲ ਦੀ ਕਿੱਲਤ ਦੀਆਂ ਅਫਵਾਹਾਂ ਨੇ ਮਚਾਈ ਤਰਾਹ-ਤਰਾਹ: ਪੈਟਰੋਲ ਪੰਪਾਂ 'ਤੇ ਲੱਗੀਆਂ ਵਾਹਨਾਂ ਦੀਆਂ ਲੰਬੀਆਂ ਕਤਾਰਾਂ
















ਨਵੀਂ ਦਿੱਲੀ/ਪੰਜਾਬ (ਸਾਡੇ ਲੋਕ): ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਤੇਲ ਦੀ ਸਪਲਾਈ ਬੰਦ ਹੋਣ ਅਤੇ ਕੀਮਤਾਂ ਵਿੱਚ ਭਾਰੀ ਵਾਧੇ ਦੀਆਂ ਫੈਲੀਆਂ ਅਫਵਾਹਾਂ ਕਾਰਨ ਦੇਸ਼ ਭਰ ਦੇ ਪੈਟਰੋਲ ਪੰਪਾਂ 'ਤੇ ਹਾਹਾਕਾਰ ਮਚੀ ਹੋਈ ਹੈ। ਪੰਜਾਬ, ਗੁਜਰਾਤ, ਮਹਾਰਾਸ਼ਟਰ ਅਤੇ ਤੇਲੰਗਾਨਾ ਸਮੇਤ ਕਈ ਰਾਜਾਂ ਵਿੱਚ ਪੈਟਰੋਲ ਪੰਪਾਂ 'ਤੇ ਦੋ-ਪਹੀਆ ਅਤੇ ਚਾਰ-ਪਹੀਆ ਵਾਹਨਾਂ ਦੀਆਂ ਕਿਲੋਮੀਟਰ ਲੰਬੀਆਂ ਕਤਾਰਾਂ ਦੇਖਣ ਨੂੰ ਮਿਲ ਰਹੀਆਂ ਹਨ। ਲੋਕ ਡਰ ਦੇ ਮਾਰੇ ਆਪਣੇ ਵਾਹਨਾਂ ਦੀਆਂ ਟੈਂਕੀਆਂ ਫੁੱਲ ਕਰਵਾਉਣ ਲਈ ਘੰਟਿਆਂ ਬੱਧੀ ਇੰਤਜ਼ਾਰ ਕਰ ਰਹੇ ਹਨ।

ਅਫਵਾਹਾਂ ਬਣੀ ਮੁੱਖ ਕਾਰਨ

ਪੱਛਮੀ ਏਸ਼ੀਆ (ਮਿਡਲ ਈਸਟ) ਵਿੱਚ ਚੱਲ ਰਹੇ ਤਣਾਅ ਕਾਰਨ ਇਹ ਅਫਵਾਹ ਫੈਲ ਗਈ ਸੀ ਕਿ ਭਾਰਤ ਵਿੱਚ ਕੱਚੇ ਤੇਲ ਦੀ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ। ਇਸ ਖ਼ਬਰ ਨੇ ਆਮ ਜਨਤਾ ਵਿੱਚ ਅਜਿਹਾ ਡਰ ਪੈਦਾ ਕੀਤਾ ਕਿ ਲੋਕਾਂ ਨੇ ਜ਼ਰੂਰਤ ਤੋਂ ਜ਼ਿਆਦਾ ਤੇਲ ਖਰੀਦਣਾ ਸ਼ੁਰੂ ਕਰ ਦਿੱਤਾ (Panic Buying)। ਕਈ ਥਾਵਾਂ 'ਤੇ ਲੋਕ ਕੈਨੀਆਂ ਅਤੇ ਬੋਤਲਾਂ ਵਿੱਚ ਵੀ ਤੇਲ ਭਰਦੇ ਦੇਖੇ ਗਏ, ਜਿਸ ਕਾਰਨ ਪੰਪਾਂ 'ਤੇ ਭੀੜ ਬੇਕਾਬੂ ਹੋ ਗਈ।

ਸਰਕਾਰ ਅਤੇ ਤੇਲ ਕੰਪਨੀਆਂ ਦਾ ਸਪੱਸ਼ਟੀਕਰਨ

ਵਧਦੇ ਹੰਗਾਮੇ ਨੂੰ ਦੇਖਦਿਆਂ ਕੇਂਦਰੀ ਪੈਟਰੋਲੀਅਮ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਵਿੱਚ ਪੈਟਰੋਲ, ਡੀਜ਼ਲ ਅਤੇ ਐਲ.ਪੀ.ਜੀ. (LPG) ਦਾ ਕਾਫ਼ੀ ਸਟਾਕ ਮੌਜੂਦ ਹੈ। ਸਰਕਾਰ ਅਨੁਸਾਰ:

60 ਦਿਨਾਂ ਦਾ ਸਟਾਕ: ਭਾਰਤ ਕੋਲ ਅਗਲੇ ਦੋ ਮਹੀਨਿਆਂ ਲਈ ਤੇਲ ਦਾ ਪੂਰਾ ਭੰਡਾਰ ਹੈ।

ਸਪਲਾਈ ਜਾਰੀ: ਰਿਫਾਇਨਰੀਆਂ ਪੂਰੀ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ ਅਤੇ ਸਪਲਾਈ ਚੇਨ ਵਿੱਚ ਕੋਈ ਰੁਕਾਵਟ ਨਹੀਂ ਹੈ।

ਕੀਮਤਾਂ ਸਥਿਰ: ਤੇਲ ਦੀਆਂ ਕੀਮਤਾਂ ਵਿੱਚ ਫਿਲਹਾਲ ਕੋਈ ਵਾਧਾ ਨਹੀਂ ਕੀਤਾ ਗਿਆ ਹੈ।

ਪੰਪਾਂ 'ਤੇ ਲੱਗੇ 'ਨੋ ਸਟਾਕ' ਦੇ ਬੋਰਡ

ਭਾਰੀ ਭੀੜ ਕਾਰਨ ਕਈ ਪੈਟਰੋਲ ਪੰਪਾਂ ਦਾ ਰੋਜ਼ਾਨਾ ਦਾ ਸਟਾਕ ਕੁਝ ਹੀ ਘੰਟਿਆਂ ਵਿੱਚ ਖਤਮ ਹੋ ਗਿਆ, ਜਿਸ ਕਰਕੇ ਪੰਪ ਮਾਲਕਾਂ ਨੂੰ 'ਨੋ ਸਟਾਕ' ਦੇ ਬੋਰਡ ਲਗਾਉਣੇ ਪਏ। ਇਸ ਨਾਲ ਲੋਕਾਂ ਵਿੱਚ ਡਰ ਹੋਰ ਵਧ ਗਿਆ। ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ 'ਤੇ ਵਿਸ਼ਵਾਸ ਨਾ ਕਰਨ ਅਤੇ ਸਿਰਫ਼ ਜ਼ਰੂਰਤ ਅਨੁਸਾਰ ਹੀ ਤੇਲ ਖਰੀਦਣ।

ਮਾਹਿਰਾਂ ਦੀ ਰਾਏ: 'ਇਹ ਕਿੱਲਤ ਤੇਲ ਦੀ ਕਮੀ ਕਾਰਨ ਨਹੀਂ, ਸਗੋਂ ਲੋਕਾਂ ਵਿੱਚ ਫੈਲੇ ਡਰ ਕਾਰਨ ਹੈ। ਜੇਕਰ ਲੋਕ ਆਮ ਵਾਂਗ ਤੇਲ ਖਰੀਦਣ ਤਾਂ ਸਥਿਤੀ 24 ਘੰਟਿਆਂ ਵਿੱਚ ਆਮ ਵਰਗੀ ਹੋ ਸਕਦੀ ਹੈ।'

## ਮਹਾਂ ਅਸ਼ਟਮੀ 'ਤੇ ਦਿੱਲੀ ਸਰਕਾਰ ਦਾ ਤੋਹ.ਫਾ

# ਮੁੱਖ ਮੰਤਰੀ ਰੇਖਾ ਗੁਪਤਾ ਨੇ ਕੰਨਿਆ ਪੂਜਨ ਮੌਕੇ ਸਕੂਲੀ ਵਿਦਿਆਰਥਣਾਂ ਨੂੰ ਵੰਡੀਆਂ ਸਾਈਕਲਾਂ








ਨਵੀਂ ਦਿੱਲੀ, (ਸਾਡੇ ਲੋਕ) : 26 ਮਾਰਚ ਚੈਤਰ ਨਵਰਾਤਰੀ ਦੇ ਪਵਿੱਤਰ ਤਿਉਹਾਰ ਅਤੇ ਮਹਾਂ ਅਸ਼ਟਮੀ ਦੇ ਸ਼ੁਭ ਦਿਹਾੜੇ 'ਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਨਾਰੀ ਸ਼ਕਤੀ ਨੂੰ ਸਨਮਾਨਿਤ ਕਰਦਿਆਂ ਇੱਕ ਵਿਸ਼ੇਸ਼ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਰਾਜਧਾਨੀ ਵਿੱਚ ਆਯੋਜਿਤ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮੁੱਖ ਮੰਤਰੀ ਨੇ 'ਕੰਨਿਆ ਪੂਜਨ' ਦੀ ਰਸਮ ਨਿਭਾਈ ਅਤੇ ਸਰਕਾਰੀ ਸਕੂਲਾਂ ਦੀਆਂ ਸੈਂਕੜੇ ਲੋੜਵੰਦ ਵਿਦਿਆਰਥਣਾਂ ਨੂੰ ਸਾਈਕਲਾਂ ਵੰਡ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਨਵੀਂ ਉਡਾਣ ਦਿੱਤੀ।

**ਨਾਰੀ ਸਨਮਾਨ ਅਤੇ ਸਿੱਖਿਆ 'ਤੇ ਜ਼ੋਰ :** ਮੁੱਖ ਮੰਤਰੀ ਰੇਖਾ ਗੁਪਤਾ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਧੀਆਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹਨ। ਉਨ੍ਹਾਂ ਕਿਹਾ, 'ਅਸ਼ਟਮੀ ਦੇ ਦਿਨ ਕੰਨਿਆ ਪੂਜਨ ਸਿਰਫ਼ ਇੱਕ ਪਰੰਪਰਾ ਨਹੀਂ, ਸਗੋਂ ਸਾਡੀਆਂ ਧੀਆਂ ਦੇ ਸਵੈ-ਮਾਣ ਅਤੇ ਉਨ੍ਹਾਂ ਦੀ ਤਾਕਤ ਨੂੰ ਮਾਨਤਾ ਦੇਣ ਦਾ ਦਿਨ ਹੈ। ਇਹ ਸਾਈਕਲਾਂ ਸਿਰਫ਼ ਸਫ਼ਰ ਦਾ ਸਾਧਨ ਨਹੀਂ, ਸਗੋਂ ਸਾਡੀਆਂ ਧੀਆਂ ਦੀ ਆਜ਼ਾਦੀ ਅਤੇ ਸਿੱਖਿਆ ਪ੍ਰਤੀ ਉਨ੍ਹਾਂ ਦੇ ਉਤਸ਼ਾਹ ਦਾ ਪ੍ਰਤੀਕ ਹਨ।'

**ਸਮਾਗਮ ਦੀਆਂ ਮੁੱਖ ਗੱਲਾਂ:** ਕੰਨਿਆ ਪੂਜਨ: ਮੁੱਖ ਮੰਤਰੀ ਨੇ ਖੁਦ ਵਿਦਿਆਰਥਣਾਂ ਦੇ ਪੈਰ ਧੋ ਕੇ ਅਤੇ ਉਨ੍ਹਾਂ ਨੂੰ ਤਿਲਕ ਲਗਾ ਕੇ ਰਵਾਇਤੀ ਤਰੀਕੇ ਨਾਲ ਪੂਜਾ ਕੀਤੀ।

**ਸਿੱਖਿਆ ਤੱਕ ਪਹੁੰਚ:** ਸਾਈਕਲਾਂ ਦੀ ਵੰਡ ਉਨ੍ਹਾਂ ਵਿਦਿਆਰਥਣਾਂ ਲਈ ਕੀਤੀ ਗਈ ਜੋ ਦੂਰ-ਦੁਰਾਡੇ ਦੇ ਇਲਾਕਿਆਂ ਤੋਂ ਸਕੂਲ ਆਉਂਦੀਆਂ ਹਨ, ਤਾਂ ਜੋ ਉਨ੍ਹਾਂ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਆਵੇ।

**ਉਤਸ਼ਾਹ:** ਸਾਈਕਲਾਂ ਪ੍ਰਾਪਤ ਕਰਨ ਤੋਂ ਬਾਅਦ ਵਿਦਿਆਰਥਣਾਂ ਦੇ ਚਿਹਰਿਆਂ 'ਤੇ ਭਾਰੀ ਉਤਸ਼ਾਹ ਦੇਖਿਆ ਗਿਆ। ਵਿਦਿਆਰਥਣਾਂ ਨੇ ਮੁੱਖ ਮੰਤਰੀ ਨਾਲ ਸੈਲਫੀਆਂ ਵੀ ਲਈਆਂ ਅਤੇ ਸਰਕਾਰ ਦੇ ਇਸ ਕਦਮ ਦੀ ਸ਼ਲਾਘਾ ਕੀਤੀ।

**ਔਰਤਾਂ ਦੀ ਸੁਰੱਖਿਆ ਅਤੇ ਸਸ਼ਕਤੀਕਰਨ ਲਈ ਵਚਨਬੱਧਤਾ :** ਇਸ ਮੌਕੇ ਮੁੱਖ ਮੰਤਰੀ ਨੇ ਦਿੱਲੀ ਸਰਕਾਰ ਦੀਆਂ ਹੋਰਨਾਂ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਔਰਤਾਂ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਹੋਰ ਵੀ ਯੋਜਨਾਵਾਂ ਲਿਆਂਦੀਆਂ ਜਾਣਗੀਆਂ ਜੋ ਧੀਆਂ ਨੂੰ ਉੱਚ ਸਿੱਖਿਆ ਅਤੇ ਰੁਜ਼ਗਾਰ ਦੇ ਬਰਾਬਰ ਮੌਕੇ ਪ੍ਰਦਾਨ ਕਰਨਗੀਆਂ।



ਇਸ ਪ੍ਰੋਗਰਾਮ ਵਿੱਚ ਦਿੱਲੀ ਸਰਕਾਰ ਦੇ ਕਈ ਕੈਬਨਿਟ ਮੰਤਰੀ, ਸਿੱਖਿਆ ਵਿਭਾਗ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਅਧਿਆਪਕ ਤੇ ਮਾਪੇ ਹਾਜ਼ਰ ਸਨ।

# ਸ਼ਹੀਦਾਂ ਦੀ ਧਰਤੀ ਤੋਂ ਗੂੰਜਿਆ ਇਨਕਲਾਬ: ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਨੂੰ ਸ਼ਰਧਾ ਦੇ ਫੁੱਲ ਭੇਟ









ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ) : ਪੂਰਾ ਦੇਸ਼ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਬਲੀਦਾਨ ਨੂੰ ਯਾਦ ਕਰ ਰਿਹਾ ਹੈ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਨਤਮਸਤਕ ਹੋ ਕੇ ਦੇਸ਼ ਦੇ ਮਹਾਨ ਸਪੂਤਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ। ਸੋਮਵਾਰ ਨੂੰ ਹੋਏ ਇਸ ਸਮਾਗਮ ਦੌਰਾਨ ਪੂਰਾ ਮਾਹੌਲ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਗੂੰਜ ਉੱਠਿਆ।

ਮੁੱਖ ਮੰਤਰੀ ਦਾ ਸੰਬੋਧਨ: 'ਸ਼ਹੀਦਾਂ ਦੇ ਸੁਪਨਿਆਂ ਦਾ ਪੰਜਾਬ ਬਣਾਵਾਂਗੇ'

ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਪੱਤਰਕਾਰਾਂ ਅਤੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਰਿਣੀ ਹੈ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਸਨ:

ਸਹੁੰ ਚੁੱਕ ਸਮਾਗਮ ਦੀ ਯਾਦ: ਉਨ੍ਹਾਂ ਕਿਹਾ ਕਿ ਖਟਕੜ ਕਲਾਂ ਦੀ ਪਵਿੱਤਰ ਧਰਤੀ ਤੋਂ ਹੀ ਉਨ੍ਹਾਂ ਨੇ ਪੰਜਾਬ ਦੀ ਸੇਵਾ ਕਰਨ ਦਾ ਪ੍ਰਣ ਲਿਆ ਸੀ।

ਭ੍ਰਿਸ਼ਟਾਚਾਰ ਵਿਰੁੱਧ ਜੰਗ: ਮੁੱਖ ਮੰਤਰੀ ਨੇ ਦੁਹਰਾਇਆ ਕਿ ਸ਼ਹੀਦ ਭਗਤ ਸਿੰਘ ਨੇ ਇੱਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਸੀ ਜਿੱਥੇ ਕੋਈ ਲੁੱਟ-ਖਸੁੱਟ ਨਾ ਹੋਵੇ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰੀ ਚਾਹੇ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਬਖ਼ਸ਼ਿਆ ਨਹੀਂ ਜਾਵੇਗਾ।

ਨੌਜਵਾਨਾਂ ਨੂੰ ਸੁਨੇਹਾ: ਉਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦਾ ਤਿਆਗ ਕਰਕੇ ਸ਼ਹੀਦਾਂ ਦੇ ਦੱਸੇ ਮਾਰਗ 'ਤੇ ਚੱਲਣ ਅਤੇ ਸੂਬੇ ਦੀ ਤਰੱਕੀ ਵਿੱਚ ਯੋਗਦਾਨ ਪਾਉਣ।

ਸਰਕਾਰੀ ਛੁੱਟੀ ਅਤੇ ਸ਼ਰਧਾਂਜਲੀ: ਸੂਬਾ ਸਰਕਾਰ ਵੱਲੋਂ ਅੱਜ ਦੇ ਦਿਨ ਸਾਰੇ ਸਰਕਾਰੀ ਦਫ਼ਤਰਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਛੁੱਟੀ ਦਾ ਐਲਾਨ ਕੀਤਾ ਗਿਆ ਸੀ ਤਾਂ ਜੋ ਲੋਕ ਸ਼ਹੀਦਾਂ ਨੂੰ ਯਾਦ ਕਰ ਸਕਣ।

ਵਿਕਾਸ ਕਾਰਜਾਂ ਦਾ ਵਾਅਦਾ: ਮਾਨ ਨੇ ਖਟਕੜ ਕਲਾਂ ਦੇ ਅਜਾਇਬ ਘਰ (Museum) ਅਤੇ ਸ਼ਹੀਦੀ ਯਾਦਗਾਰ ਨੂੰ ਵਿਸ਼ਵ ਪੱਧਰੀ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਦੀ ਗੱਲ ਵੀ ਕਹੀ।

ਭਾਵੁਕ ਪਲ: ਮੁੱਖ ਮੰਤਰੀ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਚੜ੍ਹਾਉਂਦੇ ਸਮੇਂ ਕਾਫ਼ੀ ਭਾਵੁਕ ਨਜ਼ਰ ਆਏ ਅਤੇ ਕਿਹਾ ਕਿ ਸ਼ਹੀਦਾਂ ਦੀ ਸੋਚ ਨੂੰ ਘਰ-ਘਰ ਪਹੁੰਚਾਉਣਾ ਹੀ ਸਾਡਾ ਅਸਲ ਮਕਸਦ ਹੈ।

ਸਿੱਟਾ: ਖਟਕੜ ਕਲਾਂ ਵਿਖੇ ਹੋਇਆ ਇਹ ਸਮਾਗਮ ਸਿਰਫ਼ ਇੱਕ ਰਸਮੀ ਪ੍ਰੋਗਰਾਮ ਨਹੀਂ ਸੀ, ਸਗੋਂ ਪੰਜਾਬ ਸਰਕਾਰ ਵੱਲੋਂ ਆਪਣੀ ਵਚਨਬੱਧਤਾ ਨੂੰ ਦੁਹਰਾਉਣ ਦਾ ਇੱਕ ਮੰਚ ਬਣਿਆ। ਵਿਰੋਧੀ ਧਿਰਾਂ ਵੱਲੋਂ ਵੀ ਅੱਜ ਦੇ ਦਿਨ ਵੱਖ-ਵੱਖ ਥਾਵਾਂ 'ਤੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ।

## ਬੇਅਦਬੀ ਵਿਰੁੱਧ ਪੰਜਾਬ ਸਰਕਾਰ ਵਲੋਂ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ

# ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਦੀਆਂ ਜਾਇਦਾਦਾਂ ਹੋਣਗੀਆਂ ਜ਼ਬਤ ਤੇ ਮਿਲੇਗੀ ਮਿਸਾਲੀ ਸਜ਼ਾ




## ਪਰ ਪੰਜਾਬ ਵਿੱਚ ਪਿਛਲੇ 11 ਸਾਲਾਂ ਵਿੱਚ ਸੈਂਕੜੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਹੋਈ, ਇੱਕ ਵੀ ਦੋਸ਼ੀ ਨੂੰ ਨਹੀਂ ਹੋਈ ਸਜ਼ਾ

ਅੰਮ੍ਰਿਤਸਰ, (ਸਾਡੇ ਲੋਕ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਵਿਖੇ ਸੰਤ ਸਮਾਜ ਅਤੇ ਧਾਰਮਿਕ ਆਗੂਆਂ ਨਾਲ ਇੱਕ ਅਹਿਮ ਮੀਟਿੰਗ ਤੋਂ ਬਾਅਦ ਇੱਕ ਵੱਡਾ ਅਤੇ ਇਤਿਹਾਸਕ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008' ਵਿੱਚ ਵੱਡੀ ਸੋਧ ਕਰਨ ਜਾ ਰਹੀ ਹੈ, ਜਿਸ ਲਈ ਖਾਲਸਾ ਸਾਜਨਾ ਦਿਵਸ (ਵਿਸਾਖੀ) ਯਾਨੀ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਹੈ। ਪ੍ਰਸਤਾਵਿਤ ਕਾਨੂੰਨ ਦੀਆਂ ਮੁੱਖ ਵਿਸ਼ੇਸ਼ਤਾਵਾਂ: ਨਵੇਂ ਕਾਨੂੰਨ ਦੇ ਖਰੜੇ ਵਿੱਚ ਅਜਿਹੀਆਂ ਸਖ਼ਤ ਧਾਰਾਵਾਂ ਜੋੜੀਆਂ ਜਾ ਰਹੀਆਂ ਹਨ ਜੋ ਦੇਸ਼ ਭਰ ਵਿੱਚ ਇੱਕ ਮਿਸਾਲ ਬਣਨਗੀਆਂ:

ਉਮਰ ਕੈਦ ਤੇ ਸਖ਼ਤ ਸਜ਼ਾ: ਬੇਅਦਬੀ ਦੇ ਦੋਸ਼ੀਆਂ ਲਈ ਸਭ ਤੋਂ ਸਖ਼ਤ ਸਜ਼ਾ ਦਾ ਪ੍ਰਬੰਧ।

ਭਾਰੀ ਜੁਰਮਾਨਾ: ਦੋਸ਼ੀਆਂ 'ਤੇ ਮੋਟੇ ਜੁਰਮਾਨੇ ਲਗਾਏ ਜਾਣਗੇ।

ਜਾਇਦਾਦ ਜ਼ਬਤ: ਅਪਰਾਧ ਵਿੱਚ ਸ਼ਾਮਲ ਵਿਅਕਤੀਆਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀ ਵਿਵਸਥਾ।

ਡਿਜੀਟਲ ਅਪਰਾਧਾਂ 'ਤੇ ਸ਼ਿਕੰਜਾ: ਸੋਸ਼ਲ ਮੀਡੀਆ ਜਾਂ ਡਿਜੀਟਲ ਸਮੱਗਰੀ ਰਾਹੀਂ ਕੀਤੀ ਗਈ ਬੇਅਦਬੀ ਨੂੰ ਵੀ ਇਸ ਕਾਨੂੰਨ ਦੇ ਦਾਇਰੇ ਵਿੱਚ ਲਿਆਂਦਾ ਜਾਵੇਗਾ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਕਾਨੂੰਨ ਨੂੰ ਬਣਾਉਣ ਲਈ ਦੇਸ਼ ਦੇ ਨਾਮਵਰ ਵਕੀਲਾਂ, ਕਾਨੂੰਨੀ ਮਾਹਿਰਾਂ ਅਤੇ ਸੰਤ ਸਮਾਜ ਨਾਲ ਲਗਾਤਾਰ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, 'ਅਸੀਂ ਅਜਿਹਾ ਮਜ਼ਬੂਤ ਕਾਨੂੰਨ ਲਿਆਵਾਂਗੇ ਜਿਸ ਵਿੱਚ ਕੋਈ ਵੀ ਚੋਰ-ਮੋਰੀ ਨਹੀਂ ਬਚੇਗੀ।'

ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਜਲਦੀ ਹੀ ਸਮਾਣਾ ਦਾ ਦੌਰਾ ਕਰਨਗੇ। ਉਹ ਉੱਥੇ ਪ੍ਰਦਰਸ਼ਨ ਕਰ ਰਹੇ ਗੁਰਜੀਤ ਸਿੰਘ ਖਾਲਸਾ ਨੂੰ ਆਪਣਾ ਰੋਸ ਪ੍ਰਦਰਸ਼ਨ ਖਤਮ ਕਰਨ ਲਈ ਮਨਾਉਣਗੇ ਅਤੇ ਉਨ੍ਹਾਂ ਨੂੰ 13 ਅਪ੍ਰੈਲ ਦੇ ਵਿਸ਼ੇਸ਼ ਇਜਲਾਸ ਵਿੱਚ ਸ਼ਾਮਲ ਹੋਣ ਦਾ ਸੱਦਾ ਦੇਣਗੇ।

ਇੱਕ ਨਵੇਂ ਯੁੱਗ ਦੀ ਸ਼ੁਰੂਆਤ

ਇਹ ਫੈਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਮਰਿਆਦਾ ਨੂੰ ਬਹਾਲ ਰੱਖਣ ਲਈ ਪੰਜਾਬ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ। ਪੰਜਾਬ ਸਰਕਾਰ ਦਾ ਇਹ ਕਦਮ ਸਿੱਖ ਸੰਗਤ ਅਤੇ ਹਰ ਧਰਮ ਦੇ ਸਤਿਕਾਰ ਨੂੰ ਮੁੱਖ ਰੱਖ ਕੇ ਲਿਆ ਗਿਆ ਹੈ।

'ਸਾਡੀ ਸਰਕਾਰ ਦਾ ਮਕਸਦ ਸਿਰਫ ਕਾਨੂੰਨ ਬਣਾਉਣਾ ਨਹੀਂ, ਬਲਕਿ ਇਹ ਯਕੀਨੀ ਬਣਾਉਣਾ ਹੈ ਕਿ ਆਉਣ ਵਾਲੀਆਂ ਨਸਲਾਂ ਸਾਡੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰਨ ਬਾਰੇ ਸੋਚਣ ਤੋਂ ਵੀ ਡਰਨ।'

# ਸਾਬਕਾ ਮੰਤਰੀ ਲਾਲਜੀਤ ਭੁੱਲਰ ਪੁਲਿਸ ਰਿਮਾਂਡ 'ਤੇ

## ਪੁਲਿਸ ਨੇ ਪਿਛਲੇ ਦਰਵਾਜ਼ੇ ਰਾਹੀਂ ਕੀਤਾ ਪੇਸ਼

ਅੰਮ੍ਰਿਤਸਰ : ਵੇਅਰਹਾਊਸ ਦੇ ਜ਼ਿਲ੍ਹਾ ਮੈਨੇਜਰ (ਡੀ. ਐੱਮ.) ਗਗਨਦੀਪ ਸਿੰਘ ਰੰਧਾਵਾ ਖ਼ੁਦਕੁਸ਼ੀ ਮਾਮਲੇ 'ਚ ਗ੍ਰਿਫਤਾਰ ਕੀਤੇ ਸਾਬਕਾ ਮੰਤਰੀ ਤੇ 'ਆਪ' ਵਿਧਾਇਕ ਲਾਲਜੀਤ ਸਿੰਘ ਭੁੱਲਰ ਨੂੰ ਅਦਾਲਤ 'ਚ ਪੇਸ਼ ਕਰਕੇ ਪੁਲਿਸ ਵਲੋਂ 5 ਦਿਨ ਦਾ ਪੁਲਿਸ ਰਿਮਾਂਡ ਹਾਸਿਲ ਕਰ ਲਿਆ ਗਿਆ ਹੈ। ਅਦਾਲਤੀ ਪੇਸ਼ੀ ਮੌਕੇ ਪੱਟੀ ਹਲਕੇ ਤੋਂ ਸਾਬਕਾ ਮੰਤਰੀ ਭੁੱਲਰ ਦੀ ਪਤਨੀ ਸੁਰਿੰਦਰਪਾਲ ਕੌਰ ਦੀ ਅਗਵਾਈ ਹੇਠ ਪੁੱਜੇ 'ਆਪ' ਵਰਕਰਾਂ ਨੇ ਭੁੱਲਰ ਦੇ ਹੱਕ 'ਚ ਨਾਅਰੇਬਾਜ਼ੀ ਵੀ ਕੀਤੀ ਜਦਕਿ ਪੁਲਿਸ ਨੇ ਸਵੇਰ ਤੋਂ ਉਡੀਕ ਕਰ ਰਹੇ ਮੀਡੀਆ ਨੂੰ ਚਕਮਾ ਦਿੰਦਿਆਂ ਪਿਛਲੇ ਦਰਵਾਜੇ ਰਾਹੀਂ ਅਦਾਲਤ 'ਚ ਪੇਸ਼ ਕੀਤਾ ਗਿਆ। ਸਾਬਕਾ ਮੰਤਰੀ ਭੁੱਲਰ ਨੂੰ ਇਥੇ ਜੱਜ ਸੁਪਰੀਤ ਕੌਰ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਜਿਥੇ ਮੁਦੱਈ ਪੱਖ ਵਲੋਂ ਪੇਸ਼ ਹੋਏ ਵਕੀਲ ਸਤਨਾਮ ਸਿੰਘ, ਪ੍ਰਦੀਪ ਸੈਣੀ ਤੇ ਨਵਨੀਤ ਸਿੰਘ ਟੁਰਨਾ ਨੇ ਅਦਾਲਤ 'ਚ ਸਾਰੇ ਮਾਮਲੇ ਤੋਂ ਜਾਣੂੰ ਕਰਵਾਉਂਦਿਆਂ 7 ਦਿਨ ਦੇ ਪੁਲਿਸ ਰਿਮਾਂਡ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਹਾਲੇ



ਸਾਬਕਾ ਮੰਤਰੀ ਭੁੱਲਰ ਤੋਂ ਇਲਾਵਾ ਉਸ ਦੇ ਪਿਤਾ ਤੇ ਪੀ. ਏ. ਤੋਂ ਇਲਾਵਾ ਲੋੜੀਂਦੇ ਹੋਰ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਹੋਣੀ ਬਾਕੀ ਹੈ। ਇਸ ਤੋਂ ਇਲਾਵਾ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ ਸੰਬੰਧੀ ਡੀ.ਵੀ.ਆਰ., ਮੋਬਾਈਲ ਫੋਨ ਤੇ ਪਿਸਤੌਲ, ਜਿਸ ਨਾਲ ਸਿਰ 'ਚ ਬੱਟ ਮਾਰੇ ਗਏ ਸਨ, ਵੀ ਬਰਾਮਦ ਕਰਨੇ ਬਾਕੀ ਹਨ ਜਦਕਿ ਬਚਾਅ ਪੱਖ ਨੇ ਪੁਲਿਸ ਰਿਮਾਂਡ ਨਾ ਦਿੱਤੇ ਜਾਣ ਦੇ ਹੱਕ 'ਚ ਦਲੀਲਾਂ ਦਿੱਤੀਆਂ, ਜਿਸ ਉਪਰੰਤ ਅਦਾਲਤ ਵਲੋਂ 5 ਦਿਨ ਦਾ ਪੁਲਿਸ ਰਿਮਾਂਡ ਦੇਣ ਦਾ ਹੁਕਮ ਸੁਣਾਇਆ ਗਿਆ। ਪੇਸ਼ੀ ਦੌਰਾਨ ਆਪਣੇ ਪਤੀ ਦੇ ਹੱਕ 'ਚ ਸਮਰਥਕਾਂ ਸਮੇਤ ਪੁੱਜੀ ਸਾਬਕਾ ਮੰਤਰੀ ਦੀ ਪਤਨੀ ਸੁਰਿੰਦਰਪਾਲ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਸ ਦੇ ਪਤੀ ਬੇਕਸੂਰ ਹਨ, ਜਿਸ ਨੂੰ ਵਿਰੋਧੀ ਧਿਰਾਂ ਵਲੋਂ ਫਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਕਿਸੇ ਵਿਅਕਤੀ ਵਲੋਂ ਕਿਸੇ ਸਿਆਸੀ ਆਗੂ ਦਾ ਨਾਮ ਲੈ ਕੇ ਖ਼ੁਦਕੁਸ਼ੀ ਕੀਤੀ ਹੋਵੇ। ਉਨ੍ਹਾਂ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਹੋਰ ਸਿਆਸੀ ਆਗੂਆਂ ਦਾ ਨਾਮ ਲੈ ਕੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਵੀ ਖ਼ੁਦਕੁਸ਼ੀ ਲਈ ਉਕਸਾਉਣ ਦੇ ਦੋਸ਼ ਲਗੇ ਸਨ, ਪਰ ਉਨ੍ਹਾਂ ਖ਼ਿਲਾਫ਼ ਕੀ ਕਾਰਵਾਈ ਹੋਈ? ਇਸ ਮੌਕੇ ਭੁੱਲਰ ਦੇ ਸਮਰਥਕਾਂ ਨੇ ਉਨ੍ਹਾਂ ਦੇ ਹੱਕ 'ਚ ਨਾਅਰੇਬਾਜ਼ੀ ਵੀ ਕੀਤੀ। ਦੂਜੇ ਪਾਸੇ ਪੁਲਿਸ ਵਲੋਂ ਸੱਤਾਧਾਰੀ ਧਿਰ ਦਾ ਪੱਖ ਪੂਰਦਿਆਂ ਸਵੇਰ ਤੋਂ ਪੇਸ਼ੀ ਦੀ ਉਡੀਕ ਕਰ ਰਹੇ ਮੀਡੀਆ ਨੂੰ ਚਕਮਾ ਦਿੰਦਿਆਂ ਸ਼ਾਮ ਵੇਲੇ ਭੁੱਲਰ ਨੂੰ ਅਦਾਲਤ 'ਚ ਪੇਸ਼ ਕੀਤਾ। ਡੀ. ਸੀ. ਪੀ. ਰਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਪੁਲਿਸ ਵਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।



ਮ੍ਰਿਤਕ ਗਗਨਦੀਪ ਸਿੰਘ ਰੰਧਾਵਾ ਦੀ ਪਤਨੀ ਉਪਿੰਦਰ ਕੌਰ ਐਤਵਾਰ ਨੂੰ ਅੰਮ੍ਰਿਤਸਰ ਵਿੱਚ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ (ਪੀਡਬਲਯੂਸੀ) ਦੇ ਅਧਿਕਾਰੀ ਵੱਲੋਂ ਆਪਣੇ ਪਤੀ ਦੇ ਖ਼ੁਦਕੁਸ਼ੀ ਮਾਮਲੇ ਦੇ ਸਬੰਧ ਵਿੱਚ ਮੀਡੀਆ ਨਾਲ ਗੱਲਬਾਤ ਕਰਦੀ ਹੋਈ।

# ਰੰਧਾਵਾ ਖ਼ੁਦਕੁਸ਼ੀ: ਪਰਿਵਾਰ ਨੇ ਕੇਸ ਦੀ ਸੀ ਬੀ ਆਈ ਜਾਂਚ ਮੰਗੀ




ਅੰਮ੍ਰਿਤਸਰ : ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਕਥਿਤ ਖ਼ੁਦਕੁਸ਼ੀ ਮਾਮਲੇ ਵਿੱਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਅੱਜ ਇਸ ਘਟਨਾ ਦੀ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਹੈ। ਮ੍ਰਿਤਕ ਦੀ ਪਤਨੀ ਉਪਿੰਦਰ ਕੌਰ ਨੇ ਕਿਹਾ ਕਿ ਉਹ ਮੰਗ ਕਰਦੇ ਹਨ ਕਿ ਇਸ ਘਟਨਾ ਦੀ ਸੀ ਬੀ ਆਈ ਜਾਂਚ ਅਤੇ ਪੀ ਜੀ ਆਈ ਦੇ ਡਾਕਟਰਾਂ ਦੇ ਪੈਨਲ ਤੋਂ ਪੋਸਟਮਾਰਟਮ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਬਾਕੀ ਦੋ ਮੁਲਜ਼ਮਾਂ ਭੁੱਲਰ ਦੇ ਪਿਤਾ ਸੁਖਦੇਵ ਸਿੰਘ ਅਤੇ ਉਨ੍ਹਾਂ ਦੇ ਨਿੱਜੀ ਸਹਾਇਕ ਦਿਲਬਾਗ ਸਿੰਘ ਦੀ ਗ੍ਰਿਫ਼ਤਾਰੀ ਨੂੰ ਯਕੀਨੀ ਬਣਾਇਆ ਜਾਵੇ।

ਜ਼ਿਕਰਯੋਗ ਹੈ ਕਿ ਮੁਲਜ਼ਮ ਲਾਲਜੀਤ ਭੁੱਲਰ ਨੂੰ ਸੋਮਵਾਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕਰਨ ਦੇ ਬਾਵਜੂਦ ਸੁਖਦੇਵ ਅਤੇ ਦਿਲਬਾਗ ਨੂੰ ਅਜੇ ਤੱਕ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਰਿਵਾਰ ਨੇ ਪੀ ਜੀ ਆਈ, ਚੰਡੀਗੜ੍ਹ ਤੋਂ ਡਾਕਟਰਾਂ ਦੇ ਪੈਨਲ ਦੇ ਗਠਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਹੈ। ਇਸ ਮਾਮਲੇ ਵਿੱਚ ਕਾਂਗਰਸੀ ਸੰਸਦ ਮੈਂਬਰਾਂ ਵੱਲੋਂ ਸੀ ਬੀ ਆਈ ਜਾਂਚ ਦੀ ਮੰਗ ਕੀਤੇ ਜਾਣ ਸਬੰਧੀ ਉਨ੍ਹਾਂ ਆਖਿਆ ਕਿ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਵੀ ਇਸ ਸਬੰਧ ਵਿੱਚ ਅਪੀਲ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਸਵੇਰੇ ਪਰਿਵਾਰ ਨੇ ਮੁਲਜ਼ਮ ਭੁੱਲਰ ਨੂੰ ਗ੍ਰਿਫ਼ਤਾਰ ਕਰਨ ਲਈ ਪੁਲੀਸ ਨੂੰ 24 ਘੰਟਿਆਂ ਦਾ ਅਲਟੀਮੇਟਮ ਦਿੱਤਾ ਸੀ।

**ਰੰਧਾਵਾ ਦੀ ਧੀ ਨੇ ਜਾਂਚ 'ਤੇ ਸਵਾਲ ਚੁੱਕੇ :** ਜਾਂਚ 'ਤੇ ਗੰਭੀਰ ਸਵਾਲ ਉਠਾਉਂਦੇ ਹੋਏ ਮਰਹੂਮ ਰੰਧਾਵਾ ਦੀ ਧੀ ਹਰਸੀਰਤ ਕੌਰ (17) ਨੇ ਆਖਿਆ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਤੋਂ ਬਾਅਦ ਕਿਹੜੀ ਜਾਂਚ ਕੀਤੀ ਗਈ ਹੈ? ਕੀ ਉਨ੍ਹਾਂ ਲੋਕਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਨੇ ਕਥਿਤ ਤੌਰ 'ਤੇ ਉਨ੍ਹਾਂ ਨੂੰ ਫੋਨ 'ਤੇ ਧਮਕੀ ਦਿੱਤੀ ਸੀ? ਕੀ ਅਧਿਕਾਰੀਆਂ ਨੇ ਉਨ੍ਹਾਂ ਵਟਸਐਪ ਕਾਲਾਂ ਦਾ ਪਤਾ ਲਗਾਇਆ ਹੈ ਜਿਨ੍ਹਾਂ ਰਾਹੀਂ ਕਥਿਤ ਤੌਰ 'ਤੇ ਧਮਕੀਆਂ ਦਿੱਤੀਆਂ ਸਨ? ਸਾਈਬਰ ਸੈੱਲ ਕੋਲ ਸਮੁੱਚੇ ਮਾਮਲੇ ਦਾ ਪਰਦਾਫਾਸ਼ ਕਰਨ ਦੀ ਸਮਰੱਥਾ ਹੈ। ਇਸ ਵਿੱਚ 10 ਲੱਖ ਰੁਪਏ ਦੀ ਰਿਸ਼ਵਤ ਦੇ ਦੋਸ਼ ਨਾਲ ਜੁੜੇ ਕਥਿਤ ਵੀਡੀਓ ਦਾ ਮਾਮਲਾ ਵੀ ਸ਼ਾਮਲ ਹੈ। ਇਸ ਵੀਡੀਓ ਬਾਰੇ ਵੀ ਪਤਾ ਲਾਇਆ ਜਾਣਾ ਚਾਹੀਦਾ ਹੈ।



ਗਗਨਦੀਪ ਰੰਧਾਵਾ ਦੀ ਅੰਤਿਮ ਯਾਤਰਾ ਵਿਚ ਸ਼ਾਮਲ ਪਰਿਵਾਰਕ ਮੈਂਬਰ, ਦੋਸਤ ਤੇ ਰਿਸ਼ਤੇਦਾਰ।

# ਧਰਮ ਯੁੱਧ ਦਾ ਆਗਾਜ਼: ਪਟਿਆਲਾ 'ਚ ਭੜਕੀ ਭਾਜਪਾ, ਮੰਤਰੀ ਲਾਲਜੀਤ ਭੁੱਲਰ ਦਾ ਫੂਕਿਆ ਪੁਤਲਾ

ਪਟਿਆਲਾ : ਅੰਮ੍ਰਿਤਸਰ ਵਿਖੇ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਡੀ.ਐਮ. ਗਗਨਦੀਪ ਸਿੰਘ ਰੰਧਾਵਾ ਦੀ ਦਰਦਨਾਕ ਖ਼ੁਦਕੁਸ਼ੀ ਨੇ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ ਹੈ। ਇਸ ਮਾਮਲੇ ਵਿੱਚ ਘਿਰੇ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵਿਰੁੱਧ ਅੱਜ ਪਟਿਆਲਾ ਵਿਖੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਰਕਰਾਂ ਨੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਜ਼ੋਰਦਾਰ ਪ੍ਰਦਰਸ਼ਨ ਕੀਤਾ ਅਤੇ ਮੰਤਰੀ ਦਾ ਪੁਤਲਾ ਫੂਕ ਕੇ ਆਪਣਾ ਗੁੱਸਾ ਜ਼ਾਹਰ ਕੀਤਾ।

ਖ਼ੁਦਕੁਸ਼ੀ ਵੀਡੀਓ ਨੇ ਖੋਲ੍ਹੇ ਸਰਕਾਰ ਦੇ ਕੱਚੇ ਚਿੱਠੇ : ਜ਼ਿਕਰਯੋਗ ਹੈ ਕਿ ਗਗਨਦੀਪ ਸਿੰਘ ਰੰਧਾਵਾ ਨੇ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਇੱਕ 12-ਸਕਿੰਟ ਦੀ ਵੀਡੀਓ ਰਿਕਾਰਡ ਕੀਤੀ ਸੀ, ਜਿਸ ਵਿੱਚ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ, 'ਖਾ ਲਈ ਸਲਫਾਸ ਤੁਹਾਡੇ ਯਾਰ ਨੇ, ਮਿਨਿਸਟਰ ਲਾਲਜੀਤ ਭੁੱਲਰ ਦੇ ਡਰ ਤੋਂ, ਹੁਣ ਨਹੀਂ ਬਚਦਾ।' ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਸਰਕਾਰ ਚੌਤਰਫ਼ਾ ਘਿਰ ਗਈ ਹੈ।

CBI ਜਾਂਚ ਦੀ ਮੰਗ: ਭਾਜਪਾ ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਪੁਲਿਸ ਇਸ ਮਾਮਲੇ ਦੀ ਨਿਰਪੱਖ ਜਾਂਚ ਨਹੀਂ ਕਰ ਸਕਦੀ ਕਿਉਂਕਿ ਇਸ ਵਿੱਚ ਉੱਚ ਸਿਆਸੀ ਲੋਕ ਸ਼ਾਮਲ ਹਨ। ਉਨ੍ਹਾਂ ਨੇ ਕੇਂਦਰੀ ਜਾਂਚ ਏਜੰਸੀ (CBI) ਤੋਂ ਇਸ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਗੰਭੀਰ ਦੋਸ਼: ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਮੰਤਰੀ ਭੁੱਲਰ ਵੱਲੋਂ ਅਧਿਕਾਰੀ 'ਤੇ ਟੈਂਡਰਾਂ ਨੂੰ ਲੈ ਕੇ ਦਬਾਅ ਪਾਇਆ ਜਾ ਰਿਹਾ ਸੀ ਅਤੇ ਉਸ ਨੂੰ ਬੰਦੂਕ ਦੀ ਨੋਕ 'ਤੇ ਅਪਮਾਨਿਤ ਵੀ ਕੀਤਾ ਗਿਆ ਸੀ।

ਸੁਨੀਲ ਜਾਖੜ ਦਾ ਤਿੱਖਾ ਹਮਲਾ: ਪਟਿਆਲਾ ਵਿਖੇ ਪ੍ਰਦਰਸ਼ਨ ਦੌਰਾਨ ਜਾਖੜ ਨੇ ਕਿਹਾ ਕਿ 'ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਇਮਾਨਦਾਰ ਅਫ਼ਸਰਾਂ ਦਾ ਦਮ ਘੁੱਟ ਰਿਹਾ ਹੈ। ਇਹ ਗ੍ਰਿਫ਼ਤਾਰੀ ਸਿਰਫ਼ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਇੱਕ ਡਰਾਮਾ ਹੈ।'

ਹੁਣ ਤੱਕ ਦੀ ਕਾਰਵਾਈ:

ਦਬਾਅ ਹੇਠ ਆ ਕੇ ਲਾਲਜੀਤ ਸਿੰਘ ਭੁੱਲਰ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਪੀ.ਏ. ਦਿਲਬਾਗ ਸਿੰਘ ਵਿਰੁੱਧ ਖ਼ੁਦਕੁਸ਼ੀ ਲਈ ਮਜਬੂਰ ਕਰਨ (Abetment to suicide) ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪੰਜਾਬ ਦੇ ਕੋਨੇ-ਕੋਨੇ ਵਿੱਚ ਇਸ ਘਟਨਾ ਨੂੰ ਲੈ ਕੇ ਰੋਸ ਹੈ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਰੰਧਾਵਾ ਪਰਿਵਾਰ ਨੂੰ ਮੁਕੰਮਲ ਇਨਸਾਫ਼ ਨਹੀਂ ਮਿਲਦਾ, ਸੰਘਰਸ਼ ਜਾਰੀ ਰਹੇਗਾ।



# ਪੰਜਾਬ ਦੇ ਚਾਰ ਕਾਂਗਰਸੀ ਸੰਸਦ ਮੈਂਬਰਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖੀ ਚਿੱਠੀ

## ਡੀ.ਐਮ.ਗਗਨਦੀਪ ਰੰਧਾਵਾ ਖ਼ੁਦਕੁਸ਼ੀ ਮਾਮਲੇ ਦੀ ਸੀ.ਬੀ.ਆਈ ਤੋਂ ਜਾਂਚ ਕਰਵਾਉਣ ਦੀ ਕੀਤੀ ਮੰਗ

ਨਵੀਂ ਦਿੱਲੀ : ਪੰਜਾਬ ਦੇ ਕਾਂਗਰਸੀ ਸੰਸਦ ਮੈਂਬਰਾਂ ਨੇ ਗਗਨਦੀਪ ਸਿੰਘ ਰੰਧਾਵਾ ਖੁਦਕੁਸ਼ੀ ਮਾਮਲੇ 'ਚ ਇਨਸਾਫ਼ ਦੀ ਮੰਗ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖੀ ਹੈ। ਇਸ ਪੱਤਰ ਰਾਹੀਂ ਸੰਸਦ ਮੈਂਬਰਾਂ ਨੇ ਇਸ ਪੂਰੇ ਮਾਮਲੇ ਦੀ ਸੀ. ਬੀ. ਆਈ. ਜਾਂਚ ਕਰਵਾਉਣ ਦੀ ਜ਼ੋਰਦਾਰ ਮੰਗ ਕੀਤੀ ਹੈ। ਇਸ ਪੱਤਰ 'ਤੇ ਪੰਜਾਬ ਦੇ ਪ੍ਰਮੁੱਖ ਕਾਂਗਰਸੀ ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਹਨ, ਜਿਨ੍ਹਾਂ ਵਿੱਚ ਗੁਰਜੀਤ ਸਿੰਘ ਔਜਲਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਧਰਮਬੀਰ ਗਾਂਧੀ ਤੇ ਸੁਖਜਿੰਦਰ ਸਿੰਘ ਰੰਧਾਵਾ ਸ਼ਾਮਲ ਹਨ।



ਸੰਸਦ ਮੈਂਬਰਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਏਜੰਸੀ ਦੇ ਹਵਾਲੇ ਕੀਤੀ ਜਾਵੇ ਤਾਂ ਜੋ ਨਿਰਪੱਖ ਜਾਂਚ ਯਕੀਨੀ ਬਣ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਹੈ ਕਿ ਇਸ ਕੇਸ 'ਚ ਨਾਮਜ਼ਦ ਮੁਲਜ਼ਮਾਂ ਦੇ ਖ਼ਿਲਾਫ਼ ਤੁਰੰਤ 'ਲੁੱਕ ਆਊਟ ਸਰਕੂਲਰ' ਜਾਰੀ ਕੀਤਾ ਜਾਵੇ, ਤਾਂ ਜੋ ਉਹ ਦੇਸ਼ ਛੱਡ ਕੇ ਫਰਾਰ ਨਾ ਹੋ ਸਕਣ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਲੋਕ ਸਭਾ 'ਚ ਬੋਲਦਿਆਂ ਕਿਹਾ ਸੀ ਕਿ ਜੇਕਰ ਪੰਜਾਬ ਦੇ ਸੰਸਦ ਮੈਂਬਰ ਲਿਖਤੀ ਰੂਪ ਵਿੱਚ ਮੰਗ ਕਰਨ ਤਾਂ ਉਹ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਅਧਿਕਾਰੀ ਦੀ ਖ਼ੁਦਕੁਸ਼ੀ ਮਾਮਲੇ ਦੀ ਸੀ. ਬੀ. ਆਈ. ਜਾਂਚ ਕਰਵਾਉਣ ਲਈ ਤਿਆਰ ਹਨ। ਇਸ ਦੇ ਬਾਅਦ ਪੰਜਾਬ ਦੇ ਚਾਰ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਡਾ. ਧਰਮਵੀਰ ਗਾਂਧੀ ਵੱਲੋਂ ਚਿੱਠੀ ਲਿਖ ਕੇ ਸੀ. ਬੀ. ਆਈ. ਦੀ ਜਾਂਚ ਦੀ ਮੰਗ ਕੀਤੀ ਗਈ ਹੈ।

# ਪੁਲਿਸ ਨੇ ਧਰਨਾ ਦੇ ਰਹੇ ਕਿਸਾਨ ਚੁੱਕੇ, ਰਿਹਾਈ ਲਈ ਕਈ ਥਾਈਂ ਧਰਨੇ

## ਹਿਰਾਸਤ ਵਿੱਚ ਲਏ ਗਏ ਕਾਰਕੁਨਾਂ ਵਿੱਚ ਸਰਵਣ ਸਿੰਘ ਪੰਧੇਰ ਸ਼ਾਮਲ; ਅੰਮ੍ਰਿਤਸਰ ਦੇ ਵੱਖ-ਵੱਖ ਥਾਣਿਆਂ ਵਿੱਚ ਡੱਕੇ ਕਿਸਾਨ



ਅੰਮ੍ਰਿਤਸਰ : ਕਿਸਾਨ ਮਜ਼ਦੂਰ ਮੋਰਚੇ (ਕੇ ਐੱਮ ਐੱਮ) ਵੱਲੋਂ ਸਥਾਨਕ ਰਾਮ ਤੀਰਥ ਰੋਡ ਬਾਈਪਾਸ 'ਤੇ ਲਾਏ ਗਏ ਧਰਨੇ ਵਾਲੇ ਸਥਾਨ ਤੋਂ ਪੁਲਿਸ ਨੇ 70 ਤੋਂ ਵੱਧ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਤਫ਼ਸੀਲ ਮੁਤਾਬਕ ਤੜਕਸਾਰ ਹਿਰਾਸਤ ਵਿੱਚ ਲਏ ਗਏ ਕਿਸਾਨ ਆਗੂਆਂ ਵਿੱਚ ਸਰਵਣ ਸਿੰਘ ਪੰਧੇਰ ਸਮੇਤ ਹੋਰ ਕਿਸਾਨ ਕਾਰਕੁਨ ਸ਼ਾਮਲ ਹਨ।

ਕਿਸਾਨ ਮਜ਼ਦੂਰ ਮੋਰਚੇ ਵੱਲੋਂ ਐਤਵਾਰ ਸ਼ਾਮ ਤੋਂ ਬਾਈਪਾਸ ਰਾਮ ਤੀਰਥ ਰੋਡ 'ਤੇ ਧਰਨਾ ਲਾਇਆ ਗਿਆ ਸੀ। ਜਥੇਬੰਦੀ ਦੇ ਆਗੂ ਗੁਰਬਚਨ ਸਿੰਘ ਚੱਬਾ ਨੇ ਦੱਸਿਆ ਕਿ ਦੇਰ ਰਾਤ ਤੋਂ ਹੀ ਪੁਲੀਸ ਦੀ ਆਮਦ ਧਰਨੇ ਵਾਲੇ ਸਥਾਨ ਦੇ ਨੇੜੇ ਵਧ ਰਹੀ ਸੀ ਅਤੇ ਤੜਕੇ ਪੁਲਿਸ ਨੇ ਭਾਰੀ ਸੰਖਿਆ ਨਾਲ ਇਹ ਕਾਰਵਾਈ ਕੀਤੀ। ਉਨ੍ਹਾਂ ਦੱਸਿਆ ਕਿ ਹਿਰਾਸਤ ਵਿੱਚ ਲਏ ਗਏ ਕਿਸਾਨਾਂ ਨੂੰ ਛੇਹਰਟਾ, ਮੱਤੇਵਾਲ ਅਤੇ ਮਹਿਤਾ ਆਦਿ ਥਾਣਿਆਂ ਵਿੱਚ ਲਿਜਾਇਆ ਗਿਆ ਹੈ।

ਇਸ ਤੋਂ ਪਹਿਲਾਂ ਕਿਸਾਨ ਜਥੇਬੰਦੀ ਦੇ ਕਾਰਕੁਨਾਂ ਵੱਲੋਂ ਮੌਕੇ 'ਤੇ ਕੁਝ ਵੀਡੀਓ ਬਣਾਈਆਂ ਗਈਆਂ ਸਨ ਜੋ ਬਾਅਦ ਵਿੱਚ ਵਾਇਰਲ ਹੋਈਆਂ ਹਨ। ਪਤਾ ਲੱਗਾ ਹੈ ਕਿ ਤੜਕੇ ਪੁਲੀਸ ਵੱਲੋਂ ਧਰਨਾ ਦੇ ਰਹੇ ਕਿਸਾਨਾਂ ਨੂੰ ਸੜਕ ਖਾਲੀ ਕਰਨ ਲਈ ਆਖਿਆ ਗਿਆ ਤਾਂ ਜੋ ਸੜਕੀ ਆਵਾਜਾਈ ਬਹਾਲ ਹੋ ਸਕੇ। ਦੂਜੇ ਪਾਸੇ, ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਸੜਕ ਖਾਲੀ ਕਰਨ ਦੀ ਗੱਲ ਨੂੰ ਮੰਨਦਿਆਂ ਪੁਲੀਸ ਨੂੰ ਆਖਿਆ ਕਿ ਉਨ੍ਹਾਂ ਨੂੰ ਕੋਈ ਹੋਰ ਥਾਂ ਦੇ ਦਿੱਤੀ ਜਾਵੇ। ਇਸ ਦੌਰਾਨ ਪੁਲੀਸ ਨੇ ਧਰਨਾਕਾਰੀਆਂ ਨੂੰ ਜਬਰੀ ਬੱਸਾਂ ਵਿੱਚ ਭਰ ਲਿਆ ਅਤੇ ਉਨ੍ਹਾਂ ਨੂੰ ਲੈ ਗਏ।

ਸ਼੍ਰੀ ਚੱਬਾ ਨੇ ਦੱਸਿਆ ਕਿ ਕਿ ਪੁਲੀਸ ਕਾਰਵਾਈ ਖਿਲਾਫ ਜਥੇਬੰਦੀ ਦੇ ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਧਰਨੇ ਲਾਏ ਗਏ ਹਨ। ਘਸੀਟਪੁਰ ਅਤੇ ਗੋਹਲਵੜ ਨੇੜੇ ਦੋ ਥਾਵਾਂ 'ਤੇ ਰੇਲ ਪਟੜੀਆਂ 'ਤੇ ਵੀ ਧਰਨਾ ਦਿੱਤਾ ਗਿਆ ਹੈ ਜਦਕਿ ਸਰਹਾਲੀ ਨੇੜੇ ਸੜਕ ਤੇ ਧਰਨਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਾਮ ਤੱਕ ਹਿਰਾਸਤ ਵਿੱਚ ਲਏ ਕਿਸਾਨਾਂ ਨੂੰ ਰਿਹਾਅ ਨਹੀਂ ਕੀਤਾ ਗਿਆ ਸਗੋਂ ਸਰਕਾਰ ਵੱਲੋਂ ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਸੀ।

ਜ਼ਿਕਰਯੋਗ ਹੈ ਕਿ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਜਥੇਬੰਦੀ ਦੀਆਂ ਮੰਗਾਂ ਨੂੰ ਲੈ ਕੇ ਐਤਵਾਰ ਨੂੰ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਸੀ ਜਿਸ ਤਹਿਤ ਕਿਸਾਨ ਜਥੇਬੰਦੀ ਦੇ ਆਗੂ ਵੱਖ-ਵੱਖ ਥਾਵਾਂ ਤੋਂ ਜੱਥਿਆਂ ਸਮੇਤ ਡਿਪਟੀ ਕਮਿਸ਼ਨਰ ਦਫਤਰ ਪੁੱਜਣ ਲਈ ਤੁਰੇ ਸਨ ਪਰ ਪੁਲੀਸ ਵੱਲੋਂ ਉਨ੍ਹਾਂ ਨੂੰ ਸ਼ਹਿਰ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਰੋਕਾਂ ਲਾ ਕੇ ਰੋਕਿਆ ਗਿਆ ਸੀ।

ਕੁਝ ਥਾਵਾਂ ਤੇ ਪੁਲੀਸ ਅਤੇ ਕਿਸਾਨਾਂ ਵਿਚਾਲੇ ਧੱਕਾ ਮੁੱਕੀ ਵੀ ਹੋਈ ਅਤੇ ਲਾਠੀਚਾਰਜ ਵੀ ਕੀਤਾ ਗਿਆ ਜਿਸ ਵਿੱਚ ਕਈ ਕਿਸਾਨ ਜ਼ਖ਼ਮੀ ਹੋਏ ਅਤੇ ਇੱਕ ਪੁਲੀਸ ਅਧਿਕਾਰੀ ਵੀ ਜ਼ਖ਼ਮੀ ਹੋਇਆ ਸੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਸਰਕਾਰਾਂ ਤੁਰੰਤ ਸਖ਼ਤ ਕਨੂੰਨ ਬਣਾਉਣ: ਬਾਬਾ ਬਲਬੀਰ ਸਿੰਘ 96 ਕਰੋੜੀ

ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਗਾਤਾਰ ਹੋ ਰਹੀਆਂ ਬੇਅਦਬੀਆਂ ਸਿੱਖ ਕੌਮ ਦੇ ਮਾਣ ਸਨਮਾਨ ਨੂੰ ਢਾਹ ਲਾ ਰਹੀਆਂ ਉਹਨਾਂ ਦੋਸ਼ ਲਗਾਇਆ ਕਿ ਸਰਕਾਰਾਂ ਆਪਣੀ ਜ਼ੁੰਮੇਵਾਰੀ ਤੋਂ ਮੂੰਹ ਮੋੜ ਰਹੀਆਂ ਹਨ। ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਨ ਵਿੱਚ ਨਕਾਮ ਹੋਈਆਂ ਹਨ।



ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਵਾਪਰ ਰਹੀਆਂ ਘਟਨਾਵਾਂ ਤੇ ਚਿੰਤਾ ਵਿਅਕਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨਾਲ ਛੇੜਛਾੜ, ਪੱਤਰੇ (ਅੰਗ) ਪਾੜਨ ਸਾੜਨ ਅਤੇ ਘੋਰ ਬੇਅਦਬੀ ਦੀਆਂ ਦੁਖਦਾਈ ਘਟਨਾਵਾਂ ਗੁਰਦੁਆਰਾ ਸਾਹਿਬਾਨ ਅੰਦਰ ਹੀ ਵਾਪਰ ਰਹੀਆਂ ਹਨ। ਘਟਨਾ ਸਥਾਨ ਤੋਂ ਫੜੇ ਜਾਣ ਵਾਲਿਆਂ ਨੂੰ ਨੀਮ ਪਾਗਲ ਕਹਿ ਕੇ ਬੁੱਤਾ ਸਾਰਣ ਦਾ ਨਿੰਦਕ ਜਤਨ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਉਪਰ ਬਣਦੀ ਜੋ ਕਾਨੂੰਨੀ ਕਾਰਵਾਈ ਹੋ ਰਹੀ ਹੈ ਉਹ ਨਾਕਾਫੀ ਤੇ ਢਿੱਲੀ ਹੈ।

ਜਿਸ ਕਾਰਨ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨੀ ਧਾਰਾਵਾਂ ਅਪਰਾਧੀਆਂ ਨੂੰ ਸਖਤ ਸਜ਼ਾਵਾਂ ਦੇਣ 'ਚ ਅਸਰਦਾਰ ਸਾਬਿਤ ਨਹੀਂ ਹੋ ਰਹੀਆਂ ਹਨ ਉਨ੍ਹਾਂ ਇਹਨਾਂ ਕਾਨੂੰਨੀ ਧਾਰਾਵਾਂ ਵਿੱਚ ਸੋਧ ਕਰਕੇ ਨਵਾਂ ਸਖਤ ਕਾਨੂੰਨ ਬਣਾ ਕੇ ਬੇਅਦਬੀਆਂ ਦੇ ਮਾਮਲੇ ਵਿੱਚ ਸਖਤ ਸਜ਼ਾਵਾਂ ਨਿਰਧਾਰਿਤ ਕੀਤੀਆਂ ਜਾਣ ਇਹ ਸਿੱਖ ਸੰਗਤਾਂ ਦੀ ਭਾਵਨਾ ਦੀ ਤਰਜਮਾਨੀ ਵਾਲਾ ਅਮਲ ਹੈ ਜਿਸ ਨੂੰ ਸਰਕਾਰਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ 'ਤੇ ਤੁਰੰਤ ਹੀ ਸਖ਼ਤ ਕਨੂੰਨ ਬਣਾਉਣੇ ਚਾਹੀਦੇ ਹਨ।

# ਕਿਸਾਨ-ਮਜ਼ਦੂਰ ਵਿਰੋਧੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦਾ ਸੱਦਾ

## ਬਰਨਾਲਾ 'ਚ ਸਾਮਰਾਜ ਵਿਰੋਧੀ ਕਾਨਫਰੰਸ; ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ

ਬਰਨਾਲਾ : ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ 90 ਜਨਤਕ ਜਥੇਬੰਦੀਆਂ ਦੇ ਸੱਦੇ 'ਤੇ ਅੱਜ ਇੱਥੇ ਦਾਣਾ ਮੰਡੀ ਵਿੱਚ 'ਸਾਮਰਾਜ ਵਿਰੋਧੀ ਕਾਨਫਰੰਸ' ਕਰਵਾਈ ਗਈ। ਇਸ ਕਾਨਫਰੰਸ ਵਿੱਚ ਬੀ ਕੇ ਯੂ (ਏਕਤਾ)-ਉਗਰਾਹਾਂ, ਬੀ ਕੇ ਯੂ (ਡਕੌਂਦਾ)-ਧਨੇਰ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ (ਬੁੱਟਰ) ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ, ਖੇਤ ਮਜ਼ਦੂਰਾਂ, ਔਰਤਾਂ, ਸਨਅਤੀ ਕਾਮਿਆਂ ਅਤੇ ਮੁਲਾਜ਼ਮਾਂ ਨੇ ਸ਼ਮੂਲੀਅਤ ਕਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



ਕਾਨਫਰੰਸ ਦੌਰਾਨ ਬੁਲਾਰਿਆਂ ਨੇ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ਖ਼ਿਲਾਫ਼ ਛੇੜੀ ਜੰਗ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤੇ ਨੂੰ ਦੇਸ਼ ਧ੍ਰੋਹੀ ਕਰਾਰ ਦਿੰਦਿਆਂ ਇਸ ਖ਼ਿਲਾਫ਼ ਤਿੱਖੇ ਸੰਘਰਸ਼ ਦਾ ਐਲਾਨ ਕੀਤਾ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਮਗਨਰੇਗਾ ਖਤਮ ਕਰਨ, ਬਿਜਲੀ ਅਤੇ ਬੀਜ ਸੋਧ ਬਿੱਲ ਲਿਆਉਣ, ਮਜ਼ਦੂਰ ਵਿਰੋਧੀ ਕਿਰਤ ਕੋਡ ਲਾਗੂ ਕਰਨ ਅਤੇ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਖਿਲਾਫ਼ ਲੋਕ ਲਹਿਰ ਖੜ੍ਹੀ ਕਰਨੀ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਉਨ੍ਹਾਂ ਕਿਹਾ ਕਿ ਹਾਕਮ ਜਮਾਤਾਂ ਲੋਕਾਂ ਨੂੰ ਜਾਤ-ਪਾਤ, ਫਿਰਕੂ ਅਤੇ ਇਲਾਕਾਈ ਵੰਡੀਆਂ ਪਾ ਕੇ ਅਸਲ ਮੁੱਦਿਆਂ ਤੋਂ ਭਟਕਾ ਰਹੀਆਂ ਹਨ। ਉਨ੍ਹਾਂ ਦੇਸ਼ ਦੇ ਜਲ, ਜੰਗਲ, ਜ਼ਮੀਨਾਂ ਅਤੇ ਕੁਦਰਤੀ ਸੋਮਿਆਂ ਨੂੰ ਕਾਰਪੋਰੇਟਾਂ ਦੀ ਲੁੱਟ ਤੋਂ ਬਚਾਉਣ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ।

ਇਸ ਮੌਕੇ ਮਤਿਆਂ ਰਾਹੀਂ ਪੱਤਰਕਾਰ ਮਨਿੰਦਰਜੀਤ ਸਿੱਧੂ ਦਾ ਸੋਸ਼ਲ ਮੀਡੀਆ ਪੇਜ ਬੰਦ ਕਰਨ ਦੀ ਨਿਖੇਧੀ ਕੀਤੀ ਗਈ ਅਤੇ ਇਸ ਨੂੰ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਗਿਆ।

ਕਾਨਫਰੰਸ ਨੂੰ ਬੀ ਕੇ ਯੂ (ਏਕਤਾ)-ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਬੀ ਕੇ ਯੂ (ਡਕੌਂਦਾ)-ਧਨੇਰ ਦੇ ਪ੍ਰਧਾਨ ਮਨਜੀਤ ਸਿੰਘ ਧਨੇਰ, ਬੀ ਕੇ ਯੂ (ਕ੍ਰਾਂਤੀਕਾਰੀ ਪੰਜਾਬ)-ਬੁੱਟਰ ਦੇ ਕਨਵੀਨਰ ਹਰਭਜਨ ਸਿੰਘ ਬੁੱਟਰ, ਮਹਿਲਾ ਕਿਸਾਨ ਆਗੂ ਹਰਿੰਦਰ ਬਿੰਦੂ ਤੇ ਚਰਨਜੀਤ ਕੌਰ, ਗੁਰਦੀਪ ਸਿੰਘ ਰਾਮਪੁਰਾ, ਸ਼ਿੰਗਾਰਾ ਸਿੰਘ ਮਾਨ ਤੋਂ ਇਲਾਵਾ ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸਕੱਤਰ ਰੇਸ਼ਮ ਸਿੰਘ ਖੇਮੂਆਣਾ, ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਡੈਮੋਕਰੈਟਿਕ ਮੁਲਾਜ਼ਮ ਫਰੰਟ ਦੇ ਗੁਰਮੀਤ ਸਿੰਘ ਸੁਖਪੁਰਾ, ਕ੍ਰਾਂਤੀਕਾਰੀ ਸਾਬਕਾ ਸੈਨਿਕ ਯੂਨੀਅਨ ਦੇ ਮੇਲਾ ਸਿੰਘ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੇ ਹਰਜਿੰਦਰ ਸਿੰਘ ਤੇ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ।

# ਕਿਸਾਨਾਂ ਨੇ ਐਕਸਪ੍ਰੈੱਸਵੇਅ ਦਾ ਕੰਮ ਰੋਕਿਆ

## ਜ਼ਮੀਨ ਦਾ ਘੱਟ ਮੁਆਵਜ਼ਾ ਮਿਲਣ 'ਤੇ ਰੋਸ ਜ਼ਾਹਿਰ ਕਰ ਰਹੇ ਹਨ ਕਿਸਾਨ

ਮਹਿਲ ਕਲਾਂ : ਭਾਰਤ ਮਾਲਾ ਪ੍ਰਾਜੈਕਟ ਤਹਿਤ ਬਣ ਰਹੇ ਜੈਪੁਰ-ਕੱਟੜਾ ਐਕਸਪ੍ਰੈੱਸਵੇਅ ਦਾ ਅੱਜ ਕਿਸਾਨਾਂ ਵਲੋਂ ਬਰਨਾਲਾ ਜ਼ਿਲ੍ਹੇ ਦੇ 12 ਪਿੰਡਾਂ ਵਿੱਚ ਕੰਮ ਰੋਕਿਆ ਗਿਆ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਕਿਸਾਨ ਲੰਮੇ ਸਮੇਂ ਤੋਂ ਘੱਟ ਮੁਆਵਜ਼ਾ ਮਿਲਣ 'ਤੇ ਸੰਘਰਸ਼ ਕਰ ਰਹੇ ਹਨ। ਸੁਣਵਾਈ ਨਾ ਹੋਣ ਤੋਂ ਨਿਰਾਸ਼ ਹੋ ਕੇ ਉਨ੍ਹਾਂ ਹਾਈਵੇਅ ਦਾ ਕੰਮ ਰੁਕਵਾ ਦਿੱਤਾ।



ਵੇਰਵਿਆਂ ਮੁਤਾਬਕ ਕਿਸਾਨ ਜਥੇਬੰਦੀਆਂ ਅਤੇ ਰੋਡ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਕਿਸਾਨਾਂ ਵਲੋਂ ਪਿੰਡ ਗਾਗੇਵਾਲ, ਰਾਮਗੜ੍ਹ, ਵਿਧਾਤੇ, ਮੂੰਮ, ਗਹਿਲ ਸਮੇਤ ਵੱਖ-ਵੱਖ ਪਿੰਡਾਂ ਵਿੱਚ ਕੰਮ ਰੋਕ ਕੇ ਧਰਨੇ ਸ਼ੁਰੂ ਕਰ ਦਿੱਤੇ ਗਏ ਹਨ। ਇਸ ਦੌਰਾਨ ਨੈਸ਼ਨਲ ਹਾਈਵੇਅ 'ਤੇ ਗੱਡੀਆਂ ਅਤੇ ਸੜਕ ਬਣਾ ਰਹੀ ਕੰਪਨੀ ਦੇ ਵਾਹਨ ਵੀ ਘੇਰੇ ਗਏ। ਰੋਡ ਸੰਘਰਸ਼ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਗਹਿਲ ਅਤੇ ਜਸਪ੍ਰੀਤ ਸਿੰਘ ਜੱਸਾ ਨੇ ਦੱਸਿਆ ਕਿ ਇਸ ਹਾਈਵੇਅ ਅਧੀਨ ਆਉਂਦੀਆਂ ਜ਼ਮੀਨਾਂ ਦੇ ਮਾਲਕ ਕਿਸਾਨਾਂ ਨੂੰ ਬਹੁਤ ਘੱਟ ਮੁਆਵਜ਼ੇ ਦਿੱਤੇ ਗਏ ਹਨ। ਬਰਨਾਲਾ ਜ਼ਿਲ੍ਹੇ ਵਿੱਚ ਕਿਸਾਨਾਂ ਨੂੰ ਕੇਵਲ 58 ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਗਿਆ ਹੈ ਜਦਕਿ ਲੁਧਿਆਣਾ ਜ਼ਿਲ੍ਹੇ ਵਿੱਚ ਇਹੀ ਮੁਆਵਜ਼ਾ 80 ਲੱਖ ਰੁਪਏ ਪ੍ਰਤੀ ਏਕੜ ਹੈ। ਬਰਨਾਲਾ ਦੇ ਕਿਸਾਨ ਲੁਧਿਆਣਾ ਦੀ ਤਰਜ਼ 'ਤੇ ਮੁਆਵਜ਼ਾ ਦੇਣ ਦੀ ਮੰਗ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਦੋਫ਼ਾੜ ਹੋਈਆਂ ਜ਼ਮੀਨਾਂ ਦੇ ਬਕਾਇਆ ਮੁਆਵਜ਼ੇ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਨੂੰ ਤੁਰੰਤ ਜਾਰੀ ਕੀਤਾ ਜਾਵੇ। ਇਸ ਤੋਂ ਇਲਾਵਾ ਕੁਝ ਕਿਸਾਨਾਂ ਨੇ ਮੁਆਵਜ਼ਾ ਰਾਸ਼ੀ ਪ੍ਰਵਾਨ ਨਹੀਂ ਕੀਤੀ ਪਰ ਪ੍ਰਸ਼ਾਸਨ ਉਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਐਕੁਆਇਰ ਕਰ ਰਿਹਾ ਹੈ ਜਿਸ ਦਾ ਉਹ ਵਿਰੋਧ ਕਰ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦ ਤੱਕ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਉਹ ਹਾਈਵੇ ਦਾ ਕੰਮ ਚੱਲਣ ਨਹੀਂ ਦੇਣਗੇ। ਕਿਸਾਨਾਂ ਦੀ ਇਸ ਕਾਰਵਾਈ ਤੋਂ ਬਾਅਦ ਤਪਾ ਮੰਡੀ ਦੇ ਤਹਿਸੀਲਦਾਰ ਮੌਕੇ ਉਤੇ ਪਹੁੰਚੇ ਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣ ਦਾ ਭਰੋਸਾ ਦਿੱਤਾ।

# ਪੰਜਾਬ 'ਚ ਇਕ ਹੋਰ ਕਿਸਾਨ ਮੋਰਚਾ ਬਣਿਆ

## ਮੋਰਚੇ ਨੇ ਪੰਜਾਬ 'ਚ ਖਸ-ਖਸ ਦੀ ਖੇਤੀ ਅਤੇ ਅਫੀਮ-ਭੁੱਕੀ ਦੇ ਠੇਕੇ ਖੋਲ੍ਹਣ ਦੀ ਕੀਤੀ ਮੰਗ

ਚੰਡੀਗੜ੍ਹ : ਪੰਜਾਬ ਦੀਆਂ 11 ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨਾਂ, ਮਜ਼ਦੂਰਾਂ ਤੇ ਸਮੂਹ ਪੰਜਾਬੀਆਂ ਦੀਆਂ ਮੰਗਾਂ ਨੂੰ ਚੁੱਕਣ ਲਈ ਅੱਜ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਆਜ਼ਾਦ ਕਿਸਾਨ ਮੋਰਚਾ ਪੰਜਾਬ ਦਾ ਗਠਨ ਕੀਤਾ ਗਿਆ ਹੈ। ਇਸ ਵਿੱਚ ਭਾਰਤੀ ਕਿਸਾਨ ਯੂਨੀਅਨ (ਤੋਤੇਵਾਲ) ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ, ਭਾਰਤੀ ਕਿਸਾਨ ਯੂਨੀਅਨ ਮਝੈਲ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਸੰਧੂ ਹਰੀਕੇ, ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ, ਬਾਗੀ ਕਿਸਾਨ ਯੂਨੀਅਨ ਦੁਆਬਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਜੱਬੋਵਾਲ ਕਪੂਰਥਲਾ, ਸ਼ੇਰੇ ਪੰਜਾਬ ਕਿਸਾਨ ਮਜਦੂਰ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਨਛੱਤਰ ਸਿੰਘ ਕਪੂਰਥਲਾ, ਸਰਬੱਤ ਦਾ ਭਲਾ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਜਗਦੀਪ ਸਿੰਘ ਖਾਲਸਾ ਮੋਗਾ, ਆਲ ਇੰਡੀਆ ਕਿਸਾਨ ਯੂਨੀਅਨ ਫਤਿਹ ਦੇ ਪ੍ਰਧਾਨ ਸ਼ਰਨਜੀਤ ਸਿੰਘ ਸਰਾਂ ਫਰੀਦਕੋਟ, ਭਾਰਤੀ ਕਿਸਾਨ ਯੂਨੀਅਨ ਬੰਬ ਦੇ ਪ੍ਰਧਾਨ ਸਾਰਜ ਸਿੰਘ ਜੀਰਾ, ਭਾਰਤੀ ਕਿਸਾਨ-ਮਜ਼ਦੂਰ ਯੂਨੀਅਨ ਦੀਪ ਸਿੱਧੂ ਦੇ ਪ੍ਰਧਾਨ ਸਵਰਨ ਸਿੰਘ ਕੋਟ ਕਰੋੜ ਫਿਰੋਜ਼ਪੁਰ, ਇਨਸਾਫ਼ ਟੀਮ ਖਸ-ਖਸ ਖੇਤੀ ਦੀ ਮੰਗ ਦੇ ਸੂਬਾ ਪ੍ਰਧਾਨ ਜਗਮੀਤ ਸਿੰਘ ਜੱਗਾ, ਸ਼ੰਕਰ ਸਿੰਘ ਚੰਡੀਗੜ੍ਹ, ਸ਼ੇਰੇ ਪੰਜਾਬ ਟੋਲ ਪਲਾਜ਼ਾ ਵਰਕਰ ਯੂਨੀਅਨ ਦੇ ਚੇਅਰਮੈਨ ਰਾਹੁਲ ਖੁੱਲਰ ਸ਼ਾਮਲ ਹਨ। ਇਨ੍ਹਾਂ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਪੰਜਾਬ 'ਚ ਖਸ ਖਸ ਦੀ ਖੇਤੀ ਸ਼ੁਰੂ ਕਰਵਾਉਣ ਅਤੇ ਭੁੱਕੀ-ਅਫ਼ੀਮ ਦੇ ਠੇਕੇ ਖੋਲ੍ਹਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਹੜ੍ਹ ਪੀੜਤਾਂ ਦੇ ਮੁਆਵਜ਼ੇ ਦਾ ਬਕਾਇਆ ਜਲਦ ਖਾਤਿਆਂ 'ਚ ਪਾਉਣ, ਅਬਾਦਕਾਰ ਕਿਸਾਨਾਂ ਨੂੰ ਜ਼ਮੀਨਾਂ ਦਾ ਮਾਲਿਕਾਨਾ ਹੱਕ ਦਿਵਾਉਣਾ, ਪੰਜਾਬ 'ਚ ਬੈਂਕਾਂ ਦੇ ਕਰਜੇ ਨੂੰ ਮੁਆਫ਼ ਕਰਵਾਉਣ, ਬੰਦੀ ਸਿੰਘਾਂ ਦੀ ਰਿਹਾਈ ਅਤੇ ਚਾਰੋਂ ਗ੍ਰੰਥਾਂ ਦੀਆਂ ਬੇਅਦਬੀਆਂ 'ਤੇ ਸਖਤ ਕਾਨੂੰਨ ਬਣਾਉਣ ਦੀ ਮੰਗ ਕੀਤੀ।



# ਰਾਮਲੀਲਾ ਮੈਦਾਨ 'ਚ ਕਿਸਾਨਾਂ ਦਾ ਹੜ੍ਹ

## ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੀ ਮਹਾਂਪੰਚਾਇਤ ਨੇ ਹਿਲਾਏ ਦਿੱਲੀ ਦੇ ਤਖ਼ਤ






ਨਵੀਂ ਦਿੱਲੀ : ਦੇਸ਼ ਦੀ ਰਾਜਧਾਨੀ ਦੇ ਦਿਲ ਰਾਮਲੀਲਾ ਮੈਦਾਨ ਵਿੱਚ ਅੱਜ ਇੱਕ ਵਾਰ ਫਿਰ ਕਿਸਾਨੀ ਸੰਘਰਸ਼ ਦੀ ਗੂੰਜ ਸੁਣਾਈ ਦਿੱਤੀ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਸੱਦੇ 'ਤੇ ਦੇਸ਼ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਨੇ ਦਿੱਲੀ ਪਹੁੰਚ ਕੇ ਮਹਾਂਪੰਚਾਇਤ ਕੀਤੀ। ਹੱਥਾਂ ਵਿੱਚ ਮੰਗਾਂ ਵਾਲੀਆਂ ਤਖ਼ਤੀਆਂ (Placards) ਅਤੇ ਹਵਾ ਵਿੱਚ 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਪੂਰਾ ਮੈਦਾਨ ਕੇਸਰੀ ਅਤੇ ਹਰੇ ਰੰਗ ਵਿੱਚ ਰੰਗਿਆ ਨਜ਼ਰ ਆਇਆ।

ਕਿਸਾਨਾਂ ਦੀਆਂ ਮੁੱਖ ਮੰਗਾਂ

ਮਹਾਂਪੰਚਾਇਤ ਦੌਰਾਨ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦਿਆਂ ਕਈ ਅਹਿਮ ਮੰਗਾਂ ਦੁਹਰਾਈਆਂ:

MSP ਦੀ ਕਾਨੂੰਨੀ ਗਾਰੰਟੀ: ਸਾਰੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (MSP) ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਕਾਨੂੰਨੀ ਗਾਰੰਟੀ ਦਿੱਤੀ ਜਾਵੇ।

ਕਰਜ਼ਾ ਮੁਕਤੀ: ਦੇਸ਼ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਪੂਰਾ ਕਰਜ਼ਾ ਮਾਫ਼ ਕੀਤਾ ਜਾਵੇ।

ਲਖੀਮਪੁਰ ਖੀਰੀ ਇਨਸਾਫ਼: ਹਾਦਸੇ ਦੇ ਪੀੜਤਾਂ ਨੂੰ ਇਨਸਾਫ਼ ਮਿਲੇ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਹੋਵੇ।

ਪੈਨਸ਼ਨ ਸਕੀਮ: 60 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ ਲਈ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।

ਏਕਤਾ ਅਤੇ ਜੋਸ਼ ਦਾ ਪ੍ਰਦਰਸ਼ਨ

ਮਹਾਂਪੰਚਾਇਤ ਵਿੱਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਸਮੇਤ ਕਈ ਰਾਜਾਂ ਤੋਂ ਕਿਸਾਨ ਆਪਣੇ-ਆਪਣੇ ਸਾਧਨਾਂ ਰਾਹੀਂ ਪਹੁੰਚੇ। ਕਈ ਕਿਸਾਨ ਹੱਥਾਂ ਵਿੱਚ ਅਜਿਹੀਆਂ ਤਖ਼ਤੀਆਂ ਫੜੀ ਖੜ੍ਹੇ ਸਨ ਜਿਨ੍ਹਾਂ 'ਤੇ ਲਿਖਿਆ ਸੀ - 'ਜੇ ਖੇਤ ਨਹੀਂ ਬਚਣਗੇ, ਤਾਂ ਦੇਸ਼ ਨਹੀਂ ਬਚੇਗਾ'। ਕਿਸਾਨਾਂ ਦੇ ਇਸ ਇਕੱਠ ਕਾਰਨ ਦਿੱਲੀ ਪੁਲਿਸ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ ਅਤੇ ਕਈ ਥਾਵਾਂ 'ਤੇ ਟ ?ੈਫਿਕ ਵੀ ਡਾਇਵਰਟ ਕੀਤਾ ਗਿਆ।

ਸਰਕਾਰ ਨੂੰ ਚੇਤਾਵਨੀ

ਮੰਚ ਤੋਂ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ, ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਮਹਾਂਪੰਚਾਇਤ ਸਿਰਫ਼ ਇੱਕ ਸ਼ੁਰੂਆਤ ਹੈ ਅਤੇ ਕਿਸਾਨ ਹੁਣ ਆਪਣੇ ਹੱਕ ਲਏ ਬਿਨਾਂ ਪਿੱਛੇ ਨਹੀਂ ਹਟਣਗੇ।

ਆਮ ਜਨਤਾ ਨੂੰ ਅਪੀਲ

ਕਿਸਾਨਾਂ ਨੇ ਦਿੱਲੀ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਉਨ੍ਹਾਂ ਦੇ ਇਸ ਸੰਘਰਸ਼ ਵਿੱਚ ਸਾਥ ਦੇਣ, ਕਿਉਂਕਿ ਇਹ ਲੜਾਈ ਸਿਰਫ਼ ਕਿਸਾਨਾਂ ਦੀ ਨਹੀਂ ਬਲਕਿ ਹਰ ਉਸ ਇਨਸਾਨ ਦੀ ਹੈ ਜੋ ਅੰਨ ਖਾਂਦਾ ਹੈ।

ਸ਼ਾਮ ਤੱਕ ਚੱਲੀ ਇਸ ਮਹਾਂਪੰਚਾਇਤ ਤੋਂ ਬਾਅਦ ਕਿਸਾਨਾਂ ਦੇ ਇੱਕ ਵਫ਼ਦ ਨੇ ਸਰਕਾਰ ਨੂੰ ਆਪਣਾ ਮੰਗ ਪੱਤਰ ਸੌਂਪਣ ਦੀ ਕੋਸ਼ਿਸ਼ ਕੀਤੀ। ਇਸ ਪ੍ਰਦਰਸ਼ਨ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਦੇਸ਼ ਦਾ ਅੰਨਦਾਤਾ ਆਪਣੇ ਹੱਕਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਅਤੇ ਇੱਕਜੁੱਟ ਹੈ।




# ਕੁਦਰਤ ਦੀ ਮਾਰ

## ਪਟਿਆਲਾ 'ਚ ਬੇਮੌਸਮੇ ਮੀਂਹ ਨੇ ਡੇਗੀ ਕਣਕ ਦੀ ਫ਼ਸਲ, ਕਿਸਾਨਾਂ ਦੀਆਂ ਅੱਖਾਂ 'ਚ ਆਏ ਹੰਝੂ




ਪਟਿਆਲਾ : ਪੰਜਾਬ ਦੇ ਅੰਨਦਾਤੇ 'ਤੇ ਇੱਕ ਵਾਰ ਫਿਰ ਕੁਦਰਤ ਦਾ ਕਹਿਰ ਟੁੱਟਿਆ ਹੈ। ਵੀਰਵਾਰ ਨੂੰ ਪਟਿਆਲਾ ਜ਼ਿਲ੍ਹੇ ਦੇ ਕਈ ਇਲਾਕਿਆਂ ਵਿੱਚ ਪਏ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਨੇ ਪੱਕਣ ਕਿਨਾਰੇ ਖੜ੍ਹੀ ਕਣਕ ਦੀ ਫ਼ਸਲ ਨੂੰ ਬੁਰੀ ਤਰ੍ਹਾਂ ਵਿਛਾ ਦਿੱਤਾ ਹੈ। ਖੇਤਾਂ ਵਿੱਚ ਆਪਣੀ ਮਿਹਨਤ ਨੂੰ ਮਿੱਟੀ ਵਿੱਚ ਮਿਲਦਿਆਂ ਦੇਖ ਕੇ ਕਿਸਾਨਾਂ ਦੇ ਚਿਹਰਿਆਂ 'ਤੇ ਮਾਯੂਸੀ ਛਾ ਗਈ ਹੈ।

**ਫ਼ਸਲ ਦਾ ਭਾਰੀ ਨੁਕਸਾਨ :** ਪਟਿਆਲਾ ਦੇ ਨੇੜਲੇ ਪਿੰਡਾਂ ਵਿੱਚ ਜਦੋਂ ਕਿਸਾਨਾਂ ਨੇ ਆਪਣੇ ਖੇਤਾਂ ਦਾ ਦੌਰਾ ਕੀਤਾ, ਤਾਂ ਕਣਕ ਦੀ ਫ਼ਸਲ ਪਾਣੀ ਵਿੱਚ ਡੁੱਬੀ ਹੋਈ ਪਾਈ ਗਈ। ਮਾਹਿਰਾਂ ਅਨੁਸਾਰ, ਇਸ ਸਮੇਂ ਪੈ ਰਿਹਾ ਮੀਂਹ ਕਣਕ ਲਈ ਬਹੁਤ ਘਾਤਕ ਹੈ ਕਿਉਂਕਿ:

ਫ਼ਸਲ ਦਾ ਡਿੱਗਣਾ (Lodging): ਤੇਜ਼ ਹਵਾਵਾਂ ਕਾਰਨ ਕਣਕ ਦੇ ਸਿੱਟੇ ਭਾਰੇ ਹੋਣ ਕਰਕੇ ਫ਼ਸਲ ਜ਼ਮੀਨ 'ਤੇ ਵਿਛ ਗਈ ਹੈ।

ਦਾਣੇ ਦਾ ਰੰਗ ਕਾਲਾ ਪੈਣਾ: ਪਾਣੀ ਖੜ੍ਹਨ ਕਾਰਨ ਕਣਕ ਦੇ ਦਾਣੇ ਦੀ ਚਮਕ ਖਤਮ ਹੋ ਸਕਦੀ ਹੈ ਅਤੇ ਉਹ ਕਾਲਾ ਪੈ ਸਕਦਾ ਹੈ।

ਝਾੜ ਵਿੱਚ ਕਮੀ: ਇਸ ਨੁਕਸਾਨ ਨਾਲ ਪ੍ਰਤੀ ਏਕੜ ਝਾੜ ਵਿੱਚ ਵੱਡੀ ਗਿਣਤੀ ਵਿੱਚ ਗਿਰਾਵਟ ਆਉਣ ਦਾ ਖਦਸ਼ਾ ਹੈ।

ਕਿਸਾਨਾਂ ਦੀ ਦੁਹਾਈ

ਆਪਣੇ ਖੇਤਾਂ ਵਿੱਚ ਖੜ੍ਹੇ ਇੱਕ ਪੀੜਤ ਕਿਸਾਨ ਨੇ ਦੱਸਿਆ, 'ਅਸੀਂ ਦਿਨ-ਰਾਤ ਇੱਕ ਕਰਕੇ ਫ਼ਸਲ ਪਾਲੀ ਸੀ ਅਤੇ ਹੁਣ ਜਦੋਂ ਵਾਢੀ ਦਾ ਸਮਾਂ ਨੇੜੇ ਆਇਆ, ਤਾਂ ਕੁਦਰਤ ਨੇ ਸਭ ਕੁਝ ਤਬਾਹ ਕਰ ਦਿੱਤਾ। ਹੁਣ ਸਾਨੂੰ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨਾ ਅਤੇ ਕਰਜ਼ੇ ਮੋੜਨਾ ਮੁਸ਼ਕਿਲ ਹੋ ਜਾਵੇਗਾ।'

ਸਰਕਾਰ ਤੋਂ ਮੁਆਵਜ਼ੇ ਦੀ ਮੰਗ

ਕਿਸਾਨ ਜਥੇਬੰਦੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪ੍ਰਭਾਵਿਤ ਇਲਾਕਿਆਂ ਦੀ ਤੁਰੰਤ 'ਗਿਰਦਾਵਰੀ' (ਨੁਕਸਾਨ ਦਾ ਜਾਇਜ਼ਾ) ਕਰਵਾਈ ਜਾਵੇ। ਉਨ੍ਹਾਂ ਮੰਗ ਕੀਤੀ ਹੈ ਕਿ:

1. ਖਰਾਬ ਹੋਈ ਫ਼ਸਲ ਲਈ ਕਿਸਾਨਾਂ ਨੂੰ ਬਣਦਾ ਯੋਗ ਮੁਆਵਜ਼ਾ ਦਿੱਤਾ ਜਾਵੇ।
2. ਮੰਡੀਆਂ ਵਿੱਚ ਕਣਕ ਦੀ ਖਰੀਦ ਦੌਰਾਨ ਨਮੀ (Moisture) ਦੀਆਂ ਸ਼ਰਤਾਂ ਵਿੱਚ ਛੋਟ ਦਿੱਤੀ ਜਾਵੇ।
3. ਖੇਤੀਬਾੜੀ ਵਿਭਾਗ ਦੇ ਅਧਿਕਾਰੀ ਖੇਤਾਂ ਵਿੱਚ ਜਾ ਕੇ ਕਿਸਾਨਾਂ ਨੂੰ ਬਚੀ ਹੋਈ ਫ਼ਸਲ ਨੂੰ ਸੰਭਾਲਣ ਦੇ ਨੁਕਤੇ ਦੱਸਣ।

ਮੌਸਮ ਵਿਭਾਗ ਦੀ ਚੇਤਾਵਨੀ

ਮੌਸਮ ਵਿਭਾਗ ਅਨੁਸਾਰ ਆਉਣ ਵਾਲੇ 24 ਤੋਂ 48 ਘੰਟਿਆਂ ਦੌਰਾਨ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਹੋਰ ਮੀਂਹ ਪੈਣ ਦੀ ਸੰਭਾਵਨਾ ਹੈ। ਵਿਭਾਗ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਫਿਲਹਾਲ ਫ਼ਸਲ ਨੂੰ ਪਾਣੀ ਨਾ ਲਗਾਉਣ ਅਤੇ ਮੌਸਮ ਸਾਫ਼ ਹੋਣ ਦੀ ਉਡੀਕ ਕਰਨ।

## ਸ਼ਹੀਦਾਂ ਦੀ ਯਾਦ ’ਚ ਲਖਨਊ ਦੇ ਅਖਾੜਿਆਂ ’ਚ ਭਿੜੇ ਪਹਿਲਵਾਨ

# ‘ਰੈਸਲਿੰਗ ਗੋਲਡ ਕੱਪ 2026’ ਰਾਹੀਂ ਦਿੱਤੀ ਗਈ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ







ਲਖਨਊ, : ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ (ਸ਼ਹੀਦੀ ਦਿਵਸ) ਦੇ ਮੌਕੇ ’ਤੇ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਖੇ ਇੱਕ ਵਿਸ਼ੇਸ਼ ਖੇਡ ਸਮਾਗਮ ਦਾ ਆਯੋਜਨ ਕੀਤਾ ਗਿਆ। ਸਥਾਨਕ ਕੇ.ਡੀ. ਸਿੰਘ ਬਾਬੂ ਸਟੇਡੀਅਮ ਵਿੱਚ ਰੈਸਲਿੰਗ ਐਸੋਸੀਏਸ਼ਨ ਵੱਲੋਂ ‘ਰੈਸਲਿੰਗ ਗੋਲਡ ਕੱਪ 2026’ ਕਰਵਾਇਆ ਗਿਆ, ਜਿਸ ਵਿੱਚ ਦੇਸ਼ ਭਰ ਦੇ ਚੋਟੀ ਦੇ ਪਹਿਲਵਾਨਾਂ ਨੇ ਆਪਣੀ ਤਾਕਤ ਅਤੇ ਤਕਨੀਕ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਖੇਡਾਂ ਰਾਹੀਂ ਦੇਸ਼ ਭਗਤੀ ਦਾ ਜਜ਼ਬਾ

ਬੁੱਧਵਾਰ ਨੂੰ ਹੋਏ ਇਸ ਮੁਕਾਬਲੇ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨਾ ਅਤੇ ਉਨ੍ਹਾਂ ਵਿੱਚ ਦੇਸ਼ ਦੇ ਸ਼ਹੀਦਾਂ ਪ੍ਰਤੀ ਸਨਮਾਨ ਦੀ ਭਾਵਨਾ ਪੈਦਾ ਕਰਨਾ ਸੀ। ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਨ ਦਾ ਇਹ ਇੱਕ ਨਿਵੇਕਲਾ ਤਰੀਕਾ ਹੈ, ਕਿਉਂਕਿ ਕੁਸ਼ਤੀ ਸਾਡੇ ਦੇਸ਼ ਦੀ ਮਿੱਟੀ ਨਾਲ ਜੁੜੀ ਖੇਡ ਹੈ ਅਤੇ ਸ਼ਹੀਦਾਂ ਨੇ ਵੀ ਇਸੇ ਮਿੱਟੀ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰੀਆਂ ਸਨ।

ਮੁਕਾਬਲੇ ਦੀਆਂ ਮੁੱਖ ਵਿਸ਼ੇਸ਼ਤਾਵਾਂ:

ਭਾਰੀ ਉਤਸ਼ਾਹ: ਸਟੇਡੀਅਮ ਦੇ ਅਖਾੜਿਆਂ ਵਿੱਚ ਪਹਿਲਵਾਨਾਂ ਵਿਚਕਾਰ ਬਹੁਤ ਹੀ ਫਸਵੇਂ ਮੁਕਾਬਲੇ ਦੇਖਣ ਨੂੰ ਮਿਲੇ। ਦਰਸ਼ਕਾਂ ਨੇ ’ਇਨਕਲਾਬ ਜ਼ਿੰਦਾਬਾਦ’ ਦੇ ਨਾਅਰਿਆਂ ਨਾਲ ਖਿਡਾਰੀਆਂ ਦਾ ਹੌਸਲਾ ਵਧਾਇਆ।

ਵੱਖ-ਵੱਖ ਵਰਗ: ਇਹ ਟੂਰਨਾਮੈਂਟ ਵੱਖ-ਵੱਖ ਭਾਰ ਵਰਗਾਂ ਵਿੱਚ ਕਰਵਾਇਆ ਗਿਆ, ਜਿਸ ਵਿੱਚ ਪੁਰਸ਼ ਅਤੇ ਮਹਿਲਾ ਪਹਿਲਵਾਨਾਂ ਨੇ ਬਰਾਬਰ ਦਾ ਜੋਸ਼ ਦਿਖਾਇਆ।

ਸ਼ਰਧਾਂਜਲੀ: ਖੇਡਾਂ ਦੀ ਸ਼ੁਰੂਆਤ ਤੋਂ ਪਹਿਲਾਂ ਸਾਰੇ ਖਿਡਾਰੀਆਂ ਅਤੇ ਪ੍ਰਬੰਧਕਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਜੇਤੂਆਂ ਦਾ ਸਨਮਾਨ

ਜੇਤੂ ਪਹਿਲਵਾਨਾਂ ਨੂੰ ਗੋਲਡ ਕੱਪ ਅਤੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨਾਂ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿੱਤ-ਹਾਰ ਤੋਂ ਉੱਪਰ ਉੱਠ ਕੇ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਅਨੁਸ਼ਾਸਨ ਅਤੇ ਸਖ਼ਤ ਮਿਹਨਤ ਦੀ ਲੋੜ ਹੈ, ਜੋ ਖੇਡਾਂ ਸਾਨੂੰ ਸਿਖਾਉਂਦੀਆਂ ਹਨ।

ਇਸ ਮੌਕੇ ਰੈਸਲਿੰਗ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ, ਸਾਬਕਾ ਖਿਡਾਰੀ ਅਤੇ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ। ਲਖਨਊ ਦਾ ਕੇ.ਡੀ. ਸਿੰਘ ਬਾਬੂ ਸਟੇਡੀਅਮ ਦੇਸ਼ ਭਗਤੀ ਦੇ ਗੀਤਾਂ ਅਤੇ ਪਹਿਲਵਾਨਾਂ ਦੇ ਦਾਅ-ਪੇਚਾਂ ਨਾਲ ਪੂਰਾ ਦਿਨ ਗੂੰਜਦਾ ਰਿਹਾ।

## ਲੈਬਨਾਨ ਤੋਂ 177 ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਵਤਨ ਵਾਪਸੀ

# ਬੇਰੂਤ ਤੋਂ ਦਿੱਲੀ ਲਈ ਰਵਾਨਾ ਹੋਈ ਦੂਜੀ ਵਿਸ਼ੇਸ਼ ਉਡਾਣ







ਬੇਰੂਤ (ਲੈਬਨਾਨ) : ਲੈਬਨਾਨ ਵਿੱਚ ਬਦਲਦੇ ਹਾਲਾਤਾਂ ਦੇ ਮੱਦੇਨਜ਼ਰ ਉੱਥੇ ਰਹਿ ਰਹੇ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਵਤਨ ਵਾਪਸੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਸ਼ਨੀਵਾਰ ਨੂੰ ਬੇਰੂਤ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸੈਂਕੜੇ ਭਾਰਤੀ ਨਾਗਰਿਕਾਂ ਨੂੰ ਲੈ ਕੇ ਦੂਜੀ ਵਿਸ਼ੇਸ਼ ਉਡਾਣ (Repatriation Flight) ਨਵੀਂ ਦਿੱਲੀ ਲਈ ਰਵਾਨਾ ਹੋਈ।

ਇਹ ਉਡਾਣ ਭਾਰਤੀ ਨਾਗਰਿਕਾਂ ਦੇ ਰੁਜ਼ਗਾਰਦਾਤਾ (Employer Company) ਵੱਲੋਂ ਵਿਸ਼ੇਸ਼ ਤੌਰ ’ਤੇ ਉਲੀਕੀ ਗਈ ਸੀ। ਕੰਪਨੀ ਨੇ ਆਪਣੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਅਤੇ ਲੈਬਨਾਨੀ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਇਸ ਚਾਰਟਰਡ ਫਲਾਈਟ ਦਾ ਪ੍ਰਬੰਧ ਕੀਤਾ। ਹਵਾਈ ਅੱਡੇ ’ਤੇ ਯਾਤਰੀਆਂ ਦੇ ਚਿਹਰਿਆਂ ’ਤੇ ਆਪਣੇ ਦੇਸ਼ ਪਰਤਣ ਦੀ ਖ਼ੁਸ਼ੀ ਅਤੇ ਰਾਹਤ ਸਾਫ਼ ਦੇਖੀ ਜਾ ਸਕਦੀ ਸੀ।

ਵਤਨ ਵਾਪਸੀ ਦੀ ਪ੍ਰਕਿਰਿਆ

ਬੇਰੂਤ ਹਵਾਈ ਅੱਡੇ ’ਤੇ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੇ ਯਾਤਰੀਆਂ ਦੀ ਸੁਵਿਧਾ ਲਈ ਸਾਰੇ ਜ਼ਰੂਰੀ ਕਾਗਜ਼ੀ ਕਾਰਵਾਈਆਂ ਵਿੱਚ ਸਹਾਇਤਾ ਕੀਤੀ। ਜਾਣਕਾਰੀ ਅਨੁਸਾਰ:

ਯਾਤਰੀਆਂ ਦੀ ਗਿਣਤੀ: ਇਸ ਦੂਜੀ ਉਡਾਣ ਵਿੱਚ ਕੁੱਲ 177 ਭਾਰਤੀ ਸਵਾਰ ਸਨ।

ਦੂਜੀ ਉਡਾਣ: ਇਸ ਤੋਂ ਪਹਿਲਾਂ ਵੀ ਇੱਕ ਉਡਾਣ ਰਾਹੀਂ ਭਾਰਤੀਆਂ ਦੇ ਇੱਕ ਜਥੇ ਨੂੰ ਸੁਰੱਖਿਅਤ ਭਾਰਤ ਪਹੁੰਚਾਇਆ ਜਾ ਚੁੱਕਾ ਹੈ।

ਮੰਜ਼ਿਲ: ਇਹ ਜਹਾਜ਼ ਸਿੱਧਾ ਨਵੀਂ ਦਿੱਲੀ ਪਹੁੰਚੇਗਾ, ਜਿੱਥੋਂ ਯਾਤਰੀ ਆਪਣੇ-ਆਪਣੇ ਸੂਬਿਆਂ ਲਈ ਰਵਾਨਾ ਹੋਣਗੇ।

ਭਾਰਤੀ ਦੂਤਾਵਾਸ ਦੀ ਭੂਮਿਕਾ

ਬੇਰੂਤ ਸਥਿਤ ਭਾਰਤੀ ਦੂਤਾਵਾਸ ਲੈਬਨਾਨ ਵਿੱਚ ਰਹਿ ਰਹੇ ਬਾਕੀ ਭਾਰਤੀ ਨਾਗਰਿਕਾਂ ਦੇ ਵੀ ਲਗਾਤਾਰ ਸੰਪਰਕ ਵਿੱਚ ਹੈ। ਦੂਤਾਵਾਸ ਨੇ ਭਾਰਤੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਥਾਨਕ ਪ੍ਰਸ਼ਾਸਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਹੈਲਪਲਾਈਨ ਨੰਬਰਾਂ ’ਤੇ ਸੰਪਰਕ ਕਰਨ।

ਭਾਰਤ ਪਰਤ ਰਹੇ ਨਾਗਰਿਕਾਂ ਦੇ ਪਰਿਵਾਰਾਂ ਨੇ ਭਾਰਤ ਸਰਕਾਰ ਅਤੇ ਸਬੰਧਤ ਕੰਪਨੀ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਮੁਸ਼ਕਿਲ ਘੜੀ ਵਿੱਚ ਉਨ੍ਹਾਂ ਦੇ ਜੀਆਂ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਈ।

## ਬਾਂਦਰਾਂ ਦੇ ਕਹਿਰ ਤੋਂ ਫ਼ਸਲ ਬਚਾਉਣ ਲਈ ਕਿਸਾਨ ਬਣਿਆ ‘ਭਾਲੂ’

# ਸੰਭਲ ਦੇ ਖੇਤਾਂ ’ਚ ਚਰਚਾ ਦਾ ਵਿਸ਼ਾ ਬਣਿਆ ਅਨੋਖਾ ਜੁਗਾੜ

ਸੰਭਲ (ਉੱਤਰ ਪ੍ਰਦੇਸ਼) : ਜਿੱਥੇ ਇੱਕ ਪਾਸੇ ਕਿਸਾਨ ਕੁਦਰਤੀ ਆਫ਼ਤਾਂ ਨਾਲ ਲੜ ਰਹੇ ਹਨ, ਉੱਥੇ ਹੀ ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲ੍ਹੇ ਦੇ ਕਿਸਾਨਾਂ ਲਈ ਜੰਗਲੀ ਜਾਨਵਰ ਅਤੇ ਖ਼ਾਸ ਕਰਕੇ ਬਾਂਦਰਾਂ ਦਾ ਕਹਿਰ ਇੱਕ ਵੱਡੀ ਮੁਸੀਬਤ ਬਣਿਆ ਹੋਇਆ ਹੈ। ਇਸ ਮੁਸੀਬਤ ਦਾ ਹੱਲ ਕੱਢਣ ਲਈ ਇੱਕ ਸਥਾਨਕ ਕਿਸਾਨ ਨੇ ਅਜਿਹਾ ‘ਦੇਸੀ ਜੁਗਾੜ’ ਲਗਾਇਆ ਹੈ ਕਿ ਹਰ ਕੋਈ ਹੈਰਾਨ ਰਹਿ ਗਿਆ। ਇਹ ਕਿਸਾਨ ਰੋਜ਼ਾਨਾ ਭਾਲੂ (ਰੀਛ) ਦੀ ਪੋਸ਼ਾਕ ਪਾ ਕੇ ਆਪਣੇ ਖੇਤਾਂ ਵਿੱਚ ਪਹਿਰਾ ਦਿੰਦਾ ਹੈ ਤਾਂ ਜੋ ਬਾਂਦਰਾਂ ਨੂੰ ਡਰਾ ਕੇ ਭਜਾਇਆ ਜਾ ਸਕੇ।

ਕਿਉਂ ਪਈ ਭਾਲੂ ਬਣਨ ਦੀ ਲੋੜ?

ਕਿਸਾਨ ਅਨੁਸਾਰ, ਬਾਂਦਰਾਂ ਦੇ ਝੁੰਡ ਮਿੰਟਾਂ ਵਿੱਚ ਹੀ ਪੂਰੀ ਫ਼ਸਲ ਤਬਾਹ ਕਰ ਦਿੰਦੇ ਹਨ। ਪਟਾਕੇ ਚਲਾਉਣ ਜਾਂ ਡੰਡੇ ਨਾਲ ਡਰਾਉਣ ਦਾ ਬਾਂਦਰਾਂ ’ਤੇ ਹੁਣ ਕੋਈ ਅਸਰ ਨਹੀਂ ਹੁੰਦਾ ਸੀ। ਇਸ ਲਈ ਕਿਸਾਨ ਨੇ ਬਾਜ਼ਾਰ ਵਿੱਚੋਂ ਭਾਲੂ ਵਰਗੀ ਦਿਖਣ ਵਾਲੀ ਇੱਕ ਗਰਮ ਅਤੇ ਡਰਾਉਣੀ ਪੋਸ਼ਾਕ ਖਰੀਦੀ। ਜਦੋਂ ਵੀ ਬਾਂਦਰਾਂ ਦਾ ਝੁੰਡ ਖੇਤਾਂ ਵੱਲ ਵਧਦਾ ਹੈ, ਤਾਂ ਕਿਸਾਨ ਇਹ ਪੋਸ਼ਾਕ ਪਾ ਕੇ ਖੇਤਾਂ ਵਿੱਚ ਘੁੰਮਣਾ ਸ਼ੁਰੂ ਕਰ ਦਿੰਦਾ ਹੈ। ਬਾਂਦਰ ਭਾਲੂ ਨੂੰ ਦੇਖ ਕੇ ਡਰ ਦੇ ਮਾਰੇ ਨੇੜੇ ਨਹੀਂ ਆਉਂਦੇ।





ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ ਤਸਵੀਰਾਂ : ਵੀਰਵਾਰ ਨੂੰ ਜਦੋਂ ਇਸ ‘ਭਾਲੂ ਰੂਪੀ ਕਿਸਾਨ’ ਦੀਆਂ ਤਸਵੀਰਾਂ ਸਾਹਮਣੇ ਆਈਆਂ, ਤਾਂ ਇਹ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਗਈਆਂ। ਲੋਕ ਜਿੱਥੇ ਕਿਸਾਨ ਦੀ ਸੂਝ-ਬੂਝ ਦੀ ਤਾਰੀਫ਼ ਕਰ ਰਹੇ ਹਨ, ਉੱਥੇ ਹੀ ਇਸ ਗੱਲ ’ਤੇ ਚਿੰਤਾ ਵੀ ਜਤਾ ਰਹੇ ਹਨ ਕਿ ਅੰਨਦਾਤੇ ਨੂੰ ਆਪਣੀ ਮਿਹਨਤ ਬਚਾਉਣ ਲਈ ਕਿਸ ਹੱਦ ਤੱਕ ਜਾਣਾ ਪੈ ਰਿਹਾ ਹੈ।

ਕਿਸਾਨਾਂ ਦੀਆਂ ਮੁਸ਼ਕਿਲਾਂ ਵੱਲ ਇਸ਼ਾਰਾ

ਇਹ ਘਟਨਾ ਸਿਰਫ਼ ਮਨੋਰੰਜਨ ਨਹੀਂ, ਸਗੋਂ ਪੇਂਡੂ ਖੇਤਰਾਂ ਵਿੱਚ ਕਿਸਾਨਾਂ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਵੱਲ ਵੀ ਇਸ਼ਾਰਾ ਕਰਦੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ:

ਫੈਂਸਿੰਗ ਦਾ ਖਰਚਾ: ਖੇਤਾਂ ਦੇ ਚਾਰੇ ਪਾਸੇ ਕੰਡਿਆਲੀ ਤਾਰ ਲਗਾਉਣਾ ਹਰ ਕਿਸਾਨ ਦੇ ਵੱਸ ਦੀ ਗੱਲ ਨਹੀਂ ਹੈ।

ਰਾਤ ਦਾ ਪਹਿਰਾ: ਜੰਗਲੀ ਜਾਨਵਰਾਂ ਕਾਰਨ ਕਿਸਾਨਾਂ ਨੂੰ ਕੜਾਕੇ ਦੀ ਠੰਢ ਅਤੇ ਗਰਮੀ ਵਿੱਚ ਵੀ ਖੇਤਾਂ ਵਿੱਚ ਰਾਤਾਂ ਕੱਟਣੀਆਂ ਪੈਂਦੀਆਂ ਹਨ।

ਸਰਕਾਰੀ ਸਹਾਇਤਾ ਦੀ ਮੰਗ: ਕਿਸਾਨਾਂ ਨੇ ਮੰਗ ਕੀਤੀ ਹੈ ਕਿ ਪ੍ਰਸ਼ਾਸਨ ਜੰਗਲੀ ਜਾਨਵਰਾਂ ਤੋਂ ਫ਼ਸਲਾਂ ਦੇ ਬਚਾਅ ਲਈ ਕੋਈ ਪੁਖਤਾ ਇੰਤਜ਼ਾਮ ਕਰੇ। ਸੰਭਲ ਦਾ ਇਹ ਕਿਸਾਨ ਹੁਣ ਇਲਾਕੇ ਵਿੱਚ ‘ਭਾਲੂ ਵਾਲੇ ਕਿਸਾਨ’ ਦੇ ਨਾਮ ਨਾਲ ਮਸ਼ਹੂਰ ਹੋ ਗਿਆ ਹੈ। ਹਾਲਾਂਕਿ ਇਹ ਤਰੀਕਾ ਕਾਫ਼ੀ ਕਾਰਗਰ ਸਾਬਤ ਹੋ ਰਿਹਾ ਹੈ, ਪਰ ਕਿਸਾਨ ਦਾ ਕਹਿਣਾ ਹੈ ਕਿ ਭਾਰੀ ਪੋਸ਼ਾਕ ਪਾ ਕੇ ਘੰਟਿਆਂ ਬੱਧੀ ਖੇਤਾਂ ਵਿੱਚ ਰਹਿਣਾ ਕਾਫ਼ੀ ਥਕਾਊ ਕੰਮ ਹੈ।

# ਹਿੰਦ ਮਹਾਂਸਾਗਰ ’ਚ ਭਾਰਤ ਦੀ ਵਧਦੀ ਤਾਕਤ

## ‘ਅਭਿਆਸ ਲੈਮਿਟੀਏ 2026’ ਵਿੱਚ ਭਾਰਤੀ ਜਲ ਸੈਨਾ ਦੇ ਆਈ.ਐਨ.ਐਸ. ਤ੍ਰਿਕੰਡ ਨੇ ਦਿਖਾਇਆ ਦਮ






ਪ੍ਰਾਸਲਿਨ ਟਾਪੂ (ਸੈਸ਼ਲਸ): ਭਾਰਤ ਅਤੇ ਸੈਸ਼ਲਸ ਦੇ ਰੱਖਿਆ ਸਬੰਧਾਂ ਵਿੱਚ ਇੱਕ ਨਵਾਂ ਅਧਿਆਏ ਲਿਖਦਿਆਂ, ਇਸ ਸਾਲ =ਅਭਿਆਸ ਲੈਮਿਟੀਏ 2026’ ਦਾ ਪਹਿਲਾ ‘ਟਰਾਈ-ਸਰਵਿਸਿਜ਼’ (ਤਿੰਨਾਂ ਸੈਨਾਵਾਂ ਦਾ ਸਾਂਝਾ) ਐਡੀਸ਼ਨ ਸੈਸ਼ਲਸ ਦੇ ਪ੍ਰਾਸਲਿਨ ਟਾਪੂ ’ਤੇ ਸ਼ੁਰੂ ਹੋਇਆ। ਇਸ ਮਹੱਤਵਪੂਰਨ ਅਭਿਆਸ ਵਿੱਚ ਭਾਰਤੀ ਜਲ ਸੈਨਾ ਦੇ ਅਤਿ-ਆਧੁਨਿਕ ਜੰਗੀ ਜਹਾਜ਼ INS ਤ੍ਰਿਕੰਡ (INS Trikand) ਨੇ ਆਪਣੀ ਮੌਜੂਦਗੀ ਦਰਜ ਕਰਵਾਈ ਹੈ।

ਤਿੰਨਾਂ ਸੈਨਾਵਾਂ ਦੀ ਪਹਿਲੀ ਸਾਂਝੀ ਸ਼ਮੂਲੀਅਤ

ਇਹ ਪਹਿਲੀ ਵਾਰ ਹੈ ਕਿ ‘ਲੈਮਿਟੀਏ’ ਅਭਿਆਸ ਵਿੱਚ ਭਾਰਤੀ ਥਲ ਸੈਨਾ (Indian Army), ਭਾਰਤੀ ਹਵਾਈ ਸੈਨਾ (Indian Air Force) ਅਤੇ ਭਾਰਤੀ ਜਲ ਸੈਨਾ (Indian Navy) ਇੱਕਠੇ ਹਿੱਸਾ ਲੈ ਰਹੀਆਂ ਹਨ। ਸੈਸ਼ਲਸ ਡਿਫੈਂਸ ਫੋਰਸਿਜ਼ (SDF) ਦੇ ਨਾਲ ਮਿਲ ਕੇ ਕੀਤਾ ਜਾ ਰਿਹਾ ਇਹ ਅਭਿਆਸ ਦੋਵਾਂ ਦੇਸ਼ਾਂ ਵਿਚਕਾਰ ਰੱਖਿਆ ਸਹਿਯੋਗ ਨੂੰ ਨਵੀਆਂ ਉਚਾਈਆਂ ’ਤੇ ਲੈ ਕੇ ਜਾਵੇਗਾ।

ਜੰਗੀ ਮਸ਼ਕਾਂ ਅਤੇ ਬ੍ਰੀਫਿੰਗ

ਐਤਵਾਰ ਨੂੰ ਪ੍ਰਾਸਲਿਨ ਟਾਪੂ ’ਤੇ ਆਯੋਜਿਤ ਕੀਤੇ ਗਏ ਅਭਿਆਸ ਦੌਰਾਨ ਦੋਵਾਂ ਦੇਸ਼ਾਂ ਦੇ ਸੈਨਿਕਾਂ ਨੂੰ ਵਿਸ਼ੇਸ਼ ਰਣਨੀਤਕ ਬ੍ਰੀਫਿੰਗ ਦਿੱਤੀ ਗਈ। ਇਸ ਦੌਰਾਨ:

ਸਾਂਝੀ ਰਣਨੀਤੀ: ਸਮੁੰਦਰੀ ਸੁਰੱਖਿਆ, ਅੱਤਵਾਦ ਵਿਰੋਧੀ ਕਾਰਵਾਈਆਂ ਅਤੇ ਕੁਦਰਤੀ ਆਫ਼ਤਾਂ ਦੌਰਾਨ ਰਾਹਤ ਕਾਰਜਾਂ ਲਈ ਸਾਂਝੀ ਯੋਜਨਾਬੰਦੀ ਕੀਤੀ ਗਈ।

ਤਕਨੀਕੀ ਤਾਲਮੇਲ: INS ਤ੍ਰਿਕੰਡ ਦੇ ਅਮਲੇ ਨੇ ਸੈਸ਼ਲਸ ਦੇ ਸੁਰੱਖਿਆ ਬਲਾਂ ਨਾਲ ਸਮੁੰਦਰੀ ਨਿਗਰਾਨੀ ਅਤੇ ਗਸ਼ਤ ਦੀਆਂ ਬਾਰੀਕੀਆਂ ਸਾਂਝੀਆਂ ਕੀਤੀਆਂ।

ਹਵਾਈ ਅਤੇ ਜ਼ਮੀਨੀ ਸਹਾਇਤਾ: ਹਵਾਈ ਸੈਨਾ ਅਤੇ ਥਲ ਸੈਨਾ ਦੇ ਦਸਤਿਆਂ ਨੇ ਜਟਿਲ ਹਾਲਾਤਾਂ ਵਿੱਚ ਤਾਲਮੇਲ ਬਿਠਾਉਣ ਦਾ ਅਭਿਆਸ ਕੀਤਾ।

ਹਿੰਦ ਮਹਾਂਸਾਗਰ ਵਿੱਚ ਸਥਿਰਤਾ ਦਾ ਟੀਚਾ

ਭਾਰਤੀ ਰੱਖਿਆ ਮੰਤਰਾਲੇ ਅਨੁਸਾਰ, ਇਸ ਅਭਿਆਸ ਦਾ ਮੁੱਖ ਉਦੇਸ਼ ਹਿੰਦ ਮਹਾਂਸਾਗਰ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਯਕੀਨੀ ਬਣਾਉਣਾ ਹੈ। ਸੈਸ਼ਲਸ ਭਾਰਤ ਦਾ ਇੱਕ ਮਹੱਤਵਪੂਰਨ ਸਮੁੰਦਰੀ ਗੁਆਂਢੀ ਹੈ ਅਤੇ ‘ਲੈਮਿਟੀਏ’ (ਜਿਸਦਾ ਅਰਥ ਫਰੈਂਚ ਭਾਸ਼ਾ ਵਿੱਚ ‘ਦੋਸਤੀ’ ਹੈ) ਅਭਿਆਸ ਰਾਹੀਂ ਦੋਵਾਂ ਦੇਸ਼ਾਂ ਦੀਆਂ ਫੌਜਾਂ ਇੱਕ-ਦੂਜੇ ਦੇ ਤਜ਼ਰਬਿਆਂ ਤੋਂ ਸਿੱਖ ਰਹੀਆਂ ਹਨ।

INS ਤ੍ਰਿਕੰਡ ਦੀ ਸ਼ਮੂਲੀਅਤ ਭਾਰਤ ਦੀ ‘ਸਾਗਰ’ (SAGAR - Security and Growth for All in the Region) ਨੀਤੀ ਦੇ ਤਹਿਤ ਇੱਕ ਅਹਿਮ ਕਦਮ ਹੈ, ਜੋ ਕਿ ਖੇਤਰ ਦੇ ਸਾਰੇ ਦੇਸ਼ਾਂ ਦੀ ਸੁਰੱਖਿਆ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਦੀ ਹੈ।

# ਖੇਤੀਬਾੜੀ ’ਚ ਨਵੀਆਂ ਪੁਲਾਂਘਾਂ ਪੁੱਟੇਗਾ ਪੰਜਾਬ

## ਮੁੱਖ ਮੰਤਰੀ ਭਗਵੰਤ ਮਾਨ ਨੇ PAU ਕਿਸਾਨ ਮੇਲੇ ’ਚ ਕਿਸਾਨਾਂ ਦਾ ਵਧਾਇਆ ਉਤਸ਼ਾਹ





ਲੁਧਿਆਣਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਲੁਧਿਆਣਾ ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਵਿਖੇ ਆਯੋਜਿਤ ਦੋ ਰੋਜ਼ਾ ’ਕਿਸਾਨ ਮੇਲੇ’ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਖੇਤੀਬਾੜੀ ਦੇ ਆਧੁਨਿਕੀਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਨਵੀਆਂ ਤਕਨੀਕਾਂ ਅਪਣਾਉਣ ’ਤੇ ਜ਼ੋਰ ਦਿੱਤਾ। ਮੇਲੇ ਦੌਰਾਨ ਮੁੱਖ ਮੰਤਰੀ ਨੇ ਕਿਸਾਨਾਂ, ਵਿਗਿਆਨੀਆਂ ਅਤੇ ਖੇਤੀ ਮਾਹਿਰਾਂ ਨਾਲ ਇੱਕ ਯਾਦਗਾਰੀ ਗਰੁੱਪ ਫੋਟੋ ਵੀ ਖਿਚਵਾਈ।

ਕਿਸਾਨਾਂ ਦੀ ਖੁਸ਼ਹਾਲੀ ਸਰਕਾਰ ਦੀ ਪਹਿਲ: ਭਗਵੰਤ ਮਾਨ

ਮੇਲੇ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਹੈ ਅਤੇ ਉਨ੍ਹਾਂ ਦੀ ਸਰਕਾਰ ਕਿਸਾਨਾਂ ਨੂੰ ਪਰੰਪਰਾਗਤ ਫ਼ਸਲੀ ਚੱਕਰ (ਕਣਕ-ਝੋਨਾ) ਵਿੱਚੋਂ ਕੱਢ ਕੇ ਲਾਹੇਵੰਦ ਖੇਤੀ ਵੱਲ ਲਿਜਾਣ ਲਈ ਵਚਨਬੱਧ ਹੈ। ਉਨ੍ਹਾਂ ਨੇ PAU ਦੇ ਵਿਗਿਆਨੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਤਿਆਰ ਕੀਤੇ ਗਏ ਨਵੇਂ ਬੀਜ ਅਤੇ ਤਕਨੀਕਾਂ ਕਿਸਾਨਾਂ ਲਈ ਵਰਦਾਨ ਸਾਬਤ ਹੋਣਗੀਆਂ।

ਮੇਲੇ ਦੀਆਂ ਮੁੱਖ ਵਿਸ਼ੇਸ਼ਤਾਵਾਂ:

ਨਵੀਆਂ ਤਕਨੀਕਾਂ ਦੀ ਪ੍ਰਦਰਸ਼ਨੀ: ਮੁੱਖ ਮੰਤਰੀ ਨੇ ਮੇਲੇ ਵਿੱਚ ਲੱਗੇ ਵੱਖ-ਵੱਖ ਸਟਾਲਾਂ ਦਾ ਦੌਰਾ ਕੀਤਾ, ਜਿੱਥੇ ਡਰੋਨ ਰਾਹੀਂ ਖਾਦਾਂ ਦਾ ਛਿੜਕਾਅ ਅਤੇ ਪਾਣੀ ਦੀ ਬਚਤ ਕਰਨ ਵਾਲੀਆਂ ਮਸ਼ੀਨਾਂ ਦੀ ਪ੍ਰਦਰਸ਼ਨੀ ਲਗਾਈ ਗਈ ਸੀ।

ਸਹਾਇਕ ਧੰਦਿਆਂ ’ਤੇ ਜ਼ੋਰ: CM ਮਾਨ ਨੇ ਕਿਸਾਨਾਂ ਨੂੰ ਡੇਅਰੀ ਫਾਰਮਿੰਗ, ਮਧੂ-ਮੱਖੀ ਪਾਲਣ ਅਤੇ ਬਾਗਬਾਨੀ ਵਰਗੇ ਸਹਾਇਕ ਧੰਦੇ ਅਪਣਾਉਣ ਦੀ ਅਪੀਲ ਕੀਤੀ।

ਸਿੱਧਾ ਸੰਵਾਦ: ਮੁੱਖ ਮੰਤਰੀ ਨੇ ਕਿਸਾਨਾਂ ਨਾਲ ਸਿੱਧੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਉਨ੍ਹਾਂ ਭਰੋਸਾ ਦਿੱਤਾ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਵਿਗਿਆਨਕ ਖੇਤੀ ਲਈ ਸੱਦਾ

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦੇ ਸਮੇਂ ਦੀ ਮੁੱਖ ਲੋੜ ’ਵਿਗਿਆਨਕ ਖੇਤੀ’ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀਬਾੜੀ ਮਾਹਿਰਾਂ ਦੀ ਸਲਾਹ ਅਨੁਸਾਰ ਹੀ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਤਾਂ ਜੋ ਖੇਤੀ ਖਰਚੇ ਘਟਾਏ ਜਾ ਸਕਣ ਅਤੇ ਵਾਤਾਵਰਣ ਨੂੰ ਵੀ ਬਚਾਇਆ ਜਾ ਸਕੇ।

ਇਸ ਮੌਕੇ ਖੇਤੀਬਾੜੀ ਮੰਤਰੀ, PAU ਦੇ ਵਾਈਸ ਚਾਂਸਲਰ ਅਤੇ ਹੋਰ ਉੱਚ ਅਧਿਕਾਰੀ ਵੀ ਮੌਜੂਦ ਸਨ। ਮੇਲੇ ਵਿੱਚ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਆਪਣੇ ਵਾਹਨਾਂ ਅਤੇ ਟਰੈਕਟਰਾਂ ਰਾਹੀਂ ਪਹੁੰਚੇ ਹੋਏ ਸਨ।

# ਅਕਸ਼ਰਧਾਮ ਮੰਦਰ ’ਚ ਸ਼ੋਭੇਗੀ ਨੀਲਕੰਠ ਵਰਣੀ ਦੀ 108 ਫੁੱਟ ਉੱਚੀ ਮੂਰਤੀ: ਦਿੱਲੀ ’ਚ ਸ਼ਰਧਾ ਅਤੇ ਕਲਾ ਦਾ ਅਦਭੁਤ ਸੰਗਮ

ਨਵੀਂ ਦਿੱਲੀ : ਰਾਜਧਾਨੀ ਦਿੱਲੀ ਦੇ ਪ੍ਰਸਿੱਧ ਸਵਾਮੀਨਾਰਾਇਣ ਅਕਸ਼ਰਧਾਮ ਮੰਦਰ ਵਿੱਚ ਇੱਕ ਹੋਰ ਇਤਿਹਾਸਕ ਅਧਿਆਏ ਜੁੜਨ ਜਾ ਰਿਹਾ ਹੈ। ਵੀਰਵਾਰ ਨੂੰ ਮੰਦਰ ਪਰਿਸਰ ਵਿੱਚ ਨੀਲਕੰਠ ਵਰਣੀ (ਭਗਵਾਨ ਸਵਾਮੀਨਾਰਾਇਣ ਦਾ ਬਾਲ ਸਰੂਪ) ਦੀ 108 ਫੁੱਟ ਉੱਚੀ ਵਿਸ਼ਾਲ ਮੂਰਤੀ ਦੇ ਦਰਸ਼ਨ ਕਰਵਾਏ ਗਏ। ਇਸ ਮੂਰਤੀ ਦੀ ਜਲਦ ਹੀ ਪੂਰੀ ਮਰਯਾਦਾ ਨਾਲ ਪ੍ਰਾਣ-ਪ੍ਰਤਿਸ਼ਠਾ (Consecration) ਕੀਤੀ ਜਾਵੇਗੀ।

ਇਹ ਮੂਰਤੀ ਭਗਵਾਨ ਸਵਾਮੀਨਾਰਾਇਣ ਦੇ ਉਸ ਸਰੂਪ ਨੂੰ ਦਰਸਾਉਂਦੀ ਹੈ ਜਦੋਂ ਉਹ ਬਾਲ ਅਵਸਥਾ ਵਿੱਚ ’ਨੀਲਕੰਠ ਵਰਣੀ’ ਦੇ ਰੂਪ ਵਿੱਚ ਪੂਰੇ ਭਾਰਤ ਦੀ ਅਧਿਆਤਮਿਕ ਯਾਤਰਾ ’ਤੇ ਨਿਕਲੇ ਸਨ। ਮੂਰਤੀ ਵਿੱਚ ਉਨ੍ਹਾਂ ਨੂੰ ਇੱਕ ਪੈਰ ’ਤੇ ਖੜ੍ਹੇ ਹੋ ਕੇ ਯੋਗ ਮੁਦਰਾ ਵਿੱਚ ਤਪੱਸਿਆ ਕਰਦੇ ਦਿਖਾਇਆ ਗਿਆ ਹੈ, ਜੋ ਕਿ ਤਿਆਗ, ਸੰਜਮ ਅਤੇ ਅਧਿਆਤਮਿਕ ਸ਼ਕਤੀ ਦਾ ਪ੍ਰਤੀਕ ਹੈ।

ਵਿਸ਼ਾਲ ਕੱਦ: 108 ਫੁੱਟ ਦੀ ਉਚਾਈ ਇਸ ਨੂੰ ਖੇਤਰ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਮੂਰਤੀਆਂ ਵਿੱਚੋਂ ਇੱਕ ਬਣਾਉਂਦੀ ਹੈ।

ਬਾਰੀਕ ਨੱਕਾਸ਼ੀ: ਮੂਰਤੀ ਨੂੰ ਤਿਆਰ ਕਰਨ ਵਿੱਚ ਵਰਤੀ ਗਈ ਕਲਾਕਾਰੀ ਅਤੇ ਨੱਕਾਸ਼ੀ ਭਾਰਤੀ ਸ਼ਿਲਪਕਲਾ ਦਾ ਉੱਤਮ ਨਮੂਨਾ ਹੈ।

ਅਧਿਆਤਮਿਕ ਮਹੱਤਵ: 108 ਦਾ ਅੰਕ ਭਾਰਤੀ ਪਰੰਪਰਾ ਵਿੱਚ ਬਹੁਤ ਸ਼ੁਭ ਮੰਨਿਆ ਜਾਂਦਾ ਹੈ, ਜੋ ਕਿ ਮਾਲਾ ਦੇ ਮਣਕਿਆਂ ਦੀ ਸੰਖਿਆ ਨੂੰ ਵੀ ਦਰਸਾਉਂਦਾ ਹੈ।

ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ

ਮੂਰਤੀ ਦੇ ਉਦਘਾਟਨ ਅਤੇ ਪ੍ਰਾਣ-ਪ੍ਰਤਿਸ਼ਠਾ ਸਮਾਰੋਹ ਦੀਆਂ ਤਿਆਰੀਆਂ ਜ਼ੋਰਾਂ ’ਤੇ ਹਨ। ਅਕਸ਼ਰਧਾਮ ਮੰਦਰ ਪ੍ਰਬੰਧਕਾਂ ਅਨੁਸਾਰ, ਇਹ ਮੂਰਤੀ ਦੁਨੀਆ ਭਰ ਤੋਂ ਆਉਣ ਵਾਲੇ ਸੈਲਾਨੀਆਂ ਅਤੇ ਸ਼ਰਧਾਲੂਆਂ ਲਈ ਖਿੱਚ ਦਾ ਮੁੱਖ ਕੇਂਦਰ ਹੋਵੇਗੀ। ਵੀਰਵਾਰ ਨੂੰ ਜਦੋਂ ਮੂਰਤੀ ਦੀ ਪਹਿਲੀ ਝਲਕ ਸਾਹਮਣੇ ਆਈ, ਤਾਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਸ ਦੇ ਦਰਸ਼ਨਾਂ ਲਈ ਉਮੜ ਪਏ।

ਅਕਸ਼ਰਧਾਮ ਮੰਦਰ ਪਹਿਲਾਂ ਹੀ ਆਪਣੀ ਵਾਸਤੂਕਲਾ ਅਤੇ ਲਾਈਟ ਐਂਡ ਸਾਊਂਡ ਸ਼ੋਅ ਲਈ ਮਸ਼ਹੂਰ ਹੈ। ਹੁਣ ਇਸ 108 ਫੁੱਟ ਉੱਚੀ ਮੂਰਤੀ ਦੇ ਸਥਾਪਿਤ ਹੋਣ ਨਾਲ ਦਿੱਲੀ ਦੇ ਸੱਭਿਆਚਾਰਕ ਅਤੇ ਅਧਿਆਤਮਿਕ ਸੈਰ-ਸਪਾਟੇ ਨੂੰ ਹੋਰ ਵੀ ਹੁਲਾਰਾ ਮਿਲੇਗਾ।



## ਮਹਾਂ ਅਸ਼ਟਮੀ ਦੀ ਰੌਣਕ

# ਸੈਂਕੜੇ ਕੰਨਿਆਵਾਂ ਦਾ ਪੂਜਨ ਕਰਕੇ ਲਿਆ ਆਸ਼ੀਰਵਾਦ, ਭਗਤੀ ਦੇ ਰੰਗ 'ਚ ਰੰਗਿਆ ਭਾਰਤ








ਨਵੀਂ ਦਿੱਲੀ : ਚੈਤਰ ਨਵਰਾਤਰੀ 2026 ਦੇ ਅੱਠਵੇਂ ਦਿਨ, ਯਾਨੀ ਮਹਾਂ ਅਸ਼ਟਮੀ ਦੇ ਸ਼ੁਭ ਅਵਸਰ 'ਤੇ ਅਥਾਹ ਸ਼ਰਧਾ ਅਤੇ ਉਤਸ਼ਾਹ ਦੇਖਣ ਨੂੰ ਮਿਲਿਆ। ਵੀਰਵਾਰ ਸਵੇਰੇ ਮੰਦਰ ਪਰਿਸਰ ਵਿੱਚ ਵਿਸ਼ੇਸ਼ 'ਕੰਨਿਆ ਪੂਜਨ' ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਜ਼ਾਰਾਂ ਸ਼ਰਧਾਲੂਆਂ ਨੇ ਮਾਂ ਦੁਰਗਾ ਦੇ ਸਰੂਪ ਵਜੋਂ ਨਿੱਕੀਆਂ ਕੰਨਿਆਵਾਂ ਦੀ ਪੂਜਾ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਲਿਆ।

ਰਵਾਇਤੀ ਮਰਯਾਦਾ ਨਾਲ ਹੋਇਆ ਪੂਜਨ

ਮੰਦਰ ਪ੍ਰਬੰਧਕਾਂ ਵੱਲੋਂ ਕੀਤੇ ਗਏ ਵਿਸ਼ੇਸ਼ ਪ੍ਰਬੰਧਾਂ ਤਹਿਤ ਸੈਂਕੜੇ ਕੰਨਿਆਵਾਂ ਨੂੰ ਸਤਿਕਾਰ ਸਹਿਤ ਮੰਦਰ ਬੁਲਾਇਆ ਗਿਆ। ਪੂਜਾ ਦੀ ਸ਼ੁਰੂਆਤ ਕੰਨਿਆਵਾਂ ਦੇ ਚਰਨ ਧੋ ਕੇ ਕੀਤੀ ਗਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਤਿਲਕ ਲਗਾਇਆ ਗਿਆ ਅਤੇ ਮੌਲੀ (ਰੱਖਿਆ ਸੂਤਰ) ਬੰਨ੍ਹੀ ਗਈ। ਸ਼ਰਧਾਲੂਆਂ ਨੇ ਕੰਨਿਆਵਾਂ ਨੂੰ ਮਾਂ ਦਾ ਪ੍ਰਸਾਦ (ਹਲਵਾ, ਪੂੜੀ ਅਤੇ ਚਨੇ) ਛਕਾਇਆ ਅਤੇ ਆਪਣੀ ਸ਼ਰਧਾ ਅਨੁਸਾਰ ਉਪਹਾਰ ਤੇ ਦਕਸ਼ਿਣਾ ਭੇਟ ਕੀਤੀ।

ਸਮਾਗਮ ਦੀਆਂ ਮੁੱਖ ਗੱਲਾਂ:

ਧਾਰਮਿਕ ਮਹੱਤਵ: ਮਾਨਤਾ ਹੈ ਕਿ ਅਸ਼ਟਮੀ ਦੇ ਦਿਨ ਕੰਨਿਆ ਪੂਜਨ ਕਰਨ ਨਾਲ ਮਾਂ ਭਗਵਤੀ ਪ੍ਰਸੰਨ ਹੁੰਦੀ ਹੈ ਅਤੇ ਘਰ ਵਿੱਚ ਸੁਖ-ਸਮ੍ਰਿੱਧੀ ਆਉਂਦੀ ਹੈ।

ਸੁਰੱਖਿਆ ਅਤੇ ਸਹੂਲਤਾਂ: ਭਾਰੀ ਭੀੜ ਨੂੰ ਦੇਖਦਿਆਂ ਮੰਦਰ ਦੇ ਸੈਂਕੜੇ ਸੇਵਾਦਾਰ ਅਤੇ ਦਿੱਲੀ ਪੁਲਿਸ ਦੇ ਜਵਾਨ ਤਾਇਨਾਤ ਸਨ। ਸ਼ਰਧਾਲੂਆਂ ਲਈ ਵੱਖਰੀਆਂ ਕਤਾਰਾਂ ਬਣਾਈਆਂ ਗਈਆਂ ਸਨ ਤਾਂ ਜੋ ਦਰਸ਼ਨ ਅਤੇ ਪੂਜਨ ਸੁਖਾਲਾ ਹੋ ਸਕੇ।

ਭਗਤੀਮਈ ਮਾਹੌਲ: ਮੰਦਰ ਨੂੰ ਰੰਗ-ਬਿਰੰਗੇ ਫੁੱਲਾਂ ਅਤੇ ਲਾਈਟਾਂ ਨਾਲ ਬਹੁਤ ਹੀ ਖੂਬਸੂਰਤੀ ਨਾਲ ਸਜਾਇਆ ਗਿਆ ਸੀ। ਸਵੇਰ ਤੋਂ ਹੀ 'ਜੈ ਮਾਤਾ ਦੀ' ਦੇ ਜੈਕਾਰਿਆਂ ਨਾਲ ਪੂਰਾ ਇਲਾਕਾ ਗੂੰਜ ਰਿਹਾ ਸੀ।

ਨਾਰੀ ਸ਼ਕਤੀ ਦਾ ਸਨਮਾਨ

ਇਸ ਮੌਕੇ ਮੰਦਰ ਦੇ ਮੁੱਖ ਪੁਜਾਰੀ ਨੇ ਸੰਦੇਸ਼ ਦਿੱਤਾ ਕਿ ਕੰਨਿਆ ਪੂਜਨ ਸਿਰਫ਼ ਇੱਕ ਧਾਰਮਿਕ ਰਸਮ ਨਹੀਂ ਹੈ, ਸਗੋਂ ਇਹ ਸਮਾਜ ਵਿੱਚ ਨਾਰੀ ਸ਼ਕਤੀ ਦੇ ਸਨਮਾਨ ਅਤੇ ਧੀਆਂ ਦੀ ਸੁਰੱਖਿਆ ਦਾ ਪ੍ਰਤੀਕ ਹੈ। ਉਨ੍ਹਾਂ ਅਪੀਲ ਕੀਤੀ ਕਿ ਸਾਨੂੰ ਹਰ ਦਿਨ ਆਪਣੀਆਂ ਧੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਵੀਰਵਾਰ ਦੇਰ ਸ਼ਾਮ ਤੱਕ ਝੰਡੇਵਾਲਾਂ ਮੰਦਰ ਵਿੱਚ ਸ਼ਰਧਾਲੂਆਂ ਦਾ ਤਾਂਤਾ ਲੱਗਿਆ ਰਿਹਾ। ਨਵਰਾਤਰੀ ਦੇ ਇਸ ਪਵਿੱਤਰ ਤਿਉਹਾਰ ਨੇ ਦਿੱਲੀ ਦੇ ਅਧਿਆਤਮਿਕ ਮਾਹੌਲ ਨੂੰ ਹੋਰ ਵੀ ਗੂੜ੍ਹਾ ਕਰ ਦਿੱਤਾ ਹੈ।

## ਮਮਤਾ ਬਨਰਜੀ ਵੱਲੋਂ ਸਿੱਖ ਭਾਈਚਾਰੇ ਦਾ ਨਿੱਘਾ ਸਵਾਗਤ

# ਕੋਲਕਾਤਾ ਵਿੱਚ ਪਾਰਟੀ ਵਰਕਰਾਂ ਦੀ ਅਹਿਮ ਮੀਟਿੰਗ ਦੌਰਾਨ ਦਿਖਾਈ ਸਾਂਝ




ਕੋਲਕਾਤਾ (ਸਾਡੇ ਲੋਕ) : (ਪੱਛਮੀ ਬੰਗਾਲ ਦੇ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ (TMC) ਦੀ ਸੁਪਰੀਮੋ ਮਮਤਾ ਬਨਰਜੀ ਨੇ ਐਤਵਾਰ ਨੂੰ ਕੋਲਕਾਤਾ ਦੇ ਚੇਤਲਾ ਸਥਿਤ ਅਹਿੰਦਰਾ ਮੰਚ ਵਿਖੇ ਪਾਰਟੀ ਵਰਕਰਾਂ ਦੀ ਇੱਕ ਅਹਿਮ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਦੌਰਾਨ ਇੱਕ ਵਿਸ਼ੇਸ਼ ਨਜ਼ਾਰਾ ਦੇਖਣ ਨੂੰ ਮਿਲਿਆ ਜਦੋਂ ਮੁੱਖ ਮੰਤਰੀ ਨੇ ਸਿੱਖ ਭਾਈਚਾਰੇ ਦੇ ਇੱਕ ਮੈਂਬਰ ਦਾ ਮੰਚ 'ਤੇ ਬਹੁਤ ਹੀ ਗਰਮਜੋਸ਼ੀ ਅਤੇ ਸਤਿਕਾਰ ਨਾਲ ਸਵਾਗਤ ਕੀਤਾ।

ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਮਮਤਾ ਬਨਰਜੀ ਨੇ ਸਾਰੇ ਧਰਮਾਂ ਅਤੇ ਭਾਈਚਾਰਿਆਂ ਦੀ ਏਕਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਸਿੱਖ ਭਾਈਚਾਰੇ ਦੀ ਦੇਸ਼ ਭਗਤੀ ਅਤੇ ਸਮਾਜ ਸੇਵਾ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੰਗਾਲ ਦੀ ਧਰਤੀ ਹਮੇਸ਼ਾ ਹੀ ਸਾਂਝੀਵਾਲਤਾ ਦੀ ਪ੍ਰਤੀਕ ਰਹੀ ਹੈ। ਮੀਟਿੰਗ ਵਿੱਚ ਮੌਜੂਦ ਸਿੱਖ ਪ੍ਰਤੀਨਿਧ ਦਾ ਸੁਆਗਤ ਕਰਕੇ ਉਨ੍ਹਾਂ ਨੇ ਇਹ ਸਪੱਸ਼ਟ ਸੰਦੇਸ਼ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਹਰ ਵਰਗ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਰੱਖਦੀ ਹੈ।

ਚੋਣ ਰਣਨੀਤੀ: ਮੁੱਖ ਮੰਤਰੀ ਨੇ ਆਉਣ ਵਾਲੀਆਂ ਚੁਣੌਤੀਆਂ ਲਈ ਪਾਰਟੀ ਵਰਕਰਾਂ ਨੂੰ ਹੇਠਲੇ ਪੱਧਰ (Ground level) 'ਤੇ ਸਰਗਰਮ ਹੋਣ ਦੇ ਨਿਰਦੇਸ਼ ਦਿੱਤੇ।

ਸਰਕਾਰੀ ਸਕੀਮਾਂ ਦਾ ਪ੍ਰਚਾਰ: ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਰਾਜ ਸਰਕਾਰ ਦੀਆਂ ਜਨ-ਕਲਿਆਣਕਾਰੀ ਯੋਜਨਾਵਾਂ ਦਾ ਲਾਭ ਹਰ ਲੋੜਵੰਦ ਤੱਕ ਪਹੁੰਚਾਇਆ ਜਾਵੇ।

ਏਕਤਾ 'ਤੇ ਜ਼ੋਰ: ਬਨਰਜੀ ਨੇ ਕਿਹਾ ਕਿ ਫਿਰਕੂ ਸਦਭਾਵਨਾ ਹੀ ਬੰਗਾਲ ਦੀ ਅਸਲ ਤਾਕਤ ਹੈ ਅਤੇ ਕਿਸੇ ਨੂੰ ਵੀ ਇਸ ਸ਼ਾਂਤੀ ਨੂੰ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਵਰਕਰਾਂ ਵਿੱਚ ਭਾਰੀ ਉਤਸ਼ਾਹ

ਅਹਿੰਦਰਾ ਮੰਚ ਵਿਖੇ ਹੋਈ ਇਸ ਮੀਟਿੰਗ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਟੀ.ਐਮ.ਸੀ. ਵਰਕਰ ਪਹੁੰਚੇ ਹੋਏ ਸਨ। ਮੁੱਖ ਮੰਤਰੀ ਵੱਲੋਂ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਦਿੱਤੇ ਜਾ ਰਹੇ ਸਨਮਾਨ ਨੂੰ ਦੇਖ ਕੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਵੀ ਮੁੱਖ ਮੰਤਰੀ ਦੇ ਇਸ ਨਿੱਘੇ ਵਤੀਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜ ਦੇ ਕਈ ਕੈਬਨਿਟ ਮੰਤਰੀ ਅਤੇ ਪਾਰਟੀ ਦੇ ਸੀਨੀਅਰ ਆਗੂ ਵੀ ਮੰਚ 'ਤੇ ਮੌਜੂਦ ਸਨ।

# ਨਿਊਯਾਰਕ ਦੇ ਲਾ ਗਾਰਡੀਆ ਹਵਾਈ ਅੱਡੇ 'ਤੇ ਹਾਦਸਾ: ਲੈਂਡਿੰਗ ਦੌਰਾਨ ਗਰਾਊਂਡ ਵ੍ਹੀਕਲ ਨਾਲ ਟਕਰਾਈ ਏਅਰ ਕੈਨੇਡਾ ਐਕਸਪ੍ਰੈਸ ਦੀ ਫਲਾਈਟ

ਨਿਊਯਾਰਕ (ਅਮਰੀਕਾ) : ਨਿਊਯਾਰਕ ਦੇ ਰੁਝੇਵਿਆਂ ਭਰੇ ਲਾ ਗਾਰਡੀਆ (LaGuardia) ਹਵਾਈ ਅੱਡੇ 'ਤੇ ਸੋਮਵਾਰ ਨੂੰ ਇੱਕ ਵੱਡਾ ਹਾਦਸਾ ਵਾਪਰਨੋਂ ਟਲ ਗਿਆ। ਮਾਂਟਰੀਅਲ (ਕੈਨੇਡਾ) ਤੋਂ ਉਡਾਣ ਭਰ ਕੇ ਆਈ ਏਅਰ ਕੈਨੇਡਾ ਐਕਸਪ੍ਰੈਸ (Air Canada Express) ਦੀ ਇੱਕ ਫਲਾਈਟ ਲੈਂਡਿੰਗ ਤੋਂ ਤੁਰੰਤ ਬਾਅਦ ਰਨਵੇਅ 'ਤੇ ਮੌਜੂਦ ਇੱਕ ਗਰਾਊਂਡ ਸਰਵਿਸ ਵਾਹਨ (Ground Vehicle) ਨਾਲ ਟਕਰਾ ਗਈ।

ਜਾਣਕਾਰੀ ਅਨੁਸਾਰ, ਜਹਾਜ਼ ਨੇ ਮਾਂਟਰੀਅਲ ਤੋਂ ਸੁਰੱਖਿਅਤ ਉਡਾਣ ਭਰੀ ਸੀ ਅਤੇ ਨਿਰਧਾਰਤ ਸਮੇਂ 'ਤੇ ਨਿਊਯਾਰਕ ਪਹੁੰਚਿਆ ਸੀ। ਜਿਵੇਂ ਹੀ ਜਹਾਜ਼ ਨੇ ਲਾ ਗਾਰਡੀਆ ਹਵਾਈ ਅੱਡੇ 'ਤੇ ਲੈਂਡ ਕੀਤਾ ਅਤੇ ਟੈਕਸੀਵੇਅ (Taxiway) ਵੱਲ ਵਧ ਰਿਹਾ ਸੀ, ਤਾਂ ਅਚਾਨਕ ਹਵਾਈ ਅੱਡੇ ਦੇ ਕੰਮਕਾਜ ਵਿੱਚ ਵਰਤਿਆ ਜਾਣ ਵਾਲਾ ਇੱਕ ਵਾਹਨ ਜਹਾਜ਼ ਦੇ ਸੰਪਰਕ ਵਿੱਚ ਆ ਗਿਆ। ਟੱਕਰ ਕਾਰਨ ਜਹਾਜ਼ ਅਤੇ ਵਾਹਨ ਦੋਵਾਂ ਨੂੰ ਮਾਮੂਲੀ ਨੁਕਸਾਨ ਪਹੁੰਚਿਆ ਹੈ।


ਯਾਤਰੀਆਂ ਦੀ ਸੁਰੱਖਿਆ

ਹਵਾਈ ਅੱਡਾ ਅਧਿਕਾਰੀਆਂ ਅਤੇ ਏਅਰਲਾਈਨ ਦੇ ਬੁਲਾਰੇ ਨੇ ਪੁਸ਼ਟੀ ਕੀਤੀ ਹੈ ਕਿ:

ਸਾਰੇ ਯਾਤਰੀ ਸੁਰੱਖਿਅਤ ਹਨ: ਜਹਾਜ਼ ਵਿੱਚ ਸਵਾਰ ਕਿਸੇ ਵੀ ਯਾਤਰੀ ਜਾਂ ਚਾਲਕ ਦਲ ਦੇ ਮੈਂਬਰ ਨੂੰ ਸੱਟ ਲੱਗਣ ਦੀ ਕੋਈ ਖ਼ਬਰ ਨਹੀਂ ਹੈ।

ਸੁਰੱਖਿਅਤ ਨਿਕਾਸੀ: ਟੱਕਰ ਤੋਂ ਤੁਰੰਤ ਬਾਅਦ ਜਹਾਜ਼ ਨੂੰ ਗੇਟ 'ਤੇ ਲਿਜਾਇਆ ਗਿਆ, ਜਿੱਥੇ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਉਤਾਰਿਆ ਗਿਆ।

ਗਰਾਊਂਡ ਸਟਾਫ: ਵਾਹਨ ਚਾਲਕ ਦੀ ਸਥਿਤੀ ਬਾਰੇ ਜਾਂਚ ਕੀਤੀ ਜਾ ਰਹੀ ਹੈ, ਪਰ ਅਜੇ ਤੱਕ ਕਿਸੇ ਗੰਭੀਰ ਸੱਟ ਦੀ ਰਿਪੋਰਟ ਨਹੀਂ ਮਿਲੀ।



ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਅਤੇ ਹਵਾਈ ਅੱਡਾ ਪ੍ਰਸ਼ਾਸਨ ਨੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਕੀ ਇਹ ਹਾਦਸਾ ਪਾਇਲਟ ਦੀ ਗਲਤੀ ਕਾਰਨ ਵਾਪਰਿਆ ਜਾਂ ਫਿਰ ਗਰਾਊਂਡ ਵਾਹਨ ਦੇ ਚਾਲਕ ਅਤੇ ਏਅਰ ਟਰੈਫਿਕ ਕੰਟਰੋਲ (ATC) ਵਿਚਕਾਰ ਤਾਲਮੇਲ ਦੀ ਕਮੀ ਕਾਰਨ।

ਹਾਦਸੇ ਤੋਂ ਬਾਅਦ ਕੁਝ ਸਮੇਂ ਲਈ ਹਵਾਈ ਅੱਡੇ ਦੇ ਸਬੰਧਤ ਰਨਵੇਅ 'ਤੇ ਉਡਾਣਾਂ ਪ੍ਰਭਾਵਿਤ ਹੋਈਆਂ, ਪਰ ਜਲਦੀ ਹੀ ਸਥਿਤੀ ਨੂੰ ਆਮ ਵਰਗਾ ਕਰ ਦਿੱਤਾ ਗਿਆ।



ਝੂਲਤੇ ਨਿਸ਼ਾਨ ਰਹੇਂ
ਅਕਾਲ ਸਹਾਇ
ਪੰਥ ਮਹਾਰਾਜ ਕੇ
ਖ਼ਾਲਸਈ ਜਾਹੋ ਜਲਾਲ ਦੇ ਪ੍ਰਤੀਕ ਹੋਲਾ ਮਹੱਲਾ ਦੇ ਪਾਵਨ ਦਿਹਾੜੇ ਨੂੰ ਸਮਰਪਿਤ
15ਵਾਂ ਗੁਰਮਤਿ ਸਮਾਗਮ
ਮਾਰਚ 20, 2026 ਤੋਂ ਅਪ੍ਰੈਲ 5, 2026 ਤੱਕ
ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ
ਵਿਖੇ ਬੜੇ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜੱਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਾਉਣਗੇ। ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਸ਼੍ਰੋਮਣੀ ਰਾਗੀ ਭਾਈ ਹਰਜਿੰਦਰ ਸਿੰਘ ਜੀ ਸ਼੍ਰੀਨਗਰ ਵਾਲੇ
ਮਾਰਚ 31 ਤੋਂ ਅਪ੍ਰੈਲ 5 ਤੱਕ
ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ
ਮਾਰਚ 30 ਤੋਂ ਅਪ੍ਰੈਲ 5 ਤੱਕ
ਭਾਈ ਮਨਿੰਦਰ ਸਿੰਘ ਜੀ ਸ਼੍ਰੀਨਗਰ ਵਾਲੇ
ਮਾਰਚ 23 ਤੋਂ ਅਪ੍ਰੈਲ 1 ਤੱਕ
ਭਾਈ ਸਾਹਿਬ ਸਿੰਘ ਜੀ ਕਨੇਡਾ ਵਾਲੇ (ਕਥਾਵਾਚਕ)
ਮਾਰਚ 20 ਤੋਂ 22
ਭਾਈ ਨਿਰੰਜਨ ਸਿੰਘ ਜੀ ਜਵੱਦੀ ਕਲਾਂ ਵਾਲੇ
ਮਾਰਚ 27 ਤੋਂ 30
ਗਿਆਨੀ ਗੁਰਦੇਵ ਸਿੰਘ ਜੀ ਅਸਟ੍ਰੇਲੀਆ ਵਾਲੇ
ਮਾਰਚ 31 ਤੋਂ ਅਪ੍ਰੈਲ 5 ਤੱਕ
ਭਾਈ ਲਖਵਿੰਦਰ ਸਿੰਘ ਜੀ ਸੋਹਲ ਗੋਲਡ ਮੈਡਲਿਸਟ ਢਾਡੀ ਜਥਾ
ਮਾਰਚ 23 ਤੋਂ 29
ਭਾਈ ਸਿਰੀਪਾਲ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
ਭਾਈ ਸੁਖਮਨ ਸਿੰਘ ਜੀ ਦਮਦਮੀ ਟਕਸਾਲ, ਟਰੇਸੀ
ਗਿ. ਦਿਲਬਾਗ ਸਿੰਘ ਜੀ ਦਮਦਮੀ ਟਕਸਾਲ, ਟਰੇਸੀ
ਪ੍ਰੋਗਰਾਮ :- ਮਾਰਚ 20, ਸ਼ੁੱਕਰਵਾਰ ਤੋਂ ਅਪ੍ਰੈਲ 4, ਸ਼ਨੀਵਾਰ ਤੱਕ ਰੋਜ਼ਾਨਾ ਸ਼ਾਮ 5.00 ਤੋਂ 9:00 ਤੱਕ ਦੀਵਾਨ ਸੱਜਣਗੇ।
ਅਪ੍ਰੈਲ 5, ਐਤਵਾਰ 9:30 ਤੋਂ 3:00 ਵਜੇ ਤੱਕ ਦੀਵਾਨ ਸਜਣਗੇ।
ਦੋਵੇਂ ਹਫਤੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਨਿਰੰਤਰ ਜਾਰੀ ਰਹੇਗੀ ।
ਨੋਟ: ਇਸ ਸਾਲ ਨਗਰ ਕੀਰਤਨ ਨਹੀਂ ਹੋਵੇਗਾ ਅਤੇ ਦੁਕਾਨਾਂ ਨਹੀਂ ਲਗਣਗੀਆਂ ।।
ਅੰਮ੍ਰਿਤ ਸੰਚਾਰ
ਅਪ੍ਰੈਲ 4, ਸ਼ਨੀਵਾਰ ਨੂੰ ਸਵੇਰੇ 10 ਵਜੇ
ਪੰਜ ਪਿਆਰੇ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਕਕਾਰ ਗੁਰੂ-ਘਰ ਵੱਲੋਂ ਦਿੱਤੇ ਜਾਣਗੇ।
ਵੱਲੋਂ : ਬਾਬਾ ਧਰਮ ਸਿੰਘ ਜੀ
GURDWARA GUR NANAK PARKASH DAMDAMI TAKSAL
16101 WEST GRANT LINE RD TRACY CA 95304 | TEL. 209 346 4270

# ਸ਼ਹੀਦੀ ਦਿਹਾੜਾ : 29 ਮਾਰਚ 1917

# ਕੈਨੇਡਾ ਦੇ ਪਹਿਲੇ ਗ੍ਰੰਥੀ ਸਿੰਘ ਸਾਹਿਬ : ਸ਼ਹੀਦ ਭਾਈ ਬਲਵੰਤ ਸਿੰਘ ਜੀ ਖੁਰਦਪੁਰ





**ਸ਼ਹੀਦ ਭਾਈ ਬਲਵੰਤ ਸਿੰਘ ਜੀ ਖੁਰਦਪੁਰ। ਉਨ੍ਹਾਂ ਦੀ ਸਪਤਨੀ ਬੀਬੀ ਕਰਤਾਰ ਕੌਰ, ਧੀਆਂ ਬੀਬੀ ਊਧਮ ਕੌਰ, ਬੀਬੀ ਨਿਰੰਜਣ ਕੌਰ ਤੇ ਕੈਨੇਡਾ 'ਚ ਜੰਪਲ ਪਹਿਲੇ ਸਿੱਖ ਬੱਚੇ ਭਾਈ ਹਰਦਿਆਲ ਸਿੰਘ ਦੀ ਯਾਦਗਾਰੀ ਤਸਵੀਰ।**

ਨਸਲਵਾਦ ਅਤੇ ਬਸਤੀਵਾਦ ਦੇ ਖਾਤਮੇ ਅਤੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਦੇ ਸ਼ਾਨਾਮੱਤੇ ਇਤਿਹਾਸ ਵਿਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ 'ਤਾਰਾ ਮੰਡਲ ਦਾ ਚੰਦ' ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂ ਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖ਼ਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 'ਗ੍ਰੰਥੀ ਸਿੰਘ' ਦੇ ਰੁਤਬੇ 'ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀਆਂ ਕੁਰਬਾਨੀਆਂ ਦਾ ਕਿੰਨਾ ਮਹਾਨ ਇਤਿਹਾਸ ਹੈ। ਅੱਜ ਲੋੜ ਹੈ ਕਿ ਧਾਰਮਿਕ ਅਸਥਾਨਾਂ ਉੱਪਰ ਕਾਬਜ਼ ਪ੍ਰਬੰਧਕ ਅਤੇ ਪ੍ਰਚਾਰਕ ਸ਼੍ਰੇਣੀ, 'ਅੱਜ ਦੇ ਓਡਵਾਇਰਾਂ' ਖ਼?ਲਾਫ਼ ਏਨੀ ਬਹਾਦਰੀ ਨਾਲ ਬੋਲਣ ਦੀ ਹਿੰਮਤ ਰੱਖੇ, ਨਾ ਕਿ ਜਾਲਮਾਂ ਮੂਹਰੇ ਗੋਡੇ ਟੇਕੇ। ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ਓਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਬਹੁਤ ਕੁਝ ਲਿਖਿਆ ਮਿਲਦਾ ਹੈ। ਸਿਆਸੀ ਆਗੂਆਂ ਦੇ ਜਨਮ-ਮੌਤ ਵਾਲੇ ਦਿਨ 'ਤੇ ਇਸ਼ਤਿਹਾਰ ਜਾਰੀ ਕਰਨ ਵਾਲੀਆਂ ਸਰਕਾਰਾਂ ਦੀ ਤਾਂ ਗੱਲ ਹੀ ਛੱਡੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਵੀ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਸ਼ਹੀਦੀ ਦਿਨ 'ਤੇ ਕੋਈ ਸੂਚਨਾ ਜਾਂ ਇਸ਼ਤਿਹਾਰ ਨਹੀਂ ਜਾਰੀ ਕੀਤਾ ਗਿਆ। ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ 'ਸਵਰਕਰ' ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਨੂੰ ਚੇਤੇ ਕਰਨਾ ਤਾਂ ਉਂਝ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਰਕਾਰ ਤਾਂ 'ਜੇਲਾਂ 'ਚ ਸਿੱਖਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ' ਦਾ ਵਿਅੰਗ ਕਸ ਰਹੀ ਹੈ, ਪਰ ਸੱਚ ਤਾਂ ਇਹ ਹੈ ਕਿ ਸਿੱਖ ਯੋਧੇ ਤਾਂ ਸ਼ੁਰੂ ਤੋਂ ਹੀ ਜੇਲਾਂ ਅੰਦਰ ਗੁਰਬਾਣੀ ਪਾਠ ਕਰਕੇ ਚੜਦੀ ਕਲਾ ਦਾ ਬਲ ਲੈ ਰਹੇ ਸਨ, ਦੂਜੇ ਪਾਸੇ ਸਵਰਕਰ ਵਰਗੇ ਜੇਲਾਂ 'ਚੋਂ ਬਾਹਰ ਆਉਣ ਲਈ ਅੰਗਰੇਜ਼ਾਂ ਤੋਂ ਮਾਫੀਆਂ ਮੰਗ ਰਹੇ ਸਨ। ਭਾਈ ਸਾਹਿਬ ਦੀ ਸ਼ਹਾਦਤ ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਨ ਕਹੀ ਜਾ ਸਕਦੀ ਹੈ।

ਪੰਜਾਬ ਦੇ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਬਲਵੰਤ ਸਿੰਘ ਦਾ ਜਨਮ 15 ਸਤੰਬਰ 1882 ਨੂੰ ਭਾਈ ਬੁੱਧ ਸਿੰਘ ਅਟਵਾਲ ਦੇ ਗ੍ਰਹਿ ਵਿਖੇ ਹੋਇਆ। ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ। ਧਾਰਮਿਕ ਸ਼ਖ਼ਸੀਅਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ। ਇੱਥੇ ਹੀ 28 ਜੂਨ 1908 ਵਿੱਚ, ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਜੀ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ, ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਇੰਮੀਗ੍ਰੈਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ।

ਦੂਜਾ, ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦ ਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂ ਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਦੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ 'ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ। ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝ-ਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ।

ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ, ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ, 'ਕੈਨੇਡਾ ਦੀ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ' ਅਤੇ ਸਾਂਝੇ ਪੰਜਾਬ ਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ 'ਚ ਇਮੀਗ੍ਰੈਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ। ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁਕ-ਛਿਪ ਕੇ ਜੰਗਲ ਵਿੱਚ ਦੂਰ-ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ, ਮ੍ਰਿਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾਂ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।

ਜਿਸ ਵੇਲੇ 'ਗ਼ਦਰ ਪਾਰਟੀ' ਦਾ ਉੱਤਰੀ ਅਮਰੀਕਾ ਵਿੱਚ ਅਜੇ ਮੁੱਢ ਬੰਨ੍ਹ?ਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13


**ਡਾ. ਗੁਰਵਿੰਦਰ ਸਿੰਘ**
**604 825 1550**




ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਆਵਾਜ਼ ਉਠਾਈ। ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ-ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ 'ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ 'ਦੰਦਲ ਹੀ ਪੈ ਗਈ' ਸੀ। ਇਸੇ ਹੀ ਕਾਰਨ ਉਸ ਨੇ ਆਪਣੀ ਕਿਤਾਬ 'ਇੰਡੀਆ ਐਜ਼ ਆਈ ਨਿਊ' ਦੇ ਪੰਨਾ 191 'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ 'ਤੀਸਰੇ ਬੰਦੇ' (ਭਾਈ ਬਲਵੰਤ ਸਿੰਘ ਖੁਰਦਪੁਰ) ਦੇ ਤਰੀਕੇ 'ਖ਼ਤਰਨਾਕ' ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ 'ਇਸ ਮੈਂਬਰ' ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ।

5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਭਾਈ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੈਨੇਡਾ ਤੋਂ ਆਏ ਵਫ਼ਦ ਨੇ ਮੁਲਾਕਾਤ ਕੀਤੀ ਅਤੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ- ਜ਼ੁਲਮ ਬਾਰੇ ਨਿਡੱਰਤਾ ਨਾਲ ਵਿਚਾਰ ਰੱਖੇ। ਚਾਹੇ ਉਸ ਵੇਲੇ ਪੰਜਾਬ ਦੇ ਜਾਗਰੂਕ ਲੋਕਾਂ, ਲੋਕ ਪੱਖੀ ਮੀਡੀਆ ਅਤੇ ਆਮ ਵਿਅਕਤੀਆਂ ਨੇ ਉਨ੍ਹਾਂ ਦਾ ਸਾਥ ਦਿੱਤਾ, ਪਰ ਅਖੌਤੀ ਰਾਸ਼ਟਰਵਾਦੀ ਅਤੇ ਫਰੰਗੀਆਂ ਦੇ ਝੋਲੀ-ਚੁੱਕਾਂ ਨੇ ਵਿਰੋਧ ਹੀ ਕੀਤਾ। ਗ਼ਦਰੀ ਸੂਰਮਿਆਂ ਦੇ ਅਖ਼ਬਾਰ 'ਕਿਰਤੀ' 1926 ਦੇ ਅੰਕ ਦੇ ਪੰਨਾ 14 ਉੱਪਰ ਲਿਖਿਆ ਹੈ ਕਿ ਰਾਸ਼ਟਰਵਾਦੀ ਆਗੂ ਲਾਲਾ ਲਾਜਪਤ ਰਾਏ ਨੇ ਭਾਈ ਬਲਵੰਤ ਸਿੰਘ ਹੁਰਾਂ ਵੱਲੋਂ ਅੰਗਰੇਜ਼ਾਂ ਖ਼ਿਲਾਫ਼ ਕੀਤੇ ਸੰਘਰਸ਼ ਨੂੰ 'ਕੇਵਲ ਸਿੱਖਾਂ ਦਾ ਮਸਲਾ' ਕਹਿ ਕੇ ਉਹਨਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਿਚਲੇ ਅੰਗਰੇਜ਼ਾਂ ਦੇ ਪਿੱਠੂਆਂ ਨੇ ਭਾਈ ਸਾਹਿਬ ਦੇ ਇਤਿਹਾਸਕ ਯਤਨਾਂ ਦੀ ਵਿਰੋਧਤਾ ਕਰਕੇ ਕੌਮ ਦੀ ਪਿੱਠ 'ਚ ਛੁਰਾ ਮਾਰਿਆ। ਇਸੇ ਕਾਰਨ ਹੀ ਕੁਝ ਸਮਾਂ ਮਗਰੋਂ ਸਿੱਖ ਸੰਗਤਾਂ ਵੱਲੋਂ ਗੁਰਮਤਾ ਕਰਕੇ ਅਜਿਹੇ ਪਿੱਠੂਆਂ ਨੂੰ ਪੰਥ ਅਤੇ ਕੌਮ ਦੇ ਗ਼ਦਾਰ ਐਲਾਨਿਆ ਗਿਆ।

ਇਤਿਹਾਸਕ ਸਰੋਤਾਂ ਅਨੁਸਾਰ ਇਨ੍ਹਾਂ ਗੁਰਮਤਿਆਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰਦਿਆਂ 'ਗੁਰੂ ਨਾਨਕ ਜਹਾਜ਼' ਦੇ ਮੁਸਾਫਰਾਂ, ਗਦਰੀ ਯੋਧਿਆਂ, ਕੈਨੇਡਾ ਤੋਂ ਆਏ ਸਿੱਖ ਜੱਥਿਆਂ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਹੋਰਨਾਂ ਸ਼ਖ਼ਸੀਅਤਾਂ ਦੀ ਬਹਾਦਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਨਾਲ ਹੀ ਸੁੰਦਰ ਸਿੰਘ ਮਜੀਠੀਏ, ਅਰੂੜ ਸਿੰਘ ਸਰਬਰਾਹ ਅਤੇ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਵਰਗਿਆਂ ਨੂੰ ਤਨਖਾਹੀਏ ਕਰਾਰ ਦੇ ਕੇ, ਉਨ੍ਹਾਂ ਨੂੰ 'ਭਾਈ' ਜਾਂ 'ਸਰਦਾਰ' ਸ਼ਬਦ ਨਾਲ ਸੰਬੋਧਨ ਨਾ ਕਰਨ ਵਾਸਤੇ ਕਿਹਾ ਗਿਆ। ਇਸ ਤੋਂ ਇਲਾਵਾ ਮਹਾਰਾਜਾ ਪਟਿਆਲਾ ਵੱਲੋਂ ਮਾਈਕਲ ਓਡਵਾਇਰ ਫੰਡ ਵਿੱਚ, 'ਵੀਹ ਹਜ਼ਾਰ ਰੁਪਏ' ਜਮ੍ਹਾਂ ਕਰਵਾਉਣ ਦੀ ਕਾਰਵਾਈ ਲਈ ਲਾਹਨਤਾ ਪਾਈਆਂ ਗਈਆਂ। ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ, ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ।

ਕੈਨੇਡਾ ਵਾਪਸੀ ਦੌਰਾਨ ਆਪ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ 'ਸ਼ੋਅਰ ਕਮੇਟੀ' ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੂਮਸ ਬਾਰਡਰ 'ਤੇ ਇਨ੍ਹਾਂ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ।

ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ, ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ 'ਚੰਦ ਨਵਾਂ' ਨਾਲ ਸਾਨ-ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ। ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ 'ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼' ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਝੁੱਟੀ ਜਿਆਣ ਗ਼ੱਦਾਰ ਨੇ ਸਾਥੀ 'ਟਾਊਟ ਗੰਗਾ ਰਾਮ' ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ। ਇਨ੍ਹਾਂ ਦੇ ਆਧਾਰ 'ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ, ਭਾਰਤ 'ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, 'ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ-ਏ-ਮੌਤ' ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ।

ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੇ ਇਹ ਸ਼ਬਦ ਜ਼ਿਕਰਯੋਗ ਹਨ : 'ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।' 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ 'ਆਖਰੀ ਮੁਲਾਕਾਤ' ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ-ਮਰਨ ਦਾ ਸੀ। ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ 'ਜ਼ਫ਼ਰਨਾਮਾ' ਵਿੱਚੋਂ ਇਹ ਸ਼ਬਦ ਅੰਕਿਤ ਸਨ 'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥'

ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਸਮਝਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ 'ਵਿਚਾਰਾਂ ਅਤੇ ਹਥਿਆਰਾਂ' ਦੇ ਸੰਘਰਸ਼ ਨਾਲ, ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ ;

**'ਜਦ ਧਿਰ ਉਪਾਵਾਂ ਦੀ ਹਾਰਦੀ ਹੈ,**
**ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।'**


**ਕੋਆਰਡੀਨੇਟਰ**
**ਪੰਜਾਬੀ ਸਾਹਿਤ ਸਭਾ ਮੁਢਲੀ,**
**ਐਬਸਫੋਰਡ ਬੀਸੀ ਕੈਨੇਡਾ**

# ਅਮਰੀਕੀ ਇਜ਼ਰਾਇਲੀ ਹਮਲਾ ਤੇ ਇਰਾਨ

ਡਾ. ਸੁਰਿੰਦਰ ਮੰਡ

ਅਮਰੀਕਾ ਅਤੇ ਇਜ਼ਰਾਈਲ ਨੇ ਨਿਸ਼ਾਨੇ ਮਿੱਥ ਕੇ ਦੂਜੀ ਵਾਰ ਇਰਾਨ ਉੱਤੇ ਮਾਰੂ ਹਮਲਾ ਕੀਤਾ ਹੈ। ਕੀ ਇਸ ਨਾਲ ਇਨ੍ਹਾਂ ਦੋਵਾਂ ਹਮਲਾਵਰ ਮੁਲਕਾਂ ਨੂੰ ਮਿੱਥੇ ਟੀਚੇ ਹਾਸਲ ਹੋਏ ਹਨ? ਜਾਂ ਫਿਰ ਗੱਲ ਉਲਟੀ ਪੈ ਗਈ ਹੈ? 'ਨਾਟੋ' ਗੱਠਜੋੜ ਮੁਲਕ ਅਤੇ ਅਮਰੀਕਾ ਦੇ ਸਹਿਯੋਗੀ ਰਹੇ ਦੇਸ਼ (ਇੰਗਲੈਂਡ, ਫਰਾਂਸ, ਜਰਮਨੀ, ਇਟਲੀ, ਸਪੇਨ, ਕੈਨੇਡਾ, ਜਪਾਨ, ਆਸਟਰੇਲੀਆ, ਦੱਖਣੀ ਕੋਰੀਆ ਅਤੇ ਅਰਬ ਦੇਸ਼ਾਂ ਆਦਿ) ਨੇ ਅਮਰੀਕਾ ਦੇ ਨਾਲ ਹੋ ਕੇ ਜੰਗ ਵਿੱਚ ਸ਼ਾਮਲ ਹੋਣ ਜਾਂ ਸਮੁੰਦਰੀ ਲਾਂਘਾ (ਹੋਰਮੁਜ਼ ਸਟਰੇਟ) ਖੁੱਲ੍ਹਵਾਉਣ ਲਈ ਜੰਗੀ ਬੇੜੇ ਭੇਜਣ ਤੋਂ ਇਨਕਾਰ ਕਰ ਦਿੱਤਾ ਹੈ। ਇਹ ਸੰਭਾਵਨਾ ਹੈ ਕਿ ਹੁਣ ਗੱਲ ਮੁਲਕਾਂ ਦੇ ਨਵੇਂ ਨਿਵੇਕਲੇ ਸਮੀਕਰਣ ਜਾਂ ਗੱਠਜੋੜ ਬਣਨ ਵਾਲੇ ਪਾਸੇ ਨੂੰ ਵੀ ਤੁਰ ਸਕਦੀ ਹੈ।

ਇਰਾਨ ਉੱਤੇ ਹਮਲਾ ਇਕੱਲੀ-ਇਕਹਿਰੀ ਘਟਨਾ ਨਹੀਂ ਸਗੋਂ ਤਾਕਤ ਅਤੇ ਦੁਨੀਆ 'ਚ ਆਪਣੀ ਚੌਧਰ ਕਾਇਮ ਕਰਨ ਦੀ ਲਾਲਸਾ ਦੇ ਵੱਸ ਪੈ ਕੇ ਦੂਜਿਆਂ ਨਾਲ ਧੱਕਾ ਕਰਨ ਦੀ ਆਦਤ ਪੈ ਜਾਣ ਵਰਗੀ ਗੱਲ ਹੈ।

ਆਪਣੇ ਆਪ ਨੂੰ ਖ਼ੁਦ ਹੀ ਫ਼ੌਜੀ ਮਹਾਸ਼ਕਤੀ ਐਲਾਨ ਕੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੂਜੀ ਵਾਰ ਰਾਸ਼ਟਰਪਤੀ ਬਣਨ ਸਾਰ ਹੀ ਆਖਿਆ ਸੀ ਕਿ ਹੁਣ ਮੈਂ ਅਮਰੀਕਾ ਨੂੰ ਨੰਬਰ ਇੱਕ ਇੰਜ ਬਣਾਵਾਂਗਾ: ਮੈਂ ਕੈਨੇਡਾ (ਅਮਰੀਕਾ ਤੋਂ ਵੀ ਵੱਡੀ ਧਰਤੀ ਵਾਲਾ ਨਾਟੋ ਦਾ ਮੈਂਬਰ ਦੇਸ਼) ਉੱਤੇ ਕਬਜ਼ਾ ਕਰਕੇ ਅਮਰੀਕਾ ਦਾ ਇਕਵੰਜਵਾਂ ਸੂਬਾ ਬਣਾਵਾਂਗਾ; ਨਾਟੋ ਦੇ ਇੱਕ ਹੋਰ ਮੈਂਬਰ ਯੂਰੋਪੀ ਦੇਸ਼ ਗਰੀਨਲੈਂਡ ਨੂੰ ਅਮਰੀਕਾ ਨਾਲ ਰਲਾ ਲੈਣਾ ਹੈ। ਇਸ ਦੇ ਨਾਲ ਹੀ ਬਹੁਤ ਵੱਡੇ ਤੇਲ ਭੰਡਾਰਾਂ ਵਾਲੇ ਆਪਣੇ ਗੁਆਂਢੀ ਲਾਤੀਨੀ ਅਮਰੀਕੀ ਮੁਲਕ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਮਾਦੁਰੋ ਨੂੰ ਕਮਾਂਡੋ ਹਮਲਾ ਕਰਕੇ ਚੁੱਕ ਲਿਆਂਦਾ ਤੇ ਆਖਿਆ ਕਿ ਹੁਣ ਉਨ੍ਹਾਂ ਦੇ ਤੇਲ ਉੱਤੇ ਸਾਡਾ ਕਬਜ਼ਾ ਹੈ। ਕੋਲੰਬੀਆ ਅਤੇ ਮੈਕਸਿਕੋ ਵਿੱਚ ਫ਼ੌਜੀ ਦਖਲ ਨਾਲ ਆਪਣੇ ਪੱਖੀ ਸਰਕਾਰਾਂ ਬਣਾਉਣ ਦੀ ਯੋਜਨਾ ਦੇ ਐਲਾਨ ਕਰ ਦਿੱਤੇ। ਇੱਕ ਅਮਰੀਕੀ ਪੱਤਰਕਾਰ ਦੇ ਸਵਾਲ ਦੇ ਜਵਾਬ ਵਿੱਚ ਟਰੰਪ ਨੇ ਹੱਸਦਿਆਂ ਆਖਿਆ, "ਬੇਫ਼ ?ਕਰ ਰਹੋ, ਥੋੜ੍ਹੇ ਦਿਨਾਂ ਤੱਕ ਵੈਨੇਜ਼ੁਏਲਾ ਦੀ ਤਰ੍ਹਾਂ ਇਰਾਨੀ ਤੇਲ ਵੀ ਸਾਡਾ ਹੋਵੇਗਾ, ਉਸ ਤੋਂ ਬਾਅਦ ਕਿਊਬਾ ਦਾ ਨੰਬਰ ਹੈ।"ਅਜਿਹੀਆਂ ਗੱਲਾਂ ਨੇ ਹੀ ਟਰੰਪ ਦੇ ਅਮਰੀਕਾ ਨੂੰ ਆਪਣੇ ਨਾਲ ਖੜ੍ਹੇ ਹੋਣ ਵਾਲੇ ਦੇਸ਼ਾਂ ਤੋਂ ਵੀ ਇੱਕ ਤਰ੍ਹਾਂ ਦੂਰ ਕਰ ਦਿੱਤਾ ਹੈ।

ਦੂਰ ਕਰਨ ਦੀ ਵਜ੍ਹਾ ਤਾਂ ਕਿਸੇ ਹੋਰ ਦੇਸ਼ ਨਾਲ ਮਸ਼ਵਰਾ ਕੀਤੇ ਬਿਨਾਂ ਅਮਰੀਕਾ ਤੇ ਇਜ਼ਰਾਈਲ ਵੱਲੋਂ ਇਰਾਨ ਉੱਤੇ ਧੋਖੇ ਨਾਲ ਕੀਤਾ ਗਿਆ ਆਪਹੁਦਰਾ ਹਮਲਾ ਵੀ ਬਣਿਆ। ਅਮਰੀਕਾ ਨੇ ਇਰਾਨ ਦੁਆਲੇ ਸਮੁੰਦਰਾਂ ਵਿੱਚ ਜੰਗੀ ਬੇੜੇ ਉਤਾਰੇ। ਇਸ ਦੇ ਆਲੇ-ਦੁਆਲੇ ਦੇ ਅਰਬ ਦੇਸ਼ਾਂ (ਕਤਰ, ਸੱਤ ਦੇਸ਼ਾਂ ਦਾ ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਬਹਿਰੀਨ, ਇਰਾਕ, ਕੁਵੈਤ, ਜਾਰਡਨ, ਓਮਾਨ ਆਦਿ) ਵਿਚਲੇ ਆਪਣੇ ਫ਼ੌਜੀ ਅੱਡਿਆਂ ਅਤੇ ਖ਼ੁਫ਼ੀਆ ਏਜੰਸੀਆਂ ਦੇ ਸਹਿਯੋਗ ਨਾਲ ਇਰਾਨ ਵਿੱਚ ਅਸਥਿਰਤਾ ਅਤੇ ਸਰਕਾਰ ਵਿਰੋਧੀ ਮੁਜ਼ਾਹਰਿਆਂ ਨੂੰ ਹਵਾ ਦਿੱਤੀ। ਲੋਕਾਂ ਨੂੰ ਆਖਿਆ ਕਿ ਸਰਕਾਰੀ ਸੰਸਥਾਵਾਂ ਉੱਤੇ ਜ਼ੋਰ ਨਾਲ ਕਬਜ਼ਾ ਕਰ ਲੈਣ, ਅਸੀਂ ਆ ਰਹੇ ਆਂ। ਜਿਵੇਂ ਇਰਾਕ ਦੇ ਹਾਕਮ ਸੱਦਾਮ ਹੁਸੈਨ ਨੂੰ ਅਮਰੀਕਾ ਨੇ ਹੁਕਮ ਦਿੱਤਾ ਸੀ ਕਿ ਤਿੰਨ ਦਿਨਾਂ ਵਿੱਚ ਅਸਤੀਫ਼ਾ ਦੇਵੇ, ਉਵੇਂ ਹੀ ਆਖਿਆ ਕਿ ਇਰਾਨ ਦੀ ਖਮੇਨੇਈ ਸਰਕਾਰ ਤੁਰੰਤ ਗੱਦੀ ਛੱਡੇ, ਨਹੀਂ ਤਾਂ ਹਮਲਾ ਕਰਕੇ ਛੁਡਵਾ ਲਈ ਜਾਵੇਗੀ। ਇਹ ਵੀ ਹੁਕਮ ਦਿੱਤਾ ਕਿ ਸਾਰਾ ਸੋਧਿਆ ਯੂਰੇਨੀਅਮ ਅਮਰੀਕਾ ਹਵਾਲੇ ਕਰ ਦਿੱਤਾ ਜਾਵੇ; ਇਰਾਨ ਪ੍ਰਮਾਣੂ ਵਿਕਾਸ ਕੇਂਦਰਾਂ ਨੂੰ ਤਾਲੇ ਲਾਉਣ ਦੇ ਨਾਲ ਨਾਲ ਦੂਰ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਉੱਤੇ ਪਾਬੰਦੀ ਲਾਵੇ; ਸਾਡੇ ਨਾਲ ਤੁਰੰਤ ਇਕਰਾਰਨਾਮਾ ਕਰੋ, ਨਹੀਂ ਤਾਂ ਹਮਲਾ ਝੱਲੋ। ਇਹ ਸਾਰੇ ਕਦਮ ਕੌਮਾਂਤਰੀ ਕਦਰਾਂ ਕਾਨੂੰਨਾਂ ਅਤੇ ਯੂ.ਐੱਨ. ਚਾਰਟਰ ਦੀ ਉਲੰਘਣਾ ਸਨ।

ਇਰਾਨ ਨੇ ਮੌਕੇ ਦੀ ਨਜ਼ਾਕਤ ਵੇਖਦਿਆਂ ਪ੍ਰਮਾਣੂ ਬੰਬ ਨਾ ਬਣਾਉਣ ਉੱਤੇ ਸਮਝੌਤਾ ਕਰ ਲੈਣ ਦਾ ਇਸ਼ਾਰਾ ਦਿੱਤਾ ਕਿਉਂਕਿ ਇਹ ਜੰਗ ਟਾਲਣਾ ਚਾਹੁੰਦਾ ਸੀ। ਦੂਜੇ ਪਾਸੇ ਇਜ਼ਰਾਈਲ ਤੇ ਅਮਰੀਕਾ ਆਪਣੀ ਜੰਗੀ ਤਿਆਰੀ ਅਤੇ ਇਰਾਨ ਵਿਚਲੇ ਮੁਜ਼ਾਹਰਿਆਂ ਨੂੰ ਆਪਣੇ ਪੱਖੀ ਸਰਕਾਰ ਬਣਾ ਲੈਣ ਦਾ ਮੌਕਾ ਸਮਝ ਰਹੇ ਸਨ। ਓਮਾਨ ਨੂੰ ਵਿਚੋਲਾ ਬਣਾ ਕੇ ਇਰਾਨ ਨੂੰ ਗੱਲਬਾਤ ਦਾ ਝਾਂਸਾ ਦੇਣ ਮਗਰੋਂ ਅਮਰੀਕਾ ਇਜ਼ਰਾਈਲ ਨੇ 28 ਫਰਵਰੀ 2026 ਨੂੰ ਅਚਨਚੇਤ ਹਮਲਾ ਕਰਕੇ ਇਸ ਦੇ ਸਰਬਉੱਚ ਲੀਡਰ ਆਇਤੁੱਲਾ ਅਲੀ ਖਮੇਨੇਈ ਨੂੰ ਪਰਿਵਾਰ ਦੇ ਕਈ ਮੈਂਬਰਾਂ ਅਤੇ ਮੁੱਖ ਲੀਡਰਸ਼ਿਪ ਸਮੇਤ ਮਾਰ ਸੁੱਟਿਆ ਤੇ ਬਹੁਤ ਤਬਾਹੀ ਮਚਾਈ। ਇਉਂ ਦੁਨੀਆ ਨੇ ਨਵੇਂ ਸਾਮਰਾਜੀ ਸੰਸਾਰ ਚਲਨ ਦੇ ਦਰਸ਼ਨ ਕੀਤੇ। ਟਰੰਪ ਨੇ ਫ਼ਰਮਾਨ ਜਾਰੀ ਕੀਤਾ ਕਿ ਇਰਾਨ ਤੁਰੰਤ ਹਥਿਆਰ ਸੁੱਟ ਦੇਵੇ, ਜਿਸ 'ਤੇ ਇਰਾਨ ਨੇ ਆਖ਼ਰੀ ਦਮ ਤੱਕ ਲੜਨ ਦਾ ਅਹਿਦ ਦਰਸਾਇਆ। ਹੁਣ ਜੰਗ ਨਵੇਂ ਨਿਵੇਕਲੇ ਅੰਦਾਜ਼ ਵਿੱਚ ਭੜਕ ਉੱਠੀ ਹੈ।



ਅਮਰੀਕਾ ਇਜ਼ਰਾਈਲ ਵੱਲੋਂ ਇਰਾਨ ਦੀ ਤਬਾਹੀ ਦਾ ਪੈਟਰਨ ਲਗਭਗ ਜੂਨ 2025 ਦੇ ਹਮਲੇ ਵਾਲਾ ਹੀ ਹੈ, ਜਿਵੇਂ ਆਗੂ ਅਤੇ ਅਫ਼ਸਰ ਮਾਰਨੇ, ਪ੍ਰਮਾਣੂ ਕੇਂਦਰ ਨਸ਼ਟ ਕਰਨੇ, ਫ਼ੌਜੀ ਅਤੇ ਬੁਨਿਆਦੀ ਢਾਂਚਾ ਤਬਾਹ ਕਰਨਾ, ਇਰਾਨੀ ਵਪਾਰ ਰੋਕਣਾ, ਇਰਾਨ ਵਿੱਚ ਅੰਦਰੂਨੀ ਦਖ਼ਲ ਦੇਣਾ/ ਸਾਜ਼ਿਸ਼ਾਂ ਕਰਨੀਆਂ, ਤੇਲ ਢਾਂਚਾ ਬਰਬਾਦ ਕਰਨਾ। ਖ਼ਬਰਾਂ ਇਹ ਹਨ ਕਿ ਇਰਾਨ ਵਿੱਚ 100 ਦੇ ਕਰੀਬ ਪ੍ਰਾਚੀਨ ਸੱਭਿਅਤਾ ਨਾਲ ਸਬੰਧਿਤ ਇਤਿਹਾਸਕ ਵਿਰਾਸਤੀ ਥਾਵਾਂ ਮਲੀਆਮੇਟ ਹੋ ਚੁੱਕੀਆਂ ਹਨ। ਟਰੰਪ ਤੇ ਨੇਤਨਯਾਹੂ ਵੱਡੀ ਤਬਾਹੀ ਕਰਕੇ ਬਹੁਤ ਖ਼ੁਸ਼ ਹੋ ਰਹੇ ਹਨ। ਟਰੰਪ ਨੇ ਕਿਹਾ ਕਿ "ਇਰਾਨ ਹਾਰ ਚੁੱਕਾ ਤੇ ਹਥਿਆਰ ਸੁੱਟਣ ਹੀ ਵਾਲਾ ਹੈ। ਸਾਡੇ ਕੋਲ ਬਹੁਤ ਸਿਆਣੇ ਲੋਕ ਹਨ ਸਰਕਾਰ ਚਲਾਉਣ ਲਈ।" ਪਰ ਇਰਾਨੀ ਲੋਕਾਂ ਦਾ ਕਹਿਣਾ ਹੈ ਕਿ ਲੁੱਟਮਾਰ, ਕਬਜ਼ੇ, ਮੁਨਾਫ਼ੇ ਤੇ ਸਵਾਰਥ ਤਹਿਤ ਨਸਲੀ ਘਾਣ ਕਰਨ ਵਰਗੇ ਪਿਛੋਕੜ ਵਾਲੇ ਅਮਰੀਕੀ ਹਮਲਾਵਰ, ਅਣਖੀਲੀ ਪੂਰਬੀ ਸੋਚ ਨੂੰ ਨਹੀਂ ਸਮਝ ਸਕਦੇ। ਇਰਾਨੀ ਲੋਕ ਤਾਂ ਕਦੇ ਕਿਸੇ ਮੁਲਕ ਦੇ ਗ਼ੁਲਾਮ ਨਹੀਂ ਰਹੇ। ਉਹ ਲੰਮਾ ਸਮਾਂ ਲੜ ਮਰਨਗੇ, ਪਰ ਹਥਿਆਰ ਨਹੀਂ ਸੁੱਟਣਗੇ।

ਦੂਜੇ ਪਾਸੇ ਇਰਾਨ ਨੇ ਜਵਾਬੀ ਹਮਲਾ ਜੂਨ 2025 ਤੋਂ ਵੱਖਰੀ ਤਰ੍ਹਾਂ ਨਾਲ ਕੀਤਾ ਹੈ। ਇਰਾਨ ਨੂੰ ਗੁੱਸਾ ਹੈ ਕਿ ਆਪਣੀ ਧਰਤੀ ਉੱਤੇ ਅਮਰੀਕੀ ਫ਼ੌਜੀ ਅੱਡੇ ਬਣਵਾਈ ਬੈਠੇ ਅਰਬ ਮੁਲਕਾਂ ਨੇ ਅਮਰੀਕਾ ਨੂੰ ਹਮਲੇ ਲਈ ਇੱਕ ਤਰ੍ਹਾਂ ਸਮਰਥਨ ਹੀ ਦਿੱਤਾ ਕਿਉਂਕਿ ਇਨ੍ਹਾਂ ਦੀ ਧਰਤੀ ਤੋਂ ਹੀ ਇਰਾਨ ਉੱਤੇ ਹਮਲੇ ਕੀਤੇ ਗਏ ਅਤੇ ਹੋਰ ਲੋਕਾਂ ਦੇ ਨਾਲ ਨਾਲ 165 ਸਕੂਲੀ ਬੱਚੀਆਂ ਮਾਰ ਦਿੱਤੀਆਂ ਗਈਆਂ। ਇਸ ਸਭ ਕਾਰਨ ਇਰਾਨ ਨੇ ਹੋਰਮੁਜ਼ ਸਮੁੰਦਰੀ ਲਾਂਘਾ ਬੰਦ ਕਰ ਦਿੱਤਾ। ਅਰਬ ਦੇਸ਼ਾਂ ਵਿਚਲੇ ਅਮਰੀਕੀ ਫ਼ੌਜੀ ਅੱਡਿਆਂ, ਸਫ਼ਾਰਤਖਾਨਿਆਂ ਅਤੇ ਹੋਰ ਅਦਾਰਿਆਂ ਉੱਤੇ ਅਸਰਦਾਰ ਹਮਲਾ ਕੀਤਾ, ਜਿਸ ਨੂੰ ਅਮਰੀਕਾ ਪੂਰੀ ਤਰ੍ਹਾਂ ਨਹੀਂ ਰੋਕ ਸਕਿਆ। ਇਰਾਨ ਨੇ ਇਜ਼ਰਾਈਲ ਨੂੰ ਸਬਕ ਸਿਖਾਉਣ ਲਈ ਜਵਾਬੀ ਮਿਜ਼ਾਈਲ ਹਮਲੇ ਕੀਤੇ ਹਨ। ਰੂਸ, ਚੀਨ ਅਤੇ ਉੱਤਰੀ ਕੋਰੀਆ ਨੇ ਇਸ ਬਿਪਤਾ ਵਿੱਚ ਇਰਾਨ ਦੀ ਬਾਂਹ ਫੜੀ ਹੈ।

ਲਿਬਨਾਨੀ ਹਿਜ਼ਬੁੱਲ੍ਹਾ ਵੀ ਇਸ ਜ਼ਿੰਦਗੀ ਮੌਤ ਦੀ ਜੰਗ ਵਿੱਚ ਪੂਰਾ ਕੁੱਦ ਪਿਆ ਕਿਉਂਕਿ ਇਜ਼ਰਾਈਲ ਇਸ ਜੰਗ ਦੀ ਆੜ ਵਿੱਚ ਦੱਖਣੀ ਲਿਬਨਾਨ ਦੇ ਜੁੜਵੇਂ ਇਲਾਕੇ ਉੱਤੇ ਕਬਜ਼ਾ ਕਰ ਲੈਣ ਦੀ ਮਨਸ਼ਾ ਨਾਲ ਛੇ ਮਹੀਨਿਆਂ ਤੋਂ ਰਾਜਧਾਨੀ ਬੈਰੂਤ ਤੱਕ ਹਮਲੇ ਕਰ ਰਿਹਾ ਸੀ। ਉੱਥੇ ਇਲਾਕਾ ਖਾਲੀ ਕਰਨ ਲਈ ਪਰਚੇ ਵੀ ਸੁੱਟੇ ਹਨ। ਇਉਂ ਇਜ਼ਰਾਈਲ ਨੇ 'ਗਰੇਟਰ ਇਜ਼ਰਾਈਲ' ਯੋਜਨਾ ਤਹਿਤ ਲਿਬਨਾਨ ਦੀ ਧਰਤੀ ਹਥਿਆਉਣ ਲਈ ਵੀ ਪੂਰਾ ਜ਼ੋਰ ਲਗਾ ਦਿੱਤਾ ਹੈ। ਨੇਤਨਯਾਹੂ ਦਾ ਸੁਪਨਾ ਇਹ ਵੀ ਹੈ ਕਿ ਇਰਾਨ ਦੀ ਹਾਰ ਉਪਰੰਤ ਹੀ ਹੋਰ ਗੁਆਂਢੀ ਇਲਾਕਿਆਂ ਉੱਤੇ ਕਬਜ਼ੇ ਸੁਖਾਲੇ ਹੋਣਗੇ।

ਹੁਣ ਸਵਾਲ ਇਹ ਹੈ ਕਿ ਅਮਰੀਕਾ ਇਜ਼ਰਾਈਲ ਵੱਲੋਂ ਮਿੱਥੇ ਨਿਸ਼ਾਨੇ ਕਿੰਨੇ ਕੁ ਪੂਰੇ ਹੋਏ? ਪਹਿਲਾ ਫੌਰੀ ਨਿਸ਼ਾਨਾ ਸੀ ਲੀਡਰਾਂ ਨੂੰ ਮਾਰਨਾ ਤੇ ਆਪਣੇ ਪੱਖੀ, ਖਮੇਨੇਈ ਦੇ ਵਿਰੋਧੀ ਗੁੱਟ ਨੂੰ ਇਰਾਨ ਦਾ ਹਾਕਮ ਬਣਾ ਦੇਣਾ। ਇਨ੍ਹਾਂ ਦੀਆਂ ਆਸਾਂ ਦੇ ਉਲਟ ਅਮਰੀਕਾ-ਇਜ਼ਰਾਈਲ ਹਮਲੇ ਨੇ ਤਾਂ ਇਰਾਨੀ ਅਣਖ ਨੂੰ ਹਲੂਣ ਕੇ ਕੌਮ ਨੂੰ ਇਕਮੁੱਠ ਕਰ ਦਿੱਤਾ। ਇਰਾਨੀ ਲੋਕ ਫਿਲਹਾਲ ਆਪਣੀਆਂ ਨਿੱਜੀ ਮੰਗਾਂ ਤੇ ਮਸਲੇ ਇੱਕ ਪਾਸੇ ਰੱਖ ਕੇ ਆਪਣੇ ਦਲੇਰ ਆਗੂਆਂ ਪਿੱਛੇ ਡਟ ਗਏ ਹਨ। ਖਮੇਨੇਈ ਦਾ ਪੁੱਤਰ ਮੁਜਤਬਾ ਖਮੇਨੇਈ ਹੁਣ ਇਰਾਨ ਦਾ ਸਰਬਉੱਚ ਆਗੂ ਹੈ।

ਇਸ ਵਕਤ ਦੀ ਜ਼ਮੀਨੀ ਹਕੀਕਤ ਇਹ ਹੈ ਕਿ ਦੋਵੇਂ ਪਾਸਿਓਂ ਬਾਰੂਦ ਦਾ ਤਬਾਹਕੁੰਨ ਮੀਂਹ ਵਰ੍ਹ ਰਿਹਾ ਹੈ, ਜਾਨੀ ਮਾਲੀ ਨੁਕਸਾਨ ਹੋ ਰਿਹਾ ਹੈ। ਇਜ਼ਰਾਇਲੀ ਲੋਕ ਬੰਕਰਾਂ ਵਿੱਚ ਹਨ, ਪਰ ਇਰਾਨੀ ਲੋਕ ਸੜਕਾਂ ਉੱਤੇ ਨਿਕਲ ਕੇ ਸਰਕਾਰ ਦੇ ਨਾਲ ਦਿਸ ਰਹੇ ਹਨ।

ਅਰਬ ਦੇਸ਼ਾਂ ਨੂੰ ਇਰਾਨ ਨੇ ਕਿਹਾ ਹੈ ਕਿ ਤੁਸੀਂ ਤਾਂ ਸਾਡੇ ਭਰਾ ਹੋ, ਤੁਹਾਡੀ ਧਰਤੀ ਉੱਤੇ ਅਮਰੀਕੀ ਮੌਜੂਦਗੀ ਹੀ ਤੁਹਾਡੇ ਤੇ ਸਾਡੇ ਕਸ਼ਟਾਂ ਦਾ ਕਾਰਨ ਹੈ। ਇਰਾਨੀ ਹਮਲਿਆਂ ਕਾਰਨ ਅਰਬ ਧਰਤੀ ਉੱਤੇ ਅਮਰੀਕੀ ਫ਼ੌਜੀ ਅੱਡਿਆਂ ਦਾ ਭਵਿੱਖ ਧੁੰਦਲਾ ਜਾਪਦਾ ਹੈ।

ਨਾਟੋ ਦੇਸ਼ਾਂ, ਯੂਰੋਪੀ ਯੂਨੀਅਨ, ਅਰਬ ਦੇਸ਼ਾਂ, ਜਾਪਾਨ, ਆਸਟਰੇਲੀਆ, ਦੱਖਣੀ ਕੋਰੀਆ ਸਭ ਨੇ ਜੰਗ ਵਿੱਚ ਕੁੱਦਣ ਤੇ ਮਦਦ ਕਰਨ ਤੋਂ ਅਮਰੀਕਾ ਨੂੰ ਸਾਫ਼ ਇਨਕਾਰ ਕਰ ਦਿੱਤਾ ਹੈ। ਇਰਾਨ ਨੇ ਆਖਿਆ ਕਿ ਸਮੁੰਦਰੀ ਲਾਂਘਾ 'ਹੋਰਮੁਜ਼' ਸਿਰਫ਼ ਅਮਰੀਕਾ, ਇਜ਼ਰਾਈਲ ਤੇ ਉਨ੍ਹਾਂ ਦੇ ਮਦਦਗਾਰਾਂ ਲਈ ਹੀ ਬੰਦ ਹੈ, ਬਾਕੀ ਸਭ ਲਈ ਖੁੱਲ੍ਹਾ ਹੈ। ਅਮਰੀਕਾ ਨਾਟੋ ਉੱਤੇ ਭੜਕ ਗਿਆ ਹੈ ਅਤੇ ਸਬਕ ਸਿਖਾਉਣ ਦੀਆਂ ਧਮਕੀਆਂ ਦੇ ਰਿਹਾ ਹੈ। ਸਭ ਦੇਸ਼ਾਂ ਨੂੰ ਲਾਂਘਾ ਖੁਲ੍ਹਵਾਉਣ ਲਈ ਮਦਦ ਕਰਨ ਦੀ ਗੁਹਾਰ ਲਾ ਰਿਹਾ ਹੈ, ਪਰ ਫਿਲਹਾਲ ਸਭ ਵੱਲੋਂ ਨਾਂਹ ਹੈ। ਇਸ ਦੇ ਪਿਛੋਕੜ ਵਿੱਚ ਟਰੰਪ ਦੀ ਧੱਕੇਸ਼ਾਹੀ ਵਾਲੀ ਗਰੀਨਲੈਂਡ, ਕੈਨੇਡਾ 'ਤੇ ਕਬਜ਼ੇ ਦੀ ਮਨਸ਼ਾ ਅਤੇ ਸਾਰੀ ਦੁਨੀਆ ਦੇ ਮੁਲਕਾਂ 'ਤੇ ਵੱਡੇ ਟੈਰਿਫ ਲਾਉਣ ਦੀ ਨੀਤੀ ਵੀ ਹੈ। ਟਰੰਪ ਦੀ ਨਾਟੋ ਨਾਲੋਂ ਦੂਰੀ ਵਧਣੀ ਅਟੱਲ ਜਾਪਦੀ ਹੈ।

ਖ਼ਬਰਾਂ ਦੱਸਦੀਆਂ ਹਨ ਕਿ ਇਜ਼ਰਾਈਲ ਆਪਣੇ ਨੁਕਸਾਨ ਨੂੰ ਲੁਕਾ ਰਿਹਾ ਹੈ। ਨੇਤਨਯਾਹੂ ਅਤੇ ਟਰੰਪ ਨੇ ਜਿਸ ਕਿਸਮ ਦੀ ਸਿਆਸੀ ਭੱਲ ਲਈ ਇਹ ਇਕਪਾਸੜ ਹਮਲਾ ਕੀਤਾ, ਉਹੀ ਇਨ੍ਹਾਂ ਲਈ ਨਮੋਸ਼ੀ ਦਾ ਕਾਰਨ ਬਣਦਾ ਜਾਪਦਾ ਹੈ। ਅਰਬ ਦੇਸ਼ਾਂ ਦੀ ਟਰੰਪ ਨਾਲ ਨਾਰਾਜ਼ਗੀ ਦੀਆਂ ਖ਼ਬਰਾਂ ਹਨ।

ਪ੍ਰਮਾਣੂ ਮੁੱਦੇ, ਇਰਾਨ ਦੇ ਮਿਜ਼ਾਈਲ ਵਿਕਾਸ ਅਤੇ ਪ੍ਰੌਕਸੀ ਸੰਗਠਨਾਂ ਬਾਰੇ ਇਰਾਨ ਨੇ ਆਖਿਆ ਕਿ ਉਹ ਹੁਣ ਅਮਰੀਕਾ ਨਾਲ ਕੋਈ ਵਾਰਤਾਲਾਪ ਨਹੀਂ ਕਰੇਗਾ। ਇਰਾਨ ਨੇ ਉਲਟਾ ਆਖਿਆ ਕਿ ਅਮਰੀਕਾ ਸਾਨੂੰ ਜੰਗ ਦਾ ਹਰਜਾਨਾ ਦੇਵੇ ਅਤੇ ਅੱਗੇ ਤੋਂ ਹਮਲਾ ਨਾ ਕਰਨ ਦੀ ਗਾਰੰਟੀ ਦੇਵੇ। ਇਹ ਸੰਭਾਵਨਾ ਹੈ ਕਿ ਇਰਾਨ ਆਪਣੇ ਉੱਤੇ ਹੋਏ ਇਸ ਨਾਜ਼ਾਇਜ਼ ਹਮਲੇ ਨੂੰ ਪ੍ਰਮਾਣੂ ਬੰਬ ਬਣਾਉਣ ਦੀ ਆਪਣੀ ਲੋੜ ਵਜੋਂ ਹੱਕ ਬਜਾਨਬ ਠਹਿਰਾ ਸਕਦਾ ਹੈ।



# ਗਲਿਆਰਾ ਯੋਜਨਾ ਅਤੀਤ ਤੋਂ ਵਰਤਮਾਨ ਤੱਕ

ਜੇਕਰ ਤੁਸੀਂ ਅੰਮ੍ਰਿਤਸਰ ਸ਼ਹਿਰ 'ਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਹਨ ਤਾਂ ਤੁਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਬਣੇ ਗਲਿਆਰੇ ਨੂੰ ਜ਼ਰੂਰ ਵੇਖਿਆ ਹੋਵੇਗਾ। 1984 'ਚ ਸ੍ਰੀ ਹਰਿਮੰਦਰ ਸਾਹਿਬ 'ਤੇ ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਕੇਂਦਰ ਨੇ ਅੰਮ੍ਰਿਤਸਰ ਲਈ ਇਕ ਖਾਸ ਗਲਿਆਰਾ ਯੋਜਨਾ ਉਲੀਕੀ ਸੀ, ਜਿਸ ਦਾ ਉਦੇਸ਼ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਚੌਗਿਰਦੇ ਨੂੰ ਖ਼ੂਬਸੂਰਤ ਬਣਾਉਣਾ ਦੱਸਿਆ ਗਿਆ ਸੀ ਤਾਂ ਕਿ ਦੂਰ ਦੁਰਾਡੇ ਤੋਂ ਆਉਣ ਵਾਲੇ ਸੈਲਾਨੀ ਇਸ ਹਰੇ ਭਰੇ ਗਲਿਆਰੇ 'ਚ ਸਮਾਂ ਬਤੀਤ ਕਰ ਸਕਣ। ਪਰ ਅਸਲ 'ਚ ਕੇਂਦਰ ਸਰਕਾਰ ਨੇ ਇਸ ਗਲਿਆਰੇ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਦਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਲੋੜ ਪੈਣ 'ਤੇ ਸੁਰੱਖਿਆ ਦਲਾਂ ਦੇ ਦਾਖਲੇ ਲਈ ਵਰਤਣਾ ਸੀ। ਇਸ ਨੀਤੀ ਨੂੰ ਗਲਿਆਰਾ ਯੋਜਨਾ ਦਾ ਨਾਂਅ ਦਿੱਤਾ ਗਿਆ ਸੀ। ਵਿਕਸਤ ਦੇਸ਼ ਆਪਣੀ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਵੱਡਾ ਬਜਟ ਬਣਾਉਂਦੇ ਹਨ ਤਾਂ ਕਿ ਉਹ ਆਪਣੀ ਪੁਰਾਤਨ ਵਿਰਾਸਤ ਨੂੰ ਸੰਭਾਲ ਸਕਣ, ਪਰ ਭਾਰਤ ਸਰਕਾਰ ਨੇ ਆਪਣੀ ਹੀ ਮਹਾਨ ਵਿਰਾਸਤ ਨੂੰ ਤਬਾਹ ਕਰਨ ਲਈ ਕਰੋੜਾਂ ਰੁਪਏ ਖਰਚ ਕਰ ਦਿੱਤੇ। ਇਥੇ ਦੱਸਣਾ ਬਣਦਾ ਹੈ ਕਿ ਯੂਨੈਸਕੋ ਵਲੋਂ ਹੈਰੀਟੇਜ ਇਮਾਰਤਾਂ ਦੀ ਸਾਂਭ ਸੰਭਾਲ ਲਈ ਕਰੋੜਾਂ ਰੁਪਏ ਦਾ ਫੰਡ ਇਸ ਕਰਕੇ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਕਿ ਪੁਰਾਤਨ ਇਮਾਰਤਾਂ ਨੂੰ ਸੰਭਾਲਣ ਦੀ ਨਵੀਂ ਪੀੜ੍ਹੀ ਵੀ ਪ੍ਰੇਰਨਾ ਲੈ ਸਕੇ। ਪਰ ਭਾਰਤ ਸਰਕਾਰ ਨੇ ਇਸ ਦੇ ਉਲਟ ਉਸ ਵੇਲੇ ਦੇ ਯੂਨੈਸਕੋ ਦੇ ਅਜਾਇਬ ਘਰਾਂ ਦੇ ਮਾਹਿਰ ਬੰਗਲਾਦੇਸ਼ ਦੇ ਡਾ. ਐਨਾਮੁਲ ਹੱਕ ਦਾ ਅੰਮ੍ਰਿਤਸਰ ਦਾ ਦੌਰਾ ਕਰਵਾਇਆ। ਡਾ. ਹੱਕ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਪੁਰਾਤਨ ਵਿਰਾਸਤੀ ਅਸਥਾਨਾਂ ਦਾ ਦੌਰਾ ਕਰ ਕੇ ਭਾਰਤ ਸਰਕਾਰ ਨੂੰ ਸੁਝਾਅ ਦਿੰਦਿਆ ਕਿਹਾ ਕਿ 'ਇਹ ਇਮਾਰਤਾਂ ਬਹੁਤ ਪੁਰਾਣੀਆਂ ਅਤੇ ਖਸਤਾ ਹਾਲਤ 'ਚ ਹਨ ਅਤੇ ਸੰਭਾਲਣ ਦੇ ਯੋਗ ਨਹੀਂ ਹਨ, ਇਨ੍ਹਾਂ ਨੂੰ ਢਾਹ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਸ ਦੀ ਜਗ੍ਹਾ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦਾ ਸੁੰਦਰੀਕਰਨ ਕਰਨ ਦਾ ਭਾਰਤ ਸਰਕਾਰ ਨੂੰ ਸੁਝਾਅ ਦਿੰਦਿਆ ਕਰਨਾਟਕ ਦੇ ਹੰਪੀ ਵਾਂਗ ਗਲਿਆਰਾ ਪ੍ਰਾਜੈਕਟ ਤਿਆਰ ਕਰ ਦੇਣ ਲਈ ਕਿਹਾ।' ਕੇਂਦਰ ਵੀ ਇਹੋ ਚਾਹੁੰਦਾ ਸੀ, ਪਰ ਇਸ ਗੱਲ ਦੀ ਪੁਸ਼ਟੀ ਅਜੇ ਤੱਕ ਨਹੀਂ ਹੋ ਸਕੀ ਕਿ ਇਹ ਰਿਪੋਰਟ ਕੇਂਦਰ ਨੇ ਆਪ ਤਿਆਰ ਕਰਵਾਈ ਸੀ ਜਾਂ ਐਨਾਮੁਲ ਹੱਕ 'ਤੇ ਕੋਈ ਦਬਾਅ ਸੀ। (ਇਥੇ ਇਹ ਵੀ ਵਰਣਨਯੋਗ ਹੈ ਕਿ ਐਨਾਮੁਲ ਹੱਕ ਨੇ ਹੀ ਕੇਂਦਰ ਨੂੰ ਕਰਨਾਟਕ ਦੇ ਹੰਪੀ ਵਿਰਾਸਤੀ ਮੰਦਰਾਂ ਦੇ ਆਲੇ-ਦੁਆਲੇ ਗਲਿਆਰਾ ਯੋਜਨਾ ਦੀ ਸਲਾਹ ਦਿੱਤੀ ਸੀ। 2020 'ਚ ਭਾਰਤ ਸਰਕਾਰ ਨੇ ਐਨਾਮੁਲ ਹੱਕ ਨੂੰ ਪਦਮ-ਸ੍ਰੀ ਨਾਲ ਸਨਮਾਨਿਤ ਕੀਤਾ ਸੀ।) ਕੇਂਦਰ ਸਰਕਾਰ ਨੇ ਬਲਿਊ ਸਟਾਰ ਆਪ੍ਰੇਸ਼ਨ ਭਾਵ ਸਾਕਾ ਨੀਲਾ ਤਾਰਾ ਤੋਂ ਕਰੀਬ ਚਾਰ ਸਾਲ ਬਾਅਦ 6 ਜੂਨ, 1988 ਨੂੰ ਸਾਕਾ ਨੀਲਾ ਤਾਰਾ ਦੀ ਚੌਥੀ ਬਰਸੀ ਵਾਲੇ ਗਲਿਆਰਾ ਯੋਜਨਾ ਦਾ ਉਦਘਾਟਨ ਕੀਤਾ ਸੀ। ਇਸ ਲਈ 6 ਜੂਨ ਦਾ ਦਿਨ ਚੁਣਿਆ ਗਿਆ, ਪਰ ਉਸ ਦਿਨ ਦਾ ਕਿਸੇ ਵੀ ਪੰਥਕ ਧਿਰ ਜਾ ਆਗੂ ਨੇ ਵਿਰੋਧ ਨਾ ਕੀਤਾ। ਵਿਰੋਧ ਦਰਜ ਤਾਂ ਕੀ ਕਰਨਾ ਸੀ, ਸਗੋਂ ਇਸ ਨੂੰ ਕਿਸੇ ਅਦਾਲਤੀ ਰੇੜਕੇ 'ਚ ਰਿੜਕਣ ਦੀ ਵੀ ਹਿੰਮਤ ਕਿਸੇ ਨੇ ਨਹੀਂ ਦਿਖਾਈ।



ਇਸ ਗਲਿਆਰੇ ਦਾ ਮੁੱਖ ਮਕਸਦ ਸ੍ਰੀ ਹਰਿਮੰਦਰ ਸਾਹਿਬ ਦੇ ਨਾਲ ਲੱਗਦੀਆਂ ਪੁਰਾਤਨ ਇਮਾਰਤਾਂ, ਬਾਜ਼ਾਰ ਅਤੇ ਤੰਗ ਗਲੀਆਂ ਨੂੰ ਹਟਾਉਣਾ ਸੀ। ਅਸਲ 'ਚ ਇਹ ਤੰਗ ਬਾਜ਼ਾਰ ਅਤੇ ਨਾਲ ਲੱਗਦੀਆਂ ਪੁਰਾਤਨ ਇਮਾਰਤਾਂ ਹੀ ਬਲਿਊ ਸਟਾਰ ਆਪ੍ਰੇਸ਼ਨ ਵੇਲੇ ਭਾਰਤੀ ਫ਼ੌਜ ਲਈ ਰੁਕਾਵਟ ਬਣੀਆਂ ਸਨ। ਕੇਂਦਰ ਨੇ ਅੱਗੇ ਤੋਂ ਅਜਿਹੀ ਕੋਈ ਰੁਕਾਵਟ ਨਾ ਆਵੇ, ਇਸ ਲਈ ਗਲਿਆਰਾ ਯੋਜਨਾ ਉਲੀਕੀ ਸੀ।



ਸ਼ੁਰੂ ਵਿੱਚ ਸਿੱਖ ਭਾਈਚਾਰਾ ਗਲਿਆਰਾ ਯੋਜਨਾ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਜ਼ਰੂਰ ਸੀ, ਪਰ ਵਿਰੋਧ ਕਿਸੇ ਵੀ ਆਗੂ ਨੇ ਨਹੀਂ ਕੀਤਾ। ਅੰਮ੍ਰਿਤਸਰ ਦੀਆਂ ਇਤਿਹਾਸਕ ਇਮਾਰਤਾਂ ਅਤੇ ਧਾਰਮਿਕ ਸਥਾਨਾਂ ਨੂੰ ਨਾ ਸਿਰਫ਼ ਸਮਾਰਕਾਂ ਵਜੋਂ ਸੁਰੱਖਿਅਤ ਰੱਖਿਆ ਜਾ ਸਕਦਾ ਸੀ, ਸਗੋਂ ਸਦੀਆਂ ਪੁਰਾਣੀਆਂ

**ਅਵਤਾਰ ਸਿੰਘ ਆਨੰਦ**

ਪਰੰਪਰਾਵਾਂ ਵਾਲੇ ਜਿਉਂਦੇ ਸਥਾਨਾਂ ਵਜੋਂ ਵੀ ਸੰਭਾਲਿਆ ਜਾ ਸਕਦਾ ਸੀ। ਅੰਮ੍ਰਿਤਸਰ ਦੇ ਗੁਰੂ ਕਾਲ ਵੇਲੇ ਦੇ ਮਹਾਨ ਵਿਰਾਸਤੀ ਬਾਜ਼ਾਰਾਂ, ਨੂੰ ਰਾਹ ਪੱਧਰਾ ਕਰਨ ਲਈ ਢਾਹ ਦਿੱਤਾ ਗਿਆ। ਇਨ੍ਹਾਂ ਇਤਿਹਾਸਕ ਬਜ਼ਾਰਾਂ ਵਿੱਚ ਪ੍ਰਸਿੱਧ ਬਜ਼ਾਰ ਮਨਿਆਰਾਂ (ਝੂਠਾ ਬਾਜ਼ਾਰ), ਸ਼ਹੀਦੀ ਬਾਜ਼ਾਰ, ਆਟਾ ਮੰਡੀ ਬਾਜ਼ਾਰ, ਕੱਪੜਾ ਬਾਜ਼ਾਰ, ਬਾਜ਼ਾਰ ਪਾਪੜਾਂ ਵਾਲਾ, ਕਾਠੀਆਂ ਵਾਲਾ ਬਾਜ਼ਾਰ, ਪੰਜਾਬ ਦਾ ਸਭ ਤੋਂ ਵੱਡਾ ਕਿਤਾਬਾਂ ਪ੍ਰਕਾਸ਼ਨ ਦਾ ਬਾਜ਼ਾਰ ਮਾਈ ਸੇਵਾਂ ਤੇ ਮੋਚੀ ਬਾਜ਼ਾਰ ਦਾ ਵੱਡਾ ਹਿੱਸਾ ਢਾਹ ਦਿੱਤਾ ਗਿਆ। ਗੁ. ਬਾਬਾ ਅਟੱਲ ਰਾਏ ਜੀ ਨੇੜੇ ਹਸਪਤਾਲ ਵੀ ਢਾਹ ਦਿੱਤਾ ਗਿਆ। ਇਥੇ ਸਾਹਮਣੇ ਦੀ ਬਹੁਤ ਸੁੰਦਰ ਸ਼ਹੀਦ ਮਾਰਕੀਟ ਗਲਿਆਰਾ ਪ੍ਰਾਜੈਕਟ ਵਿੱਚ ਗੁਆਚ ਗਈ। ਬਹੁਤ ਸਾਰੇ ਇਤਿਹਾਸਕ ਪੁਰਾਤਨ ਬਾਜ਼ਾਰ ਕੇਂਦਰ ਦੀ ਇਸ ਨੀਤੀ ਦੀ ਭੇਟ ਚੜ੍ਹ ਗਏ।

ਢਾਹੁਣ ਦਾ ਕੰਮ 9 ਜੂਨ, 1988 ਨੂੰ ਸ਼ੁਰੂ ਹੋਇਆ ਅਤੇ 13 ਨਵੰਬਰ, 1988 ਨੂੰ ਪੂਰਾ ਹੋਇਆ। ਬਾਕੀ ਇਮਾਰਤਾਂ ਨੂੰ ਸੁਰੱਖਿਆ ਜਾਂ ਹੋਰ ਕਾਰਨਾਂ ਕਰਕੇ ਨਹੀਂ ਢਾਹਿਆ ਗਿਆ। ਪਰ ਧਾਰਮਿਕ ਇਮਾਰਤਾਂ ਨੂੰ ਛੱਡ ਕੇ ਸਾਰੀਆਂ ਇਮਾਰਤਾਂ ਨੂੰ ਢਾਹ ਦਿੱਤਾ ਗਿਆ। ਕਟੜਾ ਦਲ ਸਿੰਘ ਵਿਖੇ ਮਹੰਤ ਬਾਬਾ ਗੁਰਦਿੱਤ ਸਿੰਘ ਦਾ ਅਸਥਾਨ ਵੀ ਢਾਹ ਦਿੱਤਾ ਗਿਆ। ਮਾਤਾ ਕੌਲਾਂ ਜੀ ਦੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਵਾਲਾ ਅਸਥਾਨ ਵੀ ਗਲਿਆਰੇ ਦੇ ਅੰਦਰ ਆ ਗਿਆ ਅਤੇ ਉਸ ਨੂੰ ਵੀ ਢਾਹ ਦਿੱਤਾ ਗਿਆ। 500 ਇਮਾਰਤਾਂ ਨੂੰ ਢਾਹੁਣ ਦਾ ਪ੍ਰਸਤਾਵ ਸੀ, ਪਰ ਇਨ੍ਹਾਂ ਵਿੱਚੋਂ 483 ਇਮਾਰਤਾਂ ਨੂੰ ਢਾਹਿਆ ਗਿਆ।

ਇਥੋਂ 859 ਪਰਿਵਾਰਾਂ ਨੂੰ ਉਜਾੜ ਦਿੱਤਾ ਗਿਆ ਅਤੇ 500 ਘਰ ਅਤੇ 1150 ਦੁਕਾਨਾਂ ਢਾਹ ਦਿੱਤੀਆਂ ਗਈਆਂ। ਦੁਕਾਨਾਂ ਦੇ ਮਾਲਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਤੋਂ ਦੂਰ ਪਿੰਕ ਪਲਾਜ਼ਾ, ਸ਼ਹੀਦ ਭਗਤ ਸਿੰਘ ਮਾਰਕੀਟ, ਆਈਡੀਐਚ ਮਾਰਕੀਟ, ਗ੍ਰੀਨ ਪਲਾਜ਼ਾ ਵਰਗੇ ਵੱਖ-ਵੱਖ ਬਾਜ਼ਾਰਾਂ ਵਿੱਚ ਮੁੜ ਵਸਾਇਆ ਗਿਆ। ਉਨ੍ਹਾਂ ਨੂੰ 1224 ਦੁਕਾਨਾਂ ਲਈ ਪਲਾਟ ਅਲਾਟ ਕੀਤੇ ਗਏ। ਜ਼ਮੀਨ ਜਾਇਦਾਦਾਂ ਦੇ ਮੁਆਵਜ਼ੇ ਦੀ ਅਦਾਇਗੀ ਅਤੇ ਪੁਨਰਵਾਸ 'ਤੇ ਕੁੱਲ 80.74 ਕਰੋੜ ਰੁਪਏ ਦਾ ਖਰਚਾ ਆਇਆ।

ਦਿੱਲੀ ਦੇ ਆਰਕੀਟੈਕਟ ਰਵਿੰਦਰ ਭਾਨ ਵਲੋਂ ਇਹ ਡਿਜ਼ਾਈਨ ਤਿਆਰ ਕੀਤਾ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਮਾਰਕੀਟ ਨੂੰ ਢਾਹੁਣ ਤੋਂ ਬਾਅਦ ਲੈਂਡਸਕੇਪਿੰਗ ਕਰਕੇ 300 ਦੇ ਕਰੀਬ ਕਾਰਾਂ ਲਈ ਭੂਮੀਗਤ ਪਾਰਕਿੰਗ, ਬੱਸਾਂ ਲਈ ਜ਼ਮੀਨਦੋਜ਼ ਪਾਰਕਿੰਗ ਦੀ ਕਲਪਨਾ ਕੀਤੀ ਗਈ। ਆਈ. ਏ. ਐੱਸ. ਅਫ਼ਸਰ ਕਰਨਬੀਰ ਸਿੰਘ ਸਿੱਧੂ ਦੇ ਹੁੰਦਿਆਂ ਗਲਿਆਰਾ ਪ੍ਰਾਜੈਕਟ ਰੁਕਿਆ ਹੀ ਰਿਹਾ, ਕਿਉਂਕਿ ਉਨ੍ਹਾਂ ਨੇ ਕੇਂਦਰ ਸਰਕਾਰ ਦੀ ਇਸ ਮਸਲੇ 'ਚ ਕੋਈ ਜ਼ਿਆਦਾ ਮਦਦ ਨਹੀਂ ਸੀ ਕੀਤੀ। ਸ਼ਾਇਦ ਉਹ ਵੀ ਇਸ ਗਲਿਆਰੇ ਨੂੰ ਠੀਕ ਨਹੀਂ ਸਨ ਸਮਝਦੇ।

ਇਸ ਗਲਿਆਰਾ ਪ੍ਰਾਜੈਕਟ ਨੂੰ ਅਪ੍ਰੈਲ 1988 ਵਿੱਚ ਪ੍ਰਧਾਨ ਮੰਤਰੀ ਪੱਧਰ 'ਤੇ ਹੋਈ ਮੀਟਿੰਗ ਵਿੱਚ ਮਨਜ਼ੂਰੀ ਦਿੱਤੀ ਗਈ ਸੀ। 6 ਜੂਨ ਨੂੰ ਐਲਾਨ ਹੋਇਆ ਅਤੇ ਇਸ 30 ਮੀਟਰ ਦੀ ਪੱਟੀ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਗਲਿਆਰਾ ਪ੍ਰਾਜੈਕਟ ਦੀ ਰਿਪੋਰਟ 15 ਜੂਨ, 1988 ਨੂੰ ਪੰਜਾਬ ਦੇ ਮੁੱਖ ਸਕੱਤਰ ਦੁਆਰਾ ਕੇਂਦਰੀ ਗ੍ਰਹਿ ਸਕੱਤਰ ਨੂੰ ਭੇਜੀ ਗਈ। ਪ੍ਰਾਜੈਕਟ ਦੀ ਅਸਲ ਲਾਗਤ 119 ਕਰੋੜ ਰੁਪਏ ਸੀ। ਹਾਲਾਂਕਿ, ਲਾਗਤ ਨੂੰ ਸੋਧ ਕੇ 82.75 ਕਰੋੜ ਰੁਪਏ ਕਰ ਦਿੱਤਾ ਗਿਆ ਸੀ। ਕੇਂਦਰ ਸਰਕਾਰ ਨੇ ਪ੍ਰਾਜੈਕਟ ਲਈ 74.75 ਕਰੋੜ ਰੁਪਏ ਮਨਜ਼ੂਰ ਕੀਤੇ ਸਨ। ਇਸ ਪ੍ਰਾਜੈਕਟ ਨੂੰ ਪੜਾਅ-ਦਰ-ਪੜਾਅ ਸ਼ੁਰੂ ਕੀਤਾ ਗਿਆ।

ਪਹਿਲਾ ਪੜਾਅ: ਚੌਕ ਪਰਾਗ ਦਾਸ ਤੋਂ ਬਾਬਾ ਅਟੱਲ ਤਕ। ਦੂਜਾ ਪੜਾਅ: ਬਾਬਾ ਅਟੱਲ ਤੋਂ ਬਾਜ਼ਾਰ ਪਾਪੜਾਂ ਵਾਲਾ ਤੱਕ। ਤੀਜਾ ਪੜਾਅ: ਬਾਜ਼ਾਰ ਪਾਪੜਾਂ ਵਾਲਾ ਤੋਂ ਬਾਜ਼ਾਰ ਮਾਈ ਸੇਵਾਂ ਤੱਕ। ਚੌਥਾ ਪੜਾਅ: ਗੁਰੂ ਰਾਮਦਾਸ ਸਰਾਏ ਤੋਂ ਘੰਟਾ ਘਰ ਤੱਕ। ਪੰਜਵਾਂ ਅਤੇ ਆਖਰੀ ਪੜਾਅ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਮਾਰਕੀਟ ਨੂੰ ਢਾਹੁਣ ਤੋਂ ਬਾਅਦ ਲੈਂਡਸਕੇਪਿੰਗ ਦਾ ਪ੍ਰਬੰਧ ਕਰਨਾ ਸੀ। ਜਿੱਥੇ ਤੁਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅੱਜਕਲ੍ਹ ਫ਼ੁਹਾਰੇ ਚਲਦੇ ਵੇਖਦੇ ਹੋ, ਇਹ ਕੇਂਦਰ ਦਾ ਗਲਿਆਰਾ ਪ੍ਰਾਜੈਕਟ ਦੇ ਆਖਰੀ ਪੜਾਅ ਸੀ।

1988 ਤੋਂ ਸ਼ੁਰੂ ਹੋਈ ਗਲਿਆਰਾ ਯੋਜਨਾ ਦੇ ਚੀਫ ਇੰਜੀਨੀਅਰ ਦੀ ਕੁਝ ਸਮੇਂ ਬਾਅਦ ਹੀ ਮੌਤ ਹੋ ਗਈ ਸੀ। ਇਹ ਪ੍ਰਾਜੈਕਟ ਦੋ ਸਾਲ ਰੁਕਿਆ ਰਿਹਾ। ਪ੍ਰਸਿੱਧ ਪੱਤਰਕਾਰ ਡਾ. ਖੁਸ਼ਵੰਤ ਸਿੰਘ ਆਪਣੀ ਕਿਤਾਬ 'ਸਿੱਖ ਇਤਿਹਾਸ ਭਾਗ ਦੂਜਾ' 'ਚ ਲਿਖਦੇ ਹਨ ਕਿ 'ਰੁਕੀ ਹੋਈ ਗਲਿਆਰਾ ਯੋਜਨਾ ਦੁਬਾਰਾ ਸ਼ੁਰੂ ਹੋਣ ਨਾਲ ਖਾੜਕੂਆਂ ਵਲੋਂ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸਪੱਸ਼ਟ ਰੂਪ 'ਚ ਸ. ਬੇਅੰਤ ਸਿੰਘ ਦੀ ਸਰਕਾਰ ਅਤੇ ਪੰਥਕ ਆਗੂਆਂ ਵਿਚਾਲੇ ਹੋਏ ਅਣਲਿਖੇ ਸਮਝੌਤੇ ਅਧੀਨ ਗਲਿਆਰਾ ਯੋਜਨਾ ਨੂੰ ਸੁਰੱਖਿਆ ਪੱਟੀ ਦੀ ਥਾਂ ਸ੍ਰੀ ਹਰਿਮੰਦਰ ਸਾਹਿਬ ਦੀ ਦੂਜੀ ਪਰਿਕਰਮਾ ਦਾ ਨਾਂਅ ਦਿੱਤਾ ਗਿਆ। ਸਮਝੌਤੇ 'ਚ ਇਹ ਵੀ ਦਰਜ ਸੀ ਕਿ ਕੋਈ ਵੀ ਕਾਂਗਰਸੀ ਮੰਤਰੀ ਜਾਂ ਆਗੂ ਇਸ ਦਾ ਉਦਘਾਟਨ ਕਰਨ ਜਾਂ ਕਿਸੇ ਪੜਾਅ ਦਾ ਆਰੰਭ ਕਰਨ ਨਹੀਂ ਆਵੇਗਾ। ਖ਼ੁਸ਼ਵੰਤ ਸਿੰਘ ਅੱਗੇ ਲਿਖਦੇ ਹਨ ਕਿ 'ਸਰਕਾਰ ਸਹਿਮਤ ਹੋ ਗਈ ਅਤੇ ਸਾਰਾ ਖਰਚਾ ਝੱਲਣ ਲਈ ਤਿਆਰ ਵੀ ਹੋ ਗਈ।' ਇਸ ਯੋਜਨਾ ਨੇ ਬੜੇ ਸੁੰਦਰ ਭੂ ਦ੍ਰਿਸ਼-ਜਲ ਦ੍ਰਿਸ਼ ਚਿੱਤਰ ਬਣਾ ਕੇ ਸਿੱਖ ਸੰਸਥਾਵਾਂ ਅਤੇ ਪੰਥਕ ਧਿਰਾਂ ਨੂੰ ਆਕਰਸ਼ਿਤ ਕੀਤਾ। ਗਲਿਆਰੇ ਦਾ 3/4 ਭਾਗ 1992-96 ਦੇ ਵਿਚਕਾਰ ਪੂਰਾ ਹੋ ਗਿਆ। ਬਾਕੀ ਦਾ ਭਾਗ 2002 ਦੇ ਆਸ ਪਾਸ ਮੁਕੰਮਲ ਕਰ ਕੀਤਾ ਗਿਆ। ਗਲਿਆਰਾ ਪ੍ਰਾਜੈਕਟ ਹੁਣ ਅੰਮ੍ਰਿਤਸਰ ਵਿਕਾਸ ਅਥਾਰਟੀ (141) ਦੁਆਰਾ ਚਲਾਇਆ ਜਾ ਰਿਹਾ ਹੈ। 2010 ਤੋਂ ਪਹਿਲਾਂ, ਇਸ ਨੂੰ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਅੰਮ੍ਰਿਤਸਰ ਨਗਰ ਨਿਗਮ ਦੁਆਰਾ ਸੰਭਾਲਿਆ ਜਾਂਦਾ ਸੀ। ਸ਼ੁਰੂ ਤੋਂ ਲੈ ਕੇ 1994 ਤੱਕ, ਇਸ ਦੀ ਦੇਖਭਾਲ ਪੰਜ ਭੂਮੀ ਪ੍ਰਾਪਤੀ ਕੁਲੈਕਟਰਾਂ ਦੁਆਰਾ ਕੀਤੀ ਜਾਂਦੀ ਸੀ, ਜਿਨ੍ਹਾਂ ਨੇ ਸਰਕਾਰ ਵਲੋਂ ਜ਼ਮੀਨ ਪ੍ਰਾਪਤ ਕੀਤੀ ਸੀ। ਕੁਝ ਸਾਲ ਪਹਿਲਾਂ ਪੰਜ ਪੜਾਵਾਂ ਦੇ ਮੁਕੰਮਲ ਹੋਣ ਤੋਂ ਬਾਅਦ, ਰਾਜ ਸਰਕਾਰ ਨੇ ਗਲਿਆਰਾ ਸਕੀਮ ਦੇ ਛੇਵੇਂ ਅਤੇ ਸੱਤਵੇਂ ਪੜਾਅ ਲਈ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਪ੍ਰਵਾਨਗੀ ਮੰਗੀ।


ਇਨ੍ਹਾਂ ਦੋਂ ਪੜਾਵਾਂ ਦੇ ਕੰਮ ਜਿਨ੍ਹਾਂ ਦੀ ਲਾਗਤ 740 ਕਰੋੜ ਰੁਪਏ ਹੋਣ ਦਾ ਅਨੁਮਾਨ ਸੀ, ਨੂੰ ਕੇਂਦਰ ਸਰਕਾਰ ਵਲੋਂ ਕੋਈ ਜਵਾਬ ਨਹੀਂ ਮਿਲਿਆ, ਜਿਸ ਕਰਕੇ ਗਲਿਆਰੇ ਦਾ ਕੰਮ ਕਰੀਬ-ਕਰੀਬ ਬੰਦ ਕਰ ਕੇ ਕੇਂਦਰ ਸਰਕਾਰ ਨੇ ਸ਼ਾਇਦ ਇਸ ਪ੍ਰਾਜੈਕਟ ਨੂੰ ਮੁਕੰਮਲ ਸਮਝ ਲਿਆ ਹੈ।

**ਗਲਿਆਰੇ ਦੀ ਮੌਜੂਦਾ ਸਥਿਤੀ**

ਅੱਜਕਲ੍ਹ ਗਲਿਆਰਾ ਸਾਫ-ਸਫਾਈ ਨੂੰ ਤਰਸ ਰਿਹਾ ਹੈ। ਕੇਂਦਰ ਨੇ ਜਿਸ ਮਕਸਦ ਲਈ ਇਹ ਬਣਾਇਆ ਸੀ, ਉਹ ਤਾਂ ਪੂਰਾ ਹੋ ਗਿਆ, ਪਰ ਸੁੰਦਰਤਾ ਅਤੇ ਸਫਾਈ ਦਾ ਕੰਮ ਤਸੱਲੀਬਖ਼ਸ਼ ਨਹੀਂ ਰਿਹਾ। ਹੁਣ ਗਲਿਆਰਾ ਵਿਹਲੇ ਅਤੇ ਟਾਈਮ ਪਾਸ ਕਰਨ ਵਾਲੇ ਲੋਕਾਂ ਦਾ ਟਿਕਾਣਾ ਬਣ ਗਿਆ ਹੈ। ਅਵਾਰਾ ਤੇ ਲਾਵਾਰਸ ਪਸ਼ੂ ਅਤੇ ਨਸ਼ੇੜੀ, ਇਥੇ ਬੈਠੇ ਆਮ ਵੇਖੇ ਜਾ ਸਕਦੇ ਹਨ। ਜਿੰਨਾ ਚਿਰ ਇਸ ਦਾ ਪ੍ਰਬੰਧ ਪੁੱਡਾ ਕੋਲ ਰਿਹਾ, ਇਸ ਦੀ ਸਾਫ ਸਫਾਈ ਬਾਕਾਇਦਾ ਹੁੰਦੀ ਰਹੀ, ਪਰ ਹੁਣ ਇਸ ਨੂੰ ਇਕ ਸੁਚੱਜੀ ਦੇਖ-ਰੇਖ ਦੀ ਜ਼ਰੂਰਤ ਹੈ। ਕਿਸੇ ਵੇਲੇ ਇਸ ਦੇ ਅੰਦਰ ਬੜੇ ਸੁੰਦਰ ਫ਼ੁਹਾਰੇ ਇਸ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਸਨ। ਸੁੰਦਰ ਫੁੱਲ ਅਤੇ ਫਲਦਾਰ ਰੁੱਖ ਸੋਹਣੇ ਲਗਦੇ ਸਨ। ਹੁਣ ਸੁੰਦਰ ਫੁਲਵਾੜੀਆਂ ਮਹਿਕਦੇ ਫੁੱਲਾਂ ਦੀ ਥਾਂ ਚੂਹੇ, ਸੱਪਾਂ, ਹਲਕੇ ਅਵਾਰਾ ਕੁੱਤਿਆਂ ਨੇ ਲੈ ਲਈ ਹੈ। ਸ਼ਾਮ ਛੇ ਵਜੇ ਤੋਂ ਬਾਅਦ ਇਥੋਂ ਲੰਘਣਾ ਕਿਸੇ ਦੇ ਵੱਸ ਦੀ ਗੱਲ ਨਹੀਂ। ਡਾ. ਐਨਾਮੁਲ ਹੱਕ ਨੇ ਕੇਂਦਰ ਨੂੰ ਇਹ ਵੀ ਸੁਝਾਅ ਦਿੱਤਾ ਸੀ ਕਿ ਜੇਕਰ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰਤਾ ਨੂੰ ਬਚਾ ਕੇ ਰੱਖਣਾ ਹੈ ਤਾਂ ਇਸ ਦੇ ਇਰਦ-ਗਿਰਦ ਪ੍ਰਦੂਸ਼ਣ ਫੈਲਾ ਰਹੀਆਂ ਡੀਜ਼ਲ ਅਤੇ ਪੈਟਰੋਲ ਗੱਡੀਆਂ ਦੀ ਆਵਾਜਾਈ ਨੂੰ ਰੋਕਣਾ ਹੋਵੇਗਾ ਪਰ ਡਾ. ਹੱਕ ਦੀ ਇਸ ਗੱਲ ਨੂੰ ਅੰਮ੍ਰਿਤਸਰ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਲਿਆ। ਹੁਣ ਗਲਿਆਰੇ ਦੇ ਅੰਦਰ ਅਤੇ ਬਾਹਰਵਾਰ ਕਾਰਾਂ ਦੇ ਲੰਮੇ-ਲੰਮੇ ਕਾਫਲੇ ਵੇਖੇ ਜਾ ਸਕਦੇ ਹਨ।

# ਨੌਕਰੀ ਦੀ ਦੌੜ ਵਿੱਚ ਪੜ੍ਹਾਈ ਗੁਆਉਣਾ

## ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਦਬਾਅ ਹੇਠ ਵਿਦਿਅਕ ਨੀਂਹ ਕਮਜ਼ੋਰ ਹੋ ਜਾਂਦੀ ਹੈ




ਅੱਜ ਦਾ ਨੌਜਵਾਨ ਇੱਕ ਅਜਿਹੇ ਸਮੇਂ ਵਿੱਚੋਂ ਗੁਜ਼ਰ ਰਿਹਾ ਹੈ ਜਦੋਂ ਮੌਕੇ ਬਹੁਤ ਜ਼ਿਆਦਾ ਹਨ, ਪਰ ਉਨ੍ਹਾਂ ਤੱਕ ਪਹੁੰਚਣ ਦਾ ਰਸਤਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਗੁੰਝਲਦਾਰ ਅਤੇ ਪ੍ਰਤੀਯੋਗੀ ਹੋ ਗਿਆ ਹੈ। ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਵੱਧਦੀ ਗਿਣਤੀ, ਉਨ੍ਹਾਂ ਦੀਆਂ ਲੰਬੀਆਂ ਪ੍ਰਕਿਰਿਆਵਾਂ ਅਤੇ ਅਨਿਸ਼ਚਿਤ ਨਤੀਜਿਆਂ, ਖਾਸ ਕਰਕੇ ਸਰਕਾਰੀ ਨੌਕਰੀਆਂ ਲਈ, ਨੇ ਵਿਦਿਆਰਥੀਆਂ ਅਤੇ ਮਾਪਿਆਂ ਦੋਵਾਂ ਨੂੰ ਬਹੁਤ ਉਲਝਣ ਵਿੱਚ ਪਾ ਦਿੱਤਾ ਹੈ। ਇਸ ਸੰਦਰਭ ਵਿੱਚ CET (ਕਾਮਨ ਐਲੀਜਿਬਿਲੀਟੀ ਟੈਸਟ) ਨੂੰ ਇੱਕ ਵੱਡੀ ਉਮੀਦ ਵਜੋਂ ਪੇਸ਼ ਕੀਤਾ ਗਿਆ ਸੀ, ਪਰ ਪਿਛਲੇ ਸਾਲਾਂ ਦੇ ਤਜਰਬੇ ਇਸ ਉਮੀਦ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ।

ਹਰਿਆਣਾ ਵਿੱਚ, 2019 ਅਤੇ 2024 ਦੇ ਵਿਚਕਾਰ ਪੰਜ ਸਾਲਾਂ ਦੀ ਮਿਆਦ ਦੌਰਾਨ ਪ੍ਰੀਖਿਆ ਪ੍ਰਕਿਰਿਆ ਲੋੜੀਂਦੀ ਗਤੀ ਪ੍ਰਾਪਤ ਕਰਨ ਵਿੱਚ ਅਸਫਲ ਰਹੀ। ਨਤੀਜੇ ਵਜੋਂ, ਇਸ ਸਮੇਂ ਦੌਰਾਨ ਸਿਰਫ਼ ਇੱਕ ਪ੍ਰੀਖਿਆ ਪੂਰੀ ਤਰ੍ਹਾਂ ਪੂਰੀ ਹੋਈ ਸੀ, ਅਤੇ ਕੁਝ ਸਬੰਧਤ ਭਰਤੀਆਂ ਅਜੇ ਵੀ ਨਿਆਂਇਕ ਕਾਰਵਾਈਆਂ ਵਿੱਚ ਉਲਝੀਆਂ ਹੋਈਆਂ ਹਨ। 2024-25 ਚੱਕਰ ਵਿੱਚ ਵੀ, ਹੁਣ ਤੱਕ ਸਿਰਫ਼ ਮੁੱਢਲੀ ਪ੍ਰੀਖਿਆ ਹੀ ਕਰਵਾਈ ਗਈ ਹੈ। ਪੂਰੀ ਪ੍ਰਕਿਰਿਆ ਜਿਸ ਹੌਲੀ ਰਫ਼ਤਾਰ ਨਾਲ ਅੱਗੇ ਵਧ ਰਹੀ ਹੈ, ਉਸ ਨੂੰ ਦੇਖਦੇ ਹੋਏ, ਇਹ ਡਰਨਾ ਬੇਬੁਨਿਆਦ ਨਹੀਂ ਹੈ ਕਿ ਅੰਤਿਮ ਨਤੀਜੇ ਜਾਰੀ ਹੋਣ ਵਿੱਚ ਲੰਮਾ ਸਮਾਂ ਲੱਗ ਸਕਦਾ ਹੈ।

ਪਰ ਇਹ ਸਮੱਸਿਆ ਸਿਰਫ਼ ਹਰਿਆਣਾ ਤੱਕ ਸੀਮਤ ਨਹੀਂ ਹੈ। ਸਰਕਾਰੀ ਭਰਤੀ ਪ੍ਰਕਿਰਿਆਵਾਂ ਦੀ ਸਥਿਤੀ ਲਗਭਗ ਸਾਰੇ ਰਾਜਾਂ ਵਿੱਚ ਘੱਟ ਜਾਂ ਘੱਟ ਇੱਕੋ ਜਿਹੀ ਹੈ। ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਪੰਜਾਬ, ਝਾਰਖੰਡ, ਪੱਛਮੀ ਬੰਗਾਲ, ਓਡੀਸ਼ਾ, ਤਾਮਿਲਨਾਡੂ, ਕਰਨਾਟਕ ਅਤੇ ਇੱਥੋਂ ਤੱਕ ਕਿ ਉੱਤਰ-ਪੂਰਬੀ ਰਾਜਾਂ ਨੂੰ ਲਗਾਤਾਰ ਭਰਤੀ ਪ੍ਰੀਖਿਆਵਾਂ ਵਿੱਚ ਦੇਰੀ, ਪੇਪਰ ਲੀਕ, ਨਿਆਂਇਕ ਵਿਵਾਦ ਅਤੇ ਦੇਰੀ ਨਾਲ ਨਤੀਜਿਆਂ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ। ਬਹੁਤ ਸਾਰੇ ਰਾਜਾਂ ਵਿੱਚ, ਪ੍ਰੀਖਿਆਵਾਂ ਸਾਲਾਂ ਤੱਕ ਨਹੀਂ ਹੁੰਦੀਆਂ ਅਤੇ ਜਦੋਂ ਉਹ ਹੁੰਦੀਆਂ ਹਨ, ਤਾਂ ਪ੍ਰਕਿਰਿਆ ਇੰਨੀ ਲੰਬੀ ਹੁੰਦੀ ਹੈ ਕਿ ਇਹ ਉਮੀਦਵਾਰਾਂ ਦੀ ਉਮਰ ਅਤੇ ਸਬਰ ਦੋਵਾਂ ਦੀ ਪਰਖ ਕਰਦੀ ਹੈ।

ਇਸਦਾ ਨੌਜਵਾਨਾਂ ਦੇ ਮਾਨਸਿਕ, ਵਿਦਿਅਕ ਅਤੇ ਸਮਾਜਿਕ ਜੀਵਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਹਰ ਸਾਲ, ਲੱਖਾਂ ਵਿਦਿਆਰਥੀ ਗ੍ਰੈਜੂਏਟ ਹੁੰਦੇ ਹਨ ਅਤੇ ਰੁਜ਼ਗਾਰ ਦੀ ਭਾਲ ਕਰਦੇ ਹਨ, ਪਰ ਉਪਲਬਧ ਸਰਕਾਰੀ ਅਹੁਦਿਆਂ ਦੀ ਗਿਣਤੀ ਬਹੁਤ ਸੀਮਤ ਰਹਿੰਦੀ ਹੈ। ਉਦਾਹਰਣ ਵਜੋਂ, ਜੇਕਰ ਦੇਸ਼ ਭਰ ਵਿੱਚ ਲੱਖਾਂ ਉਮੀਦਵਾਰ ਇੱਕ ਪ੍ਰੀਖਿਆ ਦਿੰਦੇ ਹਨ, ਤਾਂ ਚੁਣੇ ਗਏ ਲੋਕਾਂ ਦੀ ਗਿਣਤੀ ਹਜ਼ਾਰਾਂ ਤੱਕ ਸੀਮਤ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਸਰਕਾਰੀ ਨੌਕਰੀ ਨੂੰ ਅੰਤਮ ਟੀਚਾ ਸਮਝਣਾ ਅਤੇ ਸਿਰਫ਼ ਇਸ 'ਤੇ ਨਿਰਭਰ ਕਰਨਾ ਇੱਕ ਬਹੁਤ ਹੀ ਜੋਖਮ ਭਰਿਆ ਫੈਸਲਾ ਬਣ ਜਾਂਦਾ ਹੈ।

ਇਸ ਪੂਰੇ ਦ੍ਰਿਸ਼ ਦਾ ਸਭ ਤੋਂ ਚਿੰਤਾਜਨਕ ਪਹਿਲੂ 'ਗੈਰ-ਹਾਜ਼ਰੀ' ਸੱਭਿਆਚਾਰ ਦਾ ਤੇਜ਼ੀ ਨਾਲ ਫੈਲਣਾ ਹੈ। ਦੇਸ਼ ਦੇ ਲਗਭਗ ਹਰ ਰਾਜ ਵਿੱਚ ਇੱਕ ਰੁਝਾਨ ਦੇਖਿਆ ਜਾ ਰਿਹਾ ਹੈ, ਜਿੱਥੇ



ਡਾ. ਪ੍ਰਿਯੰਕਾ ਸੌਰਭ
7015375570

ਵਿਦਿਆਰਥੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਦੇ ਨਾਮ 'ਤੇ ਨਿਯਮਤ ਕਾਲਜ ਅਤੇ ਯੂਨੀਵਰਸਿਟੀ ਦੀਆਂ ਕਲਾਸਾਂ ਤੋਂ ਬਚ ਰਹੇ ਹਨ। ਉਹ ਮੰਨਦੇ ਹਨ ਕਿ ਸਫਲਤਾ ਪ੍ਰਾਪਤ ਕਰਨ ਲਈ, ਉਨ੍ਹਾਂ ਨੂੰ ਰਵਾਇਤੀ ਸਿੱਖਿਆ ਪ੍ਰਣਾਲੀ ਤੋਂ ਪੂਰੀ ਤਰ੍ਹਾਂ ਵੱਖ ਹੋਣਾ ਚਾਹੀਦਾ ਹੈ। ਪਰ ਇਹ ਸੋਚ ਹੌਲੀ-ਹੌਲੀ ਉਨ੍ਹਾਂ ਦੇ ਭਵਿੱਖ ਲਈ ਨੁਕਸਾਨਦੇਹ ਸਾਬਤ ਹੋ ਰਹੀ ਹੈ।

ਦਰਅਸਲ, ਕਾਲਜ ਦੀ ਜ਼ਿੰਦਗੀ ਸਿਰਫ਼ ਡਿਗਰੀ ਹਾਸਲ ਕਰਨ ਬਾਰੇ ਨਹੀਂ ਹੈ। ਇਹ ਇੱਕ ਅਜਿਹਾ ਸਮਾਂ ਹੁੰਦਾ ਹੈ ਜਦੋਂ ਇੱਕ ਵਿਦਿਆਰਥੀ ਦਾ ਬੌਧਿਕ, ਸਮਾਜਿਕ ਅਤੇ ਭਾਵਨਾਤਮਕ ਵਿਕਾਸ ਹੁੰਦਾ ਹੈ। ਕਲਾਸ ਵਿੱਚ ਭਾਗੀਦਾਰੀ, ਅਧਿਆਪਕਾਂ ਨਾਲ ਗੱਲਬਾਤ, ਸਮੂਹ ਚਰਚਾਵਾਂ, ਪੇਸ਼ਕਾਰੀਆਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ - ਇਹ ਸਭ ਇੱਕ ਵਿਅਕਤੀ ਦੇ ਸ਼ਖਸੀਅਤ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ। ਜਦੋਂ ਵਿਦਿਆਰਥੀ ਇਹ ਮੌਕੇ ਗੁਆ ਦਿੰਦੇ ਹਨ, ਤਾਂ ਉਹ ਨਾ ਸਿਰਫ਼ ਵਿਸ਼ੇ ਦੇ ਗਿਆਨ ਨੂੰ ਗੁਆ ਦਿੰਦੇ ਹਨ, ਸਗੋਂ ਜ਼ਰੂਰੀ ਜੀਵਨ ਹੁਨਰਾਂ ਨੂੰ ਵੀ ਗੁਆ ਦਿੰਦੇ ਹਨ।

ਗੈਰ-ਹਾਜ਼ਰੀ ਸੱਭਿਆਚਾਰ ਦਾ ਇੱਕ ਹੋਰ ਗੰਭੀਰ ਮਾੜਾ ਪ੍ਰਭਾਵ ਇਹ ਹੈ ਕਿ ਵਿਦਿਆਰਥੀਆਂ ਦੀ ਅਕਾਦਮਿਕ ਨੀਂਹ ਕਮਜ਼ੋਰ ਹੋ ਜਾਂਦੀ ਹੈ। ਉਹ ਵਿਸ਼ੇ ਵਿੱਚ ਡੂੰਘਾਈ ਨਾਲ ਜਾਣ ਦੀ ਬਜਾਏ ਸਿਰਫ਼ ਪ੍ਰੀਖਿਆਵਾਂ ਪਾਸ ਕਰਨ 'ਤੇ ਕੇਂਦ੍ਰਿਤ ਹੋ ਜਾਂਦੇ ਹਨ। ਅਕਸਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਅਸਫਲ ਰਹਿਣ ਤੋਂ ਬਾਅਦ, ਉਨ੍ਹਾਂ ਕੋਲ ਨਾ ਤਾਂ ਇੱਕ ਮਜ਼ਬੂਤ ਅਕਾਦਮਿਕ ਰਿਕਾਰਡ ਬਚਦਾ ਹੈ ਅਤੇ ਨਾ ਹੀ ਕੋਈ ਵਿਕਲਪਿਕ ਕਰੀਅਰ ਵਿਕਲਪ। ਨਤੀਜੇ ਵਜੋਂ, ਉਹ ਆਤਮਵਿਸ਼ਵਾਸ ਗੁਆ ਦਿੰਦੇ ਹਨ ਅਤੇ ਮਾਨਸਿਕ ਤਣਾਅ ਦਾ ਸ਼ਿਕਾਰ ਹੁੰਦੇ ਹਨ।

ਇਹ ਵੀ ਧਿਆਨ ਦੇਣ ਯੋਗ ਹੈ ਕਿ ਅੱਜ ਦੀ ਦੁਨੀਆ ਤਕਨੀਕੀ ਤੌਰ 'ਤੇ ਬਹੁਤ ਉੱਨਤ ਹੈ। ਡਿਜੀਟਲ ਪਲੇਟਫਾਰਮਾਂ ਨੇ ਸਿੱਖਿਆ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਦੇਸ਼ ਦੇ ਹਰ ਕੋਨੇ ਵਿੱਚ ਔਨਲਾਈਨ ਕੋਚਿੰਗ, ਵੀਡੀਓ ਲੈਕਚਰ, ਡਿਜੀਟਲ ਨੋਟਸ, ਟੈਸਟ ਸੀਰੀਜ਼ ਅਤੇ ਵਰਚੁਅਲ ਕਲਾਸਰੂਮ ਉਪਲਬਧ ਹਨ। ਇਸ ਲਈ, ਇਹ ਵਿਚਾਰ ਕਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਕਾਲਜ ਛੱਡਣਾ ਜ਼ਰੂਰੀ ਹੈ, ਪੂਰੀ ਤਰ੍ਹਾਂ ਗਲਤ ਹੈ। ਵਿਦਿਆਰਥੀ ਆਪਣੀ ਨਿਯਮਤ ਪੜ੍ਹਾਈ ਦੇ ਨਾਲ-ਨਾਲ ਪ੍ਰਭਾਵਸ਼ਾਲੀ ਢੰਗ ਨਾਲ ਤਿਆਰੀ ਕਰ ਸਕਦੇ ਹਨ।

ਇੱਕ ਸੰਤੁਲਿਤ ਅਤੇ ਵਿਹਾਰਕ ਰਣਨੀਤੀ ਅਪਣਾ ਕੇ, ਵਿਦਿਆਰਥੀ ਆਪਣੀ ਅੰਡਰਗ੍ਰੈਜੁਏਟ ਸਿੱਖਿਆ ਦੇ ਤਿੰਨ ਸਾਲਾਂ ਦਾ ਸਭ ਤੋਂ ਵਧੀਆ ਉਪਯੋਗ ਕਰ ਸਕਦੇ ਹਨ। ਪਹਿਲੇ ਸਾਲ ਵਿੱਚ, ਉਨ੍ਹਾਂ ਨੂੰ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਆਮ ਗਿਆਨ, ਅਖ਼ਬਾਰਾਂ ਅਤੇ ਮੌਜੂਦਾ ਮਾਮਲਿਆਂ ਵਿੱਚ ਰੁੱਝਣਾ ਚਾਹੀਦਾ ਹੈ। ਇਹ ਉਨ੍ਹਾਂ ਦੀ ਬੌਧਿਕ ਨੀਂਹ ਨੂੰ ਮਜ਼ਬੂਤ ਕਰਦਾ ਹੈ। ਦੂਜੇ ਸਾਲ ਵਿੱਚ, ਉਹ ਗਣਿਤ, ਤਰਕ ਅਤੇ ਭਾਸ਼ਾ ਵਰਗੇ ਵਿਸ਼ਿਆਂ 'ਤੇ ਆਪਣੀ ਸਮਝ ਨੂੰ ਮਜ਼ਬੂਤ ਕਰ ਸਕਦੇ ਹਨ। ਉਹ NCERT ਦੀਆਂ ਕਿਤਾਬਾਂ ਰਾਹੀਂ ਆਪਣੀਆਂ ਬੁਨਿਆਦੀ ਧਾਰਨਾਵਾਂ ਨੂੰ ਵੀ ਸਪੱਸ਼ਟ ਕਰ ਸਕਦੇ ਹਨ। ਆਖਰੀ ਸਾਲ ਤੱਕ, ਉਨ੍ਹਾਂ ਨੂੰ ਸਪੱਸ਼ਟ ਫੈਸਲਾ ਲੈਣਾ ਚਾਹੀਦਾ ਹੈ ਕਿ ਉਹ ਉੱਚ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹਨ ਜਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ।

ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਉੱਚ ਸਿੱਖਿਆ ਅਤੇ ਨਿੱਜੀ ਖੇਤਰ ਦੇ ਮੌਕੇ ਵੀ ਤੇਜ਼ੀ ਨਾਲ ਫੈਲ ਰਹੇ ਹਨ। ਆਈਟੀ, ਪ੍ਰਬੰਧਨ, ਸਿਹਤ ਸੰਭਾਲ, ਸਟਾਰਟਅੱਪ, ਹੁਨਰ-ਅਧਾਰਤ ਨੌਕਰੀਆਂ ਅਤੇ ਫਰੀਲਾਂਸਿੰਗ ਵਰਗੇ ਖੇਤਰਾਂ ਵਿੱਚ ਨੌਜਵਾਨਾਂ ਲਈ ਨਵੇਂ ਦਰਵਾਜ਼ੇ ਖੁੱਲ੍ਹ ਰਹੇ ਹਨ। ਇਸ ਲਈ, ਇਹ ਜ਼ਰੂਰੀ ਹੈ ਕਿ ਵਿਦਿਆਰਥੀ ਆਪਣੇ ਵਿਕਲਪਾਂ ਨੂੰ ਸਰਕਾਰੀ ਨੌਕਰੀਆਂ ਤੱਕ ਸੀਮਤ ਨਾ ਰੱਖਣ, ਸਗੋਂ ਆਪਣੇ ਹੁਨਰ ਅਤੇ ਰੁਚੀਆਂ ਦੇ ਅਨੁਸਾਰ ਵੱਖ-ਵੱਖ ਖੇਤਰਾਂ ਦੀ ਪੜਚੋਲ ਕਰਨ।

ਇਸ ਪੂਰੇ ਦ੍ਰਿਸ਼ ਵਿੱਚ ਮਾਪਿਆਂ ਦੀ ਭੂਮਿਕਾ ਮਹੱਤਵਪੂਰਨ ਹੋ ਜਾਂਦੀ ਹੈ। ਅਕਸਰ ਦੇਖਿਆ ਗਿਆ ਹੈ ਕਿ ਬੱਚੇ, ਆਪਣੇ ਦੋਸਤਾਂ ਜਾਂ ਸਮਾਜ ਦੇ ਦਬਾਅ ਹੇਠ, ਗੈਰਹਾਜ਼ਰ ਰਹਿਣ ਦਾ ਫੈਸਲਾ ਕਰਦੇ ਹਨ, ਅਤੇ ਮਾਪੇ, ਉਨ੍ਹਾਂ 'ਤੇ ਭਰੋਸਾ ਕਰਦੇ ਹੋਏ, ਇਸ ਦੀ ਇਜਾਜ਼ਤ ਦਿੰਦੇ ਹਨ। ਹਾਲਾਂਕਿ, ਇਹ ਜ਼ਰੂਰੀ ਹੈ ਕਿ ਮਾਪੇ ਇਸ ਫੈਸਲੇ ਦੇ ਲੰਬੇ ਸਮੇਂ ਦੇ ਪ੍ਰਭਾਵਾਂ ਨੂੰ ਸਮਝਣ ਅਤੇ ਆਪਣੇ ਬੱਚਿਆਂ ਨੂੰ ਸੰਤੁਲਿਤ ਪਹੁੰਚ ਅਪਣਾਉਣ ਲਈ ਉਤਸ਼ਾਹਿਤ ਕਰਨ। ਸਿਰਫ਼ ਇੱਕ ਪ੍ਰੀਖਿਆ ਜਾਂ ਇੱਕ ਕਰੀਅਰ ਵਿਕਲਪ 'ਤੇ ਨਿਰਭਰ ਕਰਨਾ ਸਿਆਣਪ ਨਹੀਂ ਹੈ।

ਅੱਜ ਦੇ ਮੁਕਾਬਲੇ ਵਾਲੇ ਸੰਸਾਰ ਵਿੱਚ, ਸਫਲਤਾ ਸਿਰਫ਼ ਉਨ੍ਹਾਂ ਨੂੰ ਹੀ ਮਿਲਦੀ ਹੈ ਜੋ ਲਚਕਤਾ ਅਪਣਾਉਂਦੇ ਹਨ ਅਤੇ ਕਈ ਤਰ੍ਹਾਂ ਦੇ ਵਿਕਲਪ ਖੁੱਲ੍ਹੇ ਰੱਖਦੇ ਹਨ। ਵਿਦਿਆਰਥੀਆਂ ਲਈ ਹੁਨਰ ਵਿਕਾਸ 'ਤੇ ਧਿਆਨ ਕੇਂਦਰਤ ਕਰਦੇ ਹੋਏ ਆਪਣੀਆਂ ਅਕਾਦਮਿਕ ਯੋਗਤਾਵਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਸੰਚਾਰ ਹੁਨਰ, ਤਕਨੀਕੀ ਮੁਹਾਰਤ, ਸਮੱਸਿਆ ਹੱਲ ਕਰਨ ਦੀਆਂ ਯੋਗਤਾਵਾਂ, ਅਤੇ ਆਤਮ-ਵਿਸ਼ਵਾਸ - ਇਹ ਸਾਰੇ ਗੁਣ ਉਨ੍ਹਾਂ ਨੂੰ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਅੱਗੇ ਵਧਣ ਵਿੱਚ ਮਦਦ ਕਰਦੇ ਹਨ।

ਅੰਤ ਵਿੱਚ, ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ CET (ਕਾਮਨ ਐਲੀਜਿਬਿਲੀਟੀ ਟੈਸਟ) ਜਾਂ ਕੋਈ ਵੀ ਪ੍ਰਤੀਯੋਗੀ ਪ੍ਰੀਖਿਆ ਸਿਰਫ਼ ਇੱਕ ਮੌਕਾ ਹੈ, ਅੰਤਮ ਟੀਚਾ ਨਹੀਂ। ਇਸਨੂੰ ਜ਼ਿੰਦਗੀ ਦਾ ਇੱਕ ਹਿੱਸਾ ਮੰਨਿਆ ਜਾਣਾ ਚਾਹੀਦਾ ਹੈ, ਨਾ ਕਿ ਪੂਰੀ ਨੀਂਹ। ਜੇਕਰ ਵਿਦਿਆਰਥੀ ਆਪਣੀ ਪੜ੍ਹਾਈ, ਹੁਨਰ ਅਤੇ ਸ਼ਖਸੀਅਤ ਵਿਕਾਸ ਵੱਲ ਬਰਾਬਰ ਧਿਆਨ ਦਿੰਦੇ ਹਨ, ਤਾਂ ਉਹ ਨਾ ਸਿਰਫ਼ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਫਲ ਹੋ ਸਕਦੇ ਹਨ, ਸਗੋਂ ਜ਼ਿੰਦਗੀ ਦੇ ਹੋਰ ਖੇਤਰਾਂ ਵਿੱਚ ਵੀ ਉੱਤਮਤਾ ਪ੍ਰਾਪਤ ਕਰ ਸਕਦੇ ਹਨ।

ਸਮੇਂ ਦੀ ਲੋੜ ਇੱਕ ਸੰਤੁਲਿਤ ਦ੍ਰਿਸ਼ਟੀਕੋਣ ਅਪਣਾਉਣ ਦੀ ਹੈ - ਇੱਕ ਅਜਿਹਾ ਦ੍ਰਿਸ਼ਟੀਕੋਣ ਜੋ ਤਿਆਰੀ ਅਤੇ ਸਿੱਖਿਆ, ਟੀਚਿਆਂ ਅਤੇ ਚੋਣਾਂ ਨੂੰ ਜੋੜਦਾ ਹੈ। ਕੇਵਲ ਤਦ ਹੀ ਸਾਡੇ ਨੌਜਵਾਨ ਨਾ ਸਿਰਫ਼ ਨੌਕਰੀ ਦੀ ਦੌੜ ਵਿੱਚ ਸਫਲ ਹੋਣਗੇ ਬਲਕਿ ਮਜ਼ਬੂਤ, ਸਵੈ-ਨਿਰਭਰ ਅਤੇ ਸੂਚਿਤ ਨਾਗਰਿਕਾਂ ਵਜੋਂ ਦੇਸ਼ ਦੇ ਵਿਕਾਸ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਣਗੇ।

**(ਪੀਐਚਡੀ (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)**






# ਜੀਵਨ ਦਾ ਅਨਮੋਲ ਖ਼ਜ਼ਾਨਾ ਹਨ ਖ਼ੁਸ਼ੀਆਂ



ਦੁਨੀਆ ਵਿੱਚ ਹਰ ਸਾਲ 20 ਮਾਰਚ ਨੂੰ ਅੰਤਰਰਾਸ਼ਟਰੀ ਖ਼ੁਸ਼ੀ ਦਿਵਸ ਵਜੋਂ ਮਨਾਇਆ ਜਾਂਦਾ ਹੈ, ਪਰ ਹੈਰਾਨਗੀ ਦੀ ਗੱਲ ਹੈ ਕਿ ਆਖਿਰ ਇਹ ਦਿਨ ਮਨਾਉਣ ਦੀ ਕਿਉਂ ਲੋੜ ਪਈ? ਇਸ ਦਿਨ ਨੂੰ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਸਲਾਹਕਾਰ ਰਹਿ ਚੁੱਕੇ ਜੈਮੀ ਇਲੀਅਨ ਦੀ ਵਜ੍ਹਾ ਕਰਕੇ ਮਨਾਇਆ ਜਾਂਦਾ ਹੈ ਜੋ ਖ਼ੁਦ ਅਨਾਥ ਸੀ। ਜਦੋਂ ਵੀ ਉਹ ਮਾਸੂਮ ਅਤੇ ਗ਼ਰੀਬ ਅਨਾਥ ਬੱਚਿਆਂ ਦੇ ਚਿਹਰਿਆਂ ’ਤੇ ਉਦਾਸੀ ਦੇਖਦਾ ਤਾਂ ਉਹ ਸੋਚਦਾ ਕਿ ਸਾਲ ਵਿੱਚ ਘੱਟੋ ਘੱਟ ਇੱਕ ਖ਼ੁਸ਼ੀ ਦਾ ਦਿਨ ਇਹੋ ਜਿਹੇ ਲੋਕਾਂ ਲਈ ਵੀ ਰੱਖਿਆ ਜਾਵੇ। ਇਸ ਮਸ਼ਹੂਰ ਸਮਾਜ ਸੇਵੀ ਨੇ ਜ਼ਿੰਦਗੀ ਵਿੱਚ ਖ਼ੁਸ਼ੀ ਦੀ ਮਹੱਤਤਾ ’ਤੇ ਕਾਫ਼ੀ ਕੰਮ ਕੀਤਾ ਹੈ। ਉਸ ਨੇ ਖ਼ੁਸ਼ੀਆਂ ਨੂੰ ਜੀਵਨ ਦਾ ਅਨਮੋਲ ਖ਼ਜ਼ਾਨਾ ਮੰਨਿਆ ਹੈ। ਉਸ ਅਨੁਸਾਰ ਜੇਕਰ ਕੋਈ ਵਿਅਕਤੀ ਜੀਵਨ ਵਿੱਚ ਖ਼ੁਸ਼ ਰਹਿੰਦਾ ਹੈ ਤਾਂ ਉਹ ਬਹੁਤ ਤੇਜ਼ੀ ਨਾਲ ਤਰੱਕੀ ਕਰਦਾ ਹੈ ਅਤੇ ਅੱਗੇ ਵਧਦਾ ਹੈ।

ਖ਼ੁਸ਼ੀ ਦਿਵਸ ਨੂੰ ਮਨਾਉਣ ਦਾ ਮਕਸਦ ਜ਼ਿੰਦਗੀ ਦੇ ਨਜ਼ਰੀਏ ਵਿੱਚ ਬਦਲਾਅ ਕਰਨਾ ਹੈ, ਦੁਨੀਆ ਨੂੰ ਇਸ ਗੱਲ ਦਾ ਅਹਿਸਾਸ ਦਿਵਾਉਣਾ ਹੈ ਕਿ ਸਿਰਫ਼ ਆਰਥਿਕ ਵਿਕਾਸ ਹੀ ਜ਼ਰੂਰੀ ਨਹੀਂ ਬਲਕਿ ਲੋਕਾਂ ਦੀ ਜ਼ਿੰਦਗੀ ਵਿੱਚ ਖ਼ੁਸ਼ਹਾਲੀ ਅਤੇ ਸੁੱਖ ਨੂੰ ਵਧਾਉਣਾ ਵੀ ਬੇਹੱਦ ਜ਼ਰੂਰੀ ਹੈ। ਦੁਨੀਆ ਵਿੱਚ ਜਿਸ ਇਨਸਾਨ ਨੇ ਜ਼ਿੰਦਗੀ ਨੂੰ ਸਮਝ ਲਿਆ ਹੈ ਅਤੇ ਜਿਉਣ ਦੀ ਕਲਾ ਸਿਖ ਲਈ ਹੈ, ਉਹ ਦੁਨੀਆ ਦੇ ਖ਼ੁਸ਼ਹਾਲ ਅਤੇ ਮਹਾਨ ਵਿਅਕਤੀਆ ਵਿੱਚ ਗਿਣਿਆ ਜਾਂਦਾ ਹੈ। ਖ਼ੁਸ਼ੀ ਮਨੁੱਖ ਦੇ ਆਨੰਦਮਈ ਅਹਿਸਾਸ ਦਾ ਉਹ ਹਸੀਨ ਵਰਕਾ ਹੈ, ਜਿਸ ’ਤੇ ਸੁਖਮਈ ਜੀਵਨ ਦੀ ਖ਼ੁਸ਼ਬੋਈ ਫੈਲੀ ਹੋਈ ਹੈ। ਖ਼ੁਸ਼ੀ ਮਾਨਸਿਕ ਸਕੂਨ, ਅਨੰਦ, ਤਸੱਲੀ, ਮੁਸਕਰਾਹਟ ਅਤੇ ਮਿੱਠੜੀ ਚਾਸ਼ਨੀ ’ਚ ਗੜੁੱਚ ਮਧੁਰ ਭਾਵਾਂ ਦਾ ਸੁਮੇਲ ਹੈ। ਕਈ ਵਾਰੀ ਜੀਵਨ ਦੇ ਉਤਰਾਅ ਚੜਾਅ ਭਰੇ ਸਮੇਂ ’ਚ ਅਸੀਂ ਆਪਣੇ ਉਹ ਖ਼ੂਬਸੂਰਤ ਪਲ ਵਿਸਾਰ ਦਿੰਦੇ ਹਾਂ ਜਿਨ੍ਹਾਂ ’ਚ ਅਸੀਂ ਖ਼ੁਸ਼ੀ ਮਹਿਸੂਸ ਕਰ ਸਕਦੇ ਹੁੰਦੇ ਹਾਂ।

ਖ਼ੁਸ਼ੀ ਕੁਦਰਤ ਨੂੰ ਮਹਿਸੂਸ ਕਰਨ ਦਾ ਜ਼ਰੀਆ ਹੈ, ਖ਼ੁਸ਼ੀ ਦਾ ਅਹਿਸਾਸ ਰੂਹ ਨਾਲ ਜੁੜਿਆ ਹੋਇਆ ਹੈ, ਖ਼ੁਸ਼ੀ ਉਹ ਹਸੀਨ ਪਲਾਂ ਦਾ ਬਗੀਚਾ ਹੈ, ਜਿਸ ’ਚ ਦੁੱਖ, ਪੀੜਾ, ਵੈਰਾਗ, ਉਦਾਸੀ ਆਦਿ ਨਾਮ ਦਾ ਕੋਈ ਪੌਦਾ ਉੱਗਿਆ ਹੀ ਨਹੀਂ। ਕੁਦਰਤ ਸਾਨੂੰ ਖ਼ੁਸ਼ ਹੋਣ ਦੇ ਹਜ਼ਾਰਾਂ ਮੌਕੇ ਪ੍ਰਦਾਨ ਕਰਦੀ ਹੈ, ਇਹ ਸਾਡੇ ’ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਨੂੰ ਕਿਸ ਤਰ੍ਹਾਂ ਜਿਉਣਾ ਹੈ। ਜ਼ਿੰਦਗੀ ਦਾ ਸਭ ਤੋਂ ਵੱਧ ਖ਼ੁਸ਼ਹਾਲ ਵਕਤ ਬਚਪਨ ਨੂੰ ਮੰਨਿਆ ਗਿਆ ਹੈ। ਉਸ ਤੋਂ ਬਾਅਦ ਜਿਵੇਂ ਜਿਵੇਂ ਇਨਸਾਨ ਹੋਸ਼ ਸੰਭਾਲਦਾ ਹੈ, ਉਸੇ ਤਰ੍ਹਾਂ ਜ਼ਿੰਮੇਵਾਰੀਆਂ ਦੀ ਦਹਿਲੀਜ਼ ’ਤੇ ਖਲੋ ਜਾਂਦਾ ਹੈ ਅਤੇ ਖ਼ੁਸ਼ੀਆਂ ਲੋਪ ਹੋਣ ਲੱਗਦੀਆਂ ਹਨ। ਸਵੈ ਪਿਆਰ ਅੱਜ ਦੇ ਸਮੇਂ ਦੇ ਸਭ ਤੋਂ ਪ੍ਰਚੱਲਿਤ ਸ਼ਬਦਾਂ ਵਿੱਚੋਂ ਇੱਕ ਹੈ, ਪਰ ਇਸ ਸ਼ਬਦ ਦਾ ਆਪਣੇ ਆਪ ਵਿੱਚ ਬਹੁਤ ਡੂੰਘਾ ਅਰਥ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੋ ਲੋਕ ਆਪਣੇ ਆਪ ਨੂੰ ਪਿਆਰ ਕਰਦੇ ਹਨ, ਉਹ ਨਾ ਸਿਰਫ਼ ਖ਼ੁਦ ਖ਼ੁਸ਼ ਰਹਿੰਦੇ ਹਨ, ਸਗੋਂ ਦੂਜਿਆਂ ਦੀ ਜ਼ਿੰਦਗੀ ਵਿੱਚ ਵੀ ਖ਼ੁਸ਼ੀ ਦਾ ਕਾਰਨ ਬਣ ਸਕਦੇ ਹਨ।

ਅਸੀਂ ਰੋਜ਼ਮਰਾ ਦੀ ਭੱਜਦੌੜ ਵਾਲੀ ਜ਼ਿੰਦਗੀ ਵਿੱਚ ਇੰਨੇ ਉਲਝ ਗਏ ਹਾਂ ਕਿ ਕਦੇ ਕੁਝ ਸਮਾਂ ਇਕੱਲੇ ਬੈਠ ਕੇ ਆਪਣੇ ਬਾਰੇ ਸੋਚਣਾ ਵੀ ਦੂਰ ਹੋ ਗਇਆ ਹੈ। ਅਜੋਕੇ ਸਮੇਂ ਵਿੱਚ ਜ਼ਿੰਮੇਵਾਰੀਆਂ ਵਿੱਚ ਉਲਝਿਆ ਇਨਸਾਨ ਆਪਣੇ ਆਪ ਨੂੰ ਭੁੱਲਦਾ ਜਾ ਰਿਹਾ ਹੈ।

ਖ਼ੁਸ਼ਹਾਲ ਜ਼ਿੰਦਗੀ ਬਾਰੇ ਲੋਕਾਂ ਦੀ ਅਲੱਗ ਅਲੱਗ ਸੋਚ ਹੋ ਸਕਦੀ ਹੈ। ਇਹ ਸੋਚ ਉਨ੍ਹਾਂ ਦੇ ਰਹਿਣ-ਸਹਿਣ, ਅਮੀਰੀ-ਗ਼ਰੀਬੀ, ਦੇਸ਼ ਅਤੇ ਵਿਚਾਰਧਾਰਾ ’ਤੇ ਨਿਰਭਰ ਕਰਦੀ ਹੈ ਜਿਵੇਂ ਕਿ ਛੋਟੇ ਬੱਚਿਆਂ ਲਈ ਖਿਡਾਉਣਿਆਂ

**ਕੁਲਦੀਪ ਸਿੰਘ ਸਾਹਿਲ**

ਵਿੱਚ ਹੀ ਖ਼ੁਸ਼ੀ ਹੈ। ਜ਼ਿੰਦਗੀ ਨੂੰ ਕਿਸ ਤਰ੍ਹਾਂ ਜੀਆ ਜਾਵੇ, ਇਸ ਲਈ ਕੋਈ ਫਾਰਮੂਲਾ ਬਣਾਉਣਾ ਤਾਂ ਸੰਭਵ ਨਹੀਂ ਕਿਉਂਕਿ ਹਰ ਵਿਅਕਤੀ ਦੀ ਆਪਣੀ ਜ਼ਿੰਮੇਵਾਰੀ ਅਤੇ ਆਪਣਾ ਸੰਘਰਸ਼ ਹੁੰਦਾ ਹੈ ਅਤੇ ਉਸ ਮੁਤਾਬਕ ਉਸ ਨੂੰ ਜੀਵਨ ਜਿਉਣਾ ਹੁੰਦਾ ਹੈ, ਪਰ ਇਹ ਵੀ ਸੱਚ ਹੈ ਕਿ ਜ਼ਿੰਦਗੀ ਦੀ ਸਾਰਥਿਕਤਾ ਇਸ ਗੱਲ ’ਚ ਹੈ ਕਿ ਤੁਸੀਂ ਕਿੰਨਾ ਸਮਾਂ ਖ਼ੁਸ਼ ਰਹਿ ਕੇ ਬਿਤਾਇਆ ਹੈ। ਇਹ ਪੈਸਿਆਂ ’ਤੇ ਨਿਰਭਰ ਨਹੀਂ ਕਰਦਾ, ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਸਾਡਾ ਖ਼ੁਸ਼ੀਆਂ ਨੂੰ ਲੱਭਣ ਅਤੇ ਮਹਿਸੂਸ ਕਰਨ ਦਾ ਨਜ਼ਰੀਆ ਕਿਹੋ ਜਿਹਾ ਹੈ? ‘ਜੇਕਰ ਇਸ ਤਰ੍ਹਾਂ ਹੁੰਦਾ ਤਾਂ ਉਵੇਂ ਹੁੰਦਾ’ ਵਰਗੀ ਸੋਚ ਰੱਖਣ ਤੋਂ ਬਾਅਦ ਸਿਰਫ਼ ਇੱਕ ਅਹਿਸਾਸ ਰਹਿ ਜਾਂਦਾ ਹੈ ਕਿ ਕਾਸ਼ ਜ਼ਿੰਦਗੀ ਨੇ ਮੈਨੂੰ ਖ਼ੁਸ਼ਹਾਲ ਬਣਾਇਆ ਹੁੰਦਾ। ਸਹੀ ਸਮਾਂ ਵਰਤਮਾਨ ਹੀ ਹੈ। ਆਪਣੀ ਬੰਦ ਮੁੱਠੀ ਨੂੰ ਹੌਲੀ-ਹੌਲੀ ਖੋਲ੍ਹੋ, ਖ਼ੁਸ਼ੀਆਂ ਨੂੰ ਆਜ਼ਾਦ ਕਰੋ ਅਤੇ ਆਪਣੇ ਜੀਵਨ ਦੇ ਇੱਕ ਇੱਕ ਪਲ ਨੂੰ ਇਨ੍ਹਾਂ ਖ਼ੁਸ਼ੀਆਂ ਦੇ ਨਾਲ ਜਿਉਣ ਦੀ ਕੋਸ਼ਿਸ਼ ਕਰੋ। ‘ਮੈਂ ਹਰ ਹਾਲ ’ਚ ਖ਼ੁਸ਼ ਰਹਿਣਾ ਹੈ’ ਇਸ ਮੂਲਮੰਤਰ ਨੂੰ ਆਪਣੀ ਆਦਤ ’ਚ ਸ਼ਾਮਿਲ ਕਰੋ। ਸਭ ਤੋਂ ਪਹਿਲਾਂ ਹੌਲੀ ਜਿਹੇ ਮੁਸਕਰਾਓ, ਫਿਰ ਥੋੜ੍ਹਾ ਜਿਹਾ ਹੋਰ ਮੁਸਕਰਾਓ, ਫਿਰ ਹੌਲੀ-ਹੌਲੀ ਮੁਸਕਰਾਹਟ ਨੂੰ ਹਾਸੇ ’ਚ ਤਬਦੀਲ ਕਰੋ ਅਤੇ ਫਿਰ ਖਿੜ-ਖਿੜਾ ਕੇ ਹੱਸੋ। ਇਹ ਡਿਪ੍ਰੈਸ਼ਨ, ਚਿੰਤਾ ਅਤੇ ਉਦਾਸੀ ਤੋਂ ਨਿਜ਼ਾਤ ਪਾਉਣ ਦਾ ਸਭ ਤੋਂ ਕਾਰਗਰ ਉਪਾਅ ਹੈ। ਪਹਿਲਾਂ ਫ਼ੁਰਸਤ ਦਾ ਸਮਾਂ ਚੁਣੋ। (ਜਵਾਬ ਇਹ ਨਹੀਂ ਹੋਣਾ ਚਾਹੀਦਾ ਕਿ ਕੰਮ ਤੋਂ ਫ਼ੁਰਸਤ ਹੀ ਨਹੀਂ ਮਿਲਦੀ) ਬਿਨਾਂ ਕਿਸੇ ਵਜ ?ਹਾ ਨਾਲ ਹੱਸਣਾ ਸ਼ੁਰੂ ਕਰੋ, ਖੁੱਲ੍ਹ ਕੇ ਹੱਸੋ ਬਿਨਾਂ ਕਿਸੇ ਸੰਕੋਚ ਦੇ। ਮਨੋਵਿਗਿਆਨੀਆਂ ਨੇ ਵੀ ਵਿਗਿਆਨਕ ਆਧਾਰ ’ਤੇ ਤਜਰਬੇ ਕਰਕੇ ਵਾਰ ਵਾਰ ਸਿੱਧ ਕੀਤਾ ਹੈ ਕਿ ਸਕਾਰਾਤਮਕ ਸੋਚ, ਮਿਹਨਤ, ਪ੍ਰਤੀਬੱਧਤਾ, ਲਗਨ, ਦ੍ਰਿੜ੍ਹ ਵਿਸ਼ਵਾਸ ਦੇ ਸਾਹਮਣੇ ਜ਼ਿੰਦਗੀ ਦੀਆਂ ਸਭ ਮੁਸੀਬਤਾਂ ਸਿਰ ਝੁਕਾ ਦਿੰਦੀਆਂ ਹਨ ਅਤੇ ਅਜਿਹੇ ਮਨੁੱਖ ਦਾ ਕੁਦਰਤ ਵੀ ਸਾਥ ਦੇਣ ਲੱਗਦੀ ਹੈ ਅਤੇ ਉਹ ਇਹੋ ਜਿਹੀਆਂ ਸਥਿਤੀਆਂ ਵਿੱਚ ਵੀ ਖ਼ੁਸ਼ ਰਹਿਣਾ ਜਾਣਦਾ ਹੈ।

ਖ਼ੁਸ਼ ਰਹਿਣਾ ਵੀ ਇੱਕ ਕਲਾ ਹੈ, ਕਲਾ ਹੀ ਨਹੀਂ ਸਗੋਂ ਇੱਕ ਸਮਝਦਾਰੀ ਵੀ ਹੈ। ਖ਼ੁਸ਼ਹਾਲ ਜੀਵਨ ਅੱਗੇ ਵਧਣ ਦਾ ਸਿਧਾਂਤ ਹੈ, ਸਥਿਰ ਰਹਿਣ ਦਾ ਨਹੀਂ। ਜ਼ਿੰਦਗੀ ਜਿਉਣਾ ਹੋਰ ਗੱਲ ਹੈ ਅਤੇ ਖ਼ੁਸ਼ੀ ਨਾਲ ਜਿਉਣਾ ਹੋਰ ਗੱਲ ਹੈ। ਜ਼ਿੰਦਗੀ ਜਿਉਣ ਵਾਲੇ ਬੰਦੇ ਉਹ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਦੇ ਮਾਲਕ ਆਪ ਹੁੰਦੇ ਹਨ। ਉਹ ਆਪ ਇਸ ਨੂੰ ਸੇਧ ਦਿੰਦੇ ਹਨ, ਮਕਸਦ ਦਿੰਦੇ ਹਨ ਅਤੇ ਇਸ ਵਿੱਚ ਕਈ ਰੰਗ ਭਰਦੇ ਹਨ। ਦੁੱਖ ਭਰੀ ਜ਼ਿੰਦਗੀ ਭੋਗਣ ਜਾਂ ਕੱਟਣ ਵਾਲੇ ਉਹ ਇਨਸਾਨ ਹੁੰਦੇ ਹਨ ਜਿਨ੍ਹਾਂ ਨੂੰ ਜ਼ਿੰਦਗੀ ਆਪ ਚਲਾਉਂਦੀ ਹੈ, ਕਦੇ ਰੁਆਉਂਦੀ ਹੈ। ਉਹ ਜ਼ਿੰਦਗੀ ਦੇ ਗੁਲਾਮ ਬਣੇ ਰਹਿੰਦੇ ਹਨ ਅਤੇ ਆਪਣੀ ਮੰਦਹਾਲੀ ਲਈ ਕਰਮਾਂ ਨੂੰ ਜਾਂ ਰੱਬ ਨੂੰ ਬੁਰਾ ਭਲਾ ਕਹਿੰਦੇ ਰਹਿੰਦੇ ਹਨ ਅਤੇ ਦੁਖੀ ਰਹਿੰਦੇ ਹਨ। ਜ਼ਿੰਦਗੀ ਵਿੱਚ ਦੁੱਖ ਤੇ ਸੁੱਖ ਨਾਲ ਨਾਲ ਚੱਲਦੇ ਹਨ। ਦੁੱਖਾਂ ਵਿੱਚ ਸਾਨੂੰ ਘਬਰਾਉਣਾ ਨਹੀਂ ਚਾਹੀਦਾ। ਸਗੋਂ ਹਿੰਮਤ ਅਤੇ ਦਲੇਰੀ ਨਾਲ ਜ਼ਿੰਦਗੀ ਨੂੰ ਵਧੀਆ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇੱਕ ਵਾਰ ਕਿਸੇ ਬੰਦੇ ਨੇ ਇੱਕ ਸਾਧੂ ਨੂੰ ਸਵਾਲ ਕੀਤਾ ਕਿ ਕੋਈ ਅਜਿਹਾ ਵਚਨ ਕਰੋ ਜਿਸ ਨਾਲ ਆਤਮ ਵਿਸ਼ਵਾਸ ਮਜ਼ਬੂਤ ਹੋਵੇ ਤਾਂ ਉਸ ਸਿੱਧ ਪੁਰਖ ਨੇ ਜਵਾਬ ਦਿੱਤਾ; ਇਹ ਸਮਾਂ ਵੀ ਗੁਜ਼ਰ ਜਾਏਗਾ। ਸੱਚਮੁੱਚ ਉਸ ਭਲੇ ਪੁਰਖ ਦਾ ਜਵਾਬ ਬਹੁਤ ਕਮਾਲ ਦਾ ਸੀ। ਸੁੱਖ ਵਿੱਚ ਵਿਅਕਤੀ ਨੂੰ ਆਪਣੇ ਪੈਰ ਨਹੀਂ ਛੱਡਣੇ ਚਾਹੀਦੇ ਅਤੇ ਦੁੱਖ ਵਿੱਚ ਹਿੰਮਤ। ਚੰਗਾ ਅਤੇ ਮਾੜਾ ਸਮਾਂ ਨਾਲ ਨਾਲ ਚੱਲਦਾ ਹੈ।

ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਲੋਕ ਆਪਣੇ ਜੀਵਨ ਨੂੰ ਲੰਮਾ ਕਰਨਾ ਤਾਂ ਚਾਹੁੰਦੇ ਹਨ, ਪਰ ਸੁਧਾਰਨਾ ਨਹੀਂ। ਇੱਥੇ ਸਵਾਲ ਇਹ ਨਹੀਂ ਕਿ ਅਸੀਂ ਕਿੰਨਾ ਚਿਰ ਜਿਉਂਦੇ ਹਾਂ, ਸਵਾਲ ਇਹ ਹੈ ਕਿ ਅਸੀਂ ਕਿਵੇਂ ਜਿਉਂਦੇ ਹਾਂ।

ਕਈ ਲੋਕ ਛੋਟੀਆਂ ਛੋਟੀਆਂ ਗੱਲਾਂ ਵਿੱਚ ਵੀ ਵੱਡੀਆਂ ਖ਼ੁਸ਼ੀਆਂ ਦੀ ਤਲਾਸ਼ ਕਰ ਲੈਂਦੇ ਹਨ ਅਤੇ ਕਈ ਵੱਡੀਆਂ ਖ਼ੁਸ਼ੀਆਂ ਨੂੰ ਵੀ ਅਜਾਈਂ ਗਵਾ ਦਿੰਦੇ ਹਨ। ਕਈ ਵਾਰੀ ਅਸੀਂ ਜੋ ਕੁਝ ਕੋਲ ਮੌਜੂਦ ਹੈ, ਉਸ ਨੂੰ ਮਾਣਨ ਦੀ ਥਾਂ ਜੋ ਕੋਲ ਨਹੀਂ ਦਾ ਰੋਣਾ ਰੋਂਦੇ ਰਹਿੰਦੇ ਹਾਂ ਅਤੇ ਵਕਤ ਅਤੇ ਕਿਸਮਤ ਨੂੰ ਕੋਸਦੇ ਕੋਸਦੇ ਆਪਣੀ ਸਾਰੀ ਜ਼ਿੰਦਗੀ ਕੱਢ ਦਿੰਦੇ ਹਾਂ। ਬੀਤ ਗਏ ਵਕਤ ਬਾਰੇ ਸੋਚ ਸੋਚ ਕੇ ਉਦਾਸ ਹੋਣਾ ਅਤੇ ਭਵਿੱਖ ਬਾਰੇ ਹਮੇਸ਼ਾਂ ਚਿੰਤਤ ਰਹਿਣਾ ਮਨੁੱਖ ਨੂੰ ਉਦਾਸੀ ਦੀ ਦਹਿਲੀਜ਼ ’ਤੇ ਲੈ ਜਾਂਦਾ ਹੈ। ਮਨੁੱਖੀ ਜੀਵਨ ਇੱਕ ਰੰਗਮੰਚ ਹੈ। ਹਰ ਇਨਸਾਨ ਇਸ ਦੁਨੀਆ ਰੂਪੀ ਰੰਗਮੰਚ ਉੱਤੇ ਆਪਣਾ ਰੋਲ ਅਦਾ ਕਰਨ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਲਈ ਸਾਨੂੰ ਹਰ ਰੋਲ ਬਾਖ਼ੂਬੀ ਖ਼ੁਸ਼ੀ ਨਾਲ ਨਿਭਾਉਣਾ ਚਾਹੀਦਾ ਹੈ।

**ਇੰਨੀ ਸ਼ਿਦਤ ਨਾਲ ਨਿਭਾਓ**
**ਜ਼ਿੰਦਗੀ ਦਾ ਕਿਰਦਾਰ**
**ਕਿ ਪਰਦਾ ਡਿੱਗਣ ਤੋਂ ਬਾਅਦ**
**ਵੀ ਵੱਜਦੀਆਂ ਰਹਿਣ ਤਾੜੀਆਂ**

ਮਿਹਨਤ ਨਾਲ ਧੰਨ ਕਮਾਉਣਾ ਮਾੜੀ ਗੱਲ ਨਹੀਂ ਹੈ, ਪਰ ਸਿਰਫ਼ ਪੈਸੇ ਨਾਲ ਹੀ ਕਦੇ ਵੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਨਹੀਂ ਖ਼ਰੀਦੀਆਂ ਜਾ ਸਕਦੀਆਂ। ਮੈਂ ਬਹੁਤ ਵਾਰੀ ਬਿਨਾਂ ਛੱਤ ਤੋਂ ਅਤੇ ਰਾਤ ਨੂੰ ਭੁੱਖੇ ਸੌਣ ਵਾਲਿਆਂ ਨੂੰ ਵੀ ਬਹੁਤ ਖ਼ੁਸ਼ ਦੇਖਿਆ ਹੈ ਅਤੇ ਬਹੁਤ ਸਾਰੇ ਧਨਾਢ ਲੋਕਾਂ ਨੂੰ ਹਰ ਵੇਲੇ ਦੁੱਖੀ ਅਤੇ ਰੋਂਦਿਆਂ ਵੇਖਿਆ ਹੈ। ਆਓ ਆਪਣੀ ਅਤੇ ਦੂਜਿਆਂ ਦੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾ ਕੇ ਜੀਵਨ ਬਤੀਤ ਕਰੀਏ ਤਾਂ ਕਿ ਹਰ ਦਿਨ ਹੀ ਸਾਡਾ ਖ਼ੁਸ਼ੀ ਦਿਵਸ ਹੋਵੇ ਅਤੇ ਸਾਨੂੰ ਖ਼ੁਸ਼ ਹੋਣ ਲਈ ਸਿਰਫ਼ ਇੱਕ ਦਿਨ ਖ਼ੁਸ਼ੀ ਦਿਵਸ ਦਾ ਇੰਤਜ਼ਾਰ ਨਾ ਕਰਨਾ ਪਵੇ।










## ਡਿੱਗ ਪਈ ਗੋਰੀ ਸ਼ੀਸ਼ ਮਹਿਲ ਤੋਂ

ਡਿੱਗ ਪਈ ਗੋਰੀ ਸ਼ੀਸ਼ ਮਹਿਲ ਤੋਂ,
ਹੁਣ ਕਿੰਵ ਕੋਈ ਚੁੱਕ ਉਠਾਵੇ,
ਆਪ ਸਹੇੜੀਆਂ ਆਪ ਹੁਦਰੀਆਂ,
ਸੈਂਡਲ ਉੱਚੀ ਅੱਡੀ ਦੇ ਪਾਵੇ ।
ਟੱਕ ਟੱਕ ਲੋਕੀਂ ਖੜ੍ਹ ਖੜ੍ਹ ਸੁਣਦੇ,
ਲੱਕ ਵਾਰ ਵਾਰ ਹੁਲਾਰੇ ਖਾਵੇ ,
ਪਾਉਂਦੀ ਕਾਲਜੇ ਹੌਲ ਗੱਭਰੂਆਂ ਦੇ,
ਤੁਰਦੀ ਭੁੰਜੇ ਪੱਬ ਨਾ ਲਾਵੇ।

ਲਾਹੀ ਚੁੰਨੀ ਸਿਰੋਂ ਸ਼ਰਮ ਹਯਾ ਦੀ,
ਨਾ ਘਗਰਾ ਸੂਫ਼ ਦਾ ਪਾਵੇ,
ਕੱਟਕੇ ਗੁੱਤ ਗਲ ਹਾਰ ਜ਼ੁਲਫ਼ਾਂ ਦਾ,
ਨਾ ਕਾਲੀ ਘਟਾ ਹੁਣ ਛਾਵੇ।
ਗਿੱਧੇ 'ਚ ਨੱਚੇ ਨਾਲ ਯਾਰ ਨਗੀਨੇ,
ਨੱਚ ਨੱਚ ਕੇ ਭੜਥੂ ਪਾਵੇ,
ਰੂਪ ਦੁਰਗਾ ਚੰਡੀ ਮਾਈ ਭਾਗੋ ਦਾ,
ਕਿਤੇ ਨੇੜੇ ਨਜ਼ਰ ਨਾ ਆਵੇ ।

ਭੂਤ ਫੈਸ਼ਨ ਦਾ ਹੈ ਸਿਰ 'ਤੇ ਚੜਿਆ,
ਬਿਊਟੀ ਪਾਰਲਰੀਂ ਜਾਵੇ,
ਬੰਦਿਆਂ ਵਾਂਗ ਅੱਜ ਸ਼ੇਵ ਕਰਾਉਂਦੀ,
ਉਤੋਂ ਮੂੰਹ ਮੱਥਾ ਲਿਸ਼ਕਾਵੇ।
ਭੀੜੇ ਟੌਪ ਪਾ ਕੇ ਘੁਟਵੀਆਂ ਜੀਨਾਂ,
ਨਾਲੇ ਬਾਈਕ ਕਾਰ ਚਲਾਵੇ,
ਹੁੰਦੀਆਂ ਫਿਰ ਹਵਾ ਦੇ ਨਾਲ ਗੱਲਾਂ,
ਮੋਬਾਈਲ ਨ ਕੰਨੋਂ ਲਾਹਵੇ।

ਭੁੱਲ੍ਹ ਗਈ ਅੰਗਰੇਜ਼ੀ ਖਾਣਿਆਂ ਉੱਤੇ,
ਨਿੱਤ ਬਰਗਰ ਪੀਜ਼ੇ ਖਾਵੇ,
ਤੁਰਦੀ ਨਹੀਂ ਪੈਦਲ ਕਦੇ ਸ਼ੌਕ ਨਾਲ,
ਨਾਂਹੀ ਜੁੱਤੀ ਕਸੂਰੀ ਪਾਵੇ।
ਬੰਨਿਆਂ ਵੱਟਾਂ 'ਤੇ ਭੁੱਲ ਗਈ ਤੁਰਨਾ,
ਨਾਂਹੀ ਖੇਤੀਂ ਭੱਤਾ ਲੈ ਜਾਵੇ,
ਬਦਲਿਆ ਤੌਰ ਜ਼ਮਾਨੇ ਦਾ ਅੱਜਕਲ੍ਹ,
ਤੇ ਅਜ਼ਾਦ ਉਡਾਰੀ ਲਾਵੇ।

ਹੁਣ ਪੜ੍ਹ ਲਿਖਕੇ ਹੁਸ਼ਿਆਰ ਹੋ ਗਈ,
ਹੈ ਅਕਲ ਲਤੀਫ਼ ਕਹਾਵੇ,
ਰਹੀ ਨਹੀਂ ਬੇਵੱਸ ਮੁਹਤਾਜ ਕਿਸੇ ਦੀ,
ਨਾ ਧੌਂਸ ਕਿਸੇ ਦੀ ਚਾਹਵੇ।
ਘਰ, ਦਰ ਜਾਂ ਦਫ਼ਤਰ ਵੱਲ ਤੱਕ ਲਉ,
ਮੋਢੇ ਨਾਲ ਮੋਢਾ ਡਾਹਵੇ,
ਅਸਮਾਨ ਟੋਹੇ ਰਾਕਟ ਦੀ ਪਾਇਲਟ,
ਟਾਕੀ ਧੁਰ ਅੰਬਰੀਂ ਲਾਵੇ।

-ਸੇਵਾ ਸਿੰਘ "ਨੂਰਪੁਰੀ"

## ਸੌੜੀ ਸੋਚ ਟਰੰਪ ਦੀ

ਜੋ ਸੀ ਸੋਚਿਆ ਟਰੰਪ ਨੇ, ਉਲਟ ਹੋਇਆ,
ਗਿੱਦੜ ਭਬਕੀਆਂ ਰਿਹਾ ਸੀ ਮਾਰ ਮੀਆਂ।

ਨਾਟੋ ਬਣਾਈ ਜਿਹੜੀ, ਉਹ ਫ਼ੇਲ ਹੋ ਗਈ,
ਲੈਂਦਾ ਕੋਈ ਨਹੀਂ ਉਸ ਦੀ ਸਾਰ ਮੀਆਂ।

ਤੇਲ, ਗੈਸ ਇਰਾਨ ਨੇ ਬੰਦ ਕਰ 'ਤੇ,
ਬੇੜੇ ਰੋਕ ਲਏ ਅੱਧ ਵਿਚਕਾਰ ਮੀਆਂ।

ਭੁਲੇਖੇ ਭੂਰੇ ਦੇ, ਰਿੱਛ ਨੂੰ ਹੱਥ ਪਾਇਆ,
ਕੋਈ ਸੁਣੇ ਨਾ ਟਰੰਪ ਦੀ ਪੁਕਾਰ ਮੀਆਂ।

ਆਤਮ ਨਿਰਭਰ ਕਹਿੰਦਾ ਮੈ ਦੇਸ਼ ਕਰਨਾ,
ਟੈਕਸ ਲਾਉਂਦਾ ਸੀ ਬਿਨਾਂ ਵਿਚਾਰ ਮੀਆਂ।

ਆਰਥਿਕਤਾ ਅਮਰੀਕਾ ਦੀ ਕਮਜ਼ੋਰ ਹੋਈ,
ਚੜ੍ਹ ਗਿਆ ਕਰਜੇ ਦਾ ਹੋਰ ਭਾਰ ਮੀਆਂ।

ਬੇਰੁਜ਼ਗਾਰੀ, ਮਹਿੰਗਾਈ ਵੱਧ ਚੱਲੀ,
ਮੱਚੀ ਹਰ ਪਾਸੇ ਹਾ-ਹਾ-ਕਾਰ ਮੀਆਂ।

ਕੋਈ ਕਰਾਓ ਸਮਝੌਤਾ, ਰੁਕੇ ਜੰਗ ਇਹ,
ਕਿਤੇ ਲੱਗ ਨਾ ਜਾਏ ਵਰਡ ਵਾਰ ਮੀਆਂ।

'ਹਰਪ੍ਰੀਤ ਪੱਤੋ' ਹੈ ਇਹ ਅਰਦਾਸ ਕਰਦਾ,
ਸਿਮਟੇ ਛੇਤੀ, ਪਿਆ ਖਿਲਾਰ ਮੀਆਂ।

ਹਰਪ੍ਰੀਤ ਪੱਤੋ
94658-21417

## ਕਵਿਤਾ

ਦੁੱਖ ਅਪਣਾ ਕੀ ਸੁਣਾਵਾਂ ਮੈਂ ਕਿਸੇ ਨੂੰ।
ਫੱਟ ਅਪਣੇ ਕਿੰਝ ਦਿਖਾਵਾਂ ਮੈਂ ਕਿਸੇ ਨੂੰ।

ਗ਼ੈਰ ਕਹਿ ਕੇ ਸਾਰਿਆਂ ਨੂੰ ਤੋਰਿਆ ਹੈ,
ਆਪਣਾ ਹੁਣ ਕਿੰਝ ਬਣਾਵਾਂ ਮੈਂ ਕਿਸੇ ਨੂੰ।

ਨਾ ਫ਼ਿਕਰ ਹੈ ਆਪ ਉਹਨਾਂ ਨੂੰ ਕੋਈ ਜਦ,
ਨੀਂਦ ਤੋਂ ਫ਼ਿਰ ਕਿਉਂ ਉਠਾਵਾਂ ਮੈਂ ਕਿਸੇ ਨੂੰ।

ਸਭ ਨੇ ਅੱਖੀਂ ਦੇਖਿਆ ਹੈ ਹਾਦਸਾ ਇਹ,
ਕਿਉਂ ਕਹਾਣੀ ਹੁਣ ਸੁਣਾਵਾਂ ਮੈਂ ਕਿਸੇ ਨੂੰ।

ਜਦ ਦਵਾ ਦਾਰੂ ਨਹੀਂ ਕਰਨੀ ਕਿਸੇ ਨੇ,
ਜ਼ਖ਼ਮ ਅਪਣੇ ਕਿਉਂ ਦਿਖਾਵਾਂ ਮੈਂ ਕਿਸੇ ਨੂੰ।

ਜਦ ਉਮਰ ਸੀ ਵੇਖੀਆਂ ਨਾ ਤਦ ਕਿਸੇ ਨੇ,
ਕੀ ਦਿਖਾਵਾਂ ਹੁਣ ਅਦਾਵਾਂ ਮੈਂ ਕਿਸੇ ਨੂੰ।

ਕਾਠਪੁਤਲੀ ਵਾਂਗ ਖ਼ੁਦ ਜਦ ਨੱਚਦਾ ਹਾਂ।
ਉਂਗਲੀਆਂ ਤੇ ਕਿੰਝ ਨਚਾਵਾਂ ਮੈਂ ਕਿਸੇ ਨੂੰ।

ਜਦ ਮੇਰੀ ਨਜ਼ਰਾਂ ਤੋਂ ਬਾਹਲੇ ਗਿਰ ਗਏ ਹਨ,
ਪਲਕਾਂ ਉੱਤੇ ਕਿਉਂ ਬਿਠਾਵਾਂ ਮੈਂ ਕਿਸੇ ਨੂੰ।

ਹਰਦੀਪ ਬਿਰਦੀ
9041600900

## ਖੈਰ ਦਾਤਿਆ

ਮੈਨੂੰ ਕੋਠੀਆਂ ਤੇ ਘਰ ਪਰਿਵਾਰ ਵਾਲਾ ਕੀਤਾ,
ਮੈਂ ਮੰਗਣਾ ਨਾ ਕੁਝ ਹੋਰ ਦਾਤਿਆਂ,
ਤੇਰਾ ਸ਼ੁਕਰ ਕਰਾ ਮੈ ਲੱਖ ਵਾਰੀ,
ਤੇ ਪਾਈ ਮੈਨੂੰ ਬਿਨਾ ਮੰਗੇ ਖੈਰ ਦਾਤਿਆ।

ਮਾੜੇ ਵਕਤਾਂ ਤੋਂ ਮੈਨੂੰ ਤੇ ਬਚਾਇਆਂ ਏ,
ਹੱਕ ਖਾਧਾ ਨਾ ਹੀ ਕਿਸੇ ਨੂੰ ਖਵਾਇਆ ਏ,
ਲੈ ਚੁੱਕ ਲਿਆ ਆਸਰੇ ਮੈ ਤੇਰੇ ਪੈਰ ਦਾਤਿਆ,
ਤੇਰਾ ਸ਼ੁਕਰ ਕਰਾ ਮੈ ਲੱਖ ਵਾਰੀ,
ਤੇ ਪਾਈ ਮੈਨੂੰ ਬਿਨਾ ਮੰਗੇ ਖੈਰ ਦਾਤਿਆ।

ਮਾੜੇ ਕੰਮਾਂ ਵੱਲੋਂ ਸਦਾ ਤੂੰ ਹੀ ਮੋੜਿਆ,
ਦੁੱਖਾਂ ਕਸ਼ਟਾਂ ਮੇਰਿਆਂ ਨੂੰ ਤੋੜਿਆ,
ਦੇ ਕੇ ਵੀ ਤੇ ਮੁੱਖੜਾ ਨਾ ਮੋੜਿਆ,
ਲੈ ਮੰਗਾਂ ਕੀ ਮੈ ਹੋਰ ਦਾਤਿਆ,
ਤੇਰਾ ਸ਼ੁਕਰ ਕਰਾ ਮੈ ਲੱਖ ਵਾਰੀ,
ਤੇ ਪਾਈ ਮੈਨੂੰ ਬਿਨਾ ਮੰਗੇ ਖੈਰ ਦਾਤਿਆ।

ਜਾਣ ਪਹਿਚਾਣ ਮੇਰੀ ਦਾਤਾ ਤੂੰ ਹੀ ਬਣਾਈ ਏ,
ਤੇਜੀ ਢਿੱਲੋਂ, ਬੁਢਲਾਡਾ - ਬੁਢਲਾਡਾ ਤੂੰ ਹੀ ਕਰਾਈ ਏ,
ਤੇਰੇ ਕਦਮਾਂ ਚ ਮੁੜਨ ਨਾ ਪੁੱਠੇ, ਕਦੇ ਮੇਰੇ ਪੈਰ ਦਾਤਿਆ,
ਤੇਰਾ ਸ਼ੁਕਰ ਕਰਾ ਮੈ ਲੱਖ ਵਾਰੀ,
ਤੇ ਪਾਈ ਮੈਨੂੰ ਬਿਨਾ ਮੰਗੇ ਖੈਰ ਦਾਤਿਆ।

ਤੇਜੀ ਢਿੱਲੋਂ ਬੁਢਲਾਡਾ

## ਮੈ ਹਾਂ...

ਹਾਂ... ਮੈ ਹਾਂ ਇੱਕ ਕੁੜੀ,
ਜਿਹੜੀ ਅੰਬਰ 'ਤੇ ਲਾਉਣਾ ਚਾਹੁੰਦੀ ਹਾਂ ਉਡਾਰੀ,
ਲੋਕਾ ਦਾ ਕੰਮ ਹੈ ਬੋਲਣਾ..
ਪਰ ਤੂੰ ਲਾ ਅੰਬਰ 'ਤੇ ਉਡਾਰੀ..
ਲੋਕਾ ਦਾ ਕੰਮ ਚੰਗੇ ਨੂੰ ਮਾੜਾ ਬੋਲਣਾ
ਪਰ ਮਨਹੂਸ ਲੋਕਾਂ ਦੀਆ ਗੱਲਾਂ 'ਚ ਨਾ ਆਉਂਦੀ...
ਸਣਾਉਂਦੇ ਨੇ ਸਾਰੇ...
ਪਰ ਸੁਣਦੀ ਹਾਂ ਮੈ...
ਆਪਣੇ ਹੀ ਮਨ ਦੀ,
ਹਾਂ... ਹਰ ਖ਼ੂਬੀ ਹੈ ਮੇਰੇ ਵਿਚ ,
ਪਰ ਕਦੇ-ਕਦੇ.. ਹਾਰ ਜਾਂਦੀ ਹਾਂ,
ਫਿਰ ਵੀ ਅੰਬਰ 'ਤੇ ਉਡਾਰੀ...
ਲਾਉਣ ਦੀ ਹਿਮਤ ਰੱਖਦੀ ਹਾਂ,
ਹਰ ਕੰਮ ਕਰਨ ਦੀ ਹਿਮਤ ਰੱਖਦੀ ਹਾਂ,
ਪਰ ਗੰਦੀ ਸੋਚ ਵਾਲਿਆਂ ਤੋਂ
ਮੈਂ ਕਦੇ ਨਾ ਡਰਦੀ ਹਾਂ...
ਸਫ਼ਲਤਾ ਦੀ ਕਰਨਾ ਚਾਹੁੰਦੀ ਹਾਂ ਮੈ ਸਵਾਰੀ,
ਅੰਬਰ 'ਤੇ ਲਾਉਣਾ ਚਾਹੁੰਦੀ ਹਾਂ ਮੈ ਉਡਾਰੀ,
ਹਾਂ.. ਮੈ ਹਾਂ ਇੱਕ ਕੁੜੀ,
ਜਿਹੜੀ ਅੰਬਰ 'ਤੇ ਲਾਉਣਾ
ਚਾਹੁੰਦੀ ਹੈ ਉਡਾਰੀ.....



ਇਸ਼ਮੀਤ ਕੌਰ
ਡੀ ਏ ਵੀ ਸੈਨਟੇਨਰੀ ਪਬਲਿਕ ਸਕੂਲ ਬਟਾਲਾ

## ਰਾਏ ਭੋਏ ਦੀ ਤਲਵੰਡੀ

ਰਾਏ ਭੋਏ ਦੀ ਤਲਵੰਡੀ
ਘੁਲੀ ਹਵਾ 'ਚ ਸੁਗੰਧੀ।
ਚੰਨ ਚਮਕੇ ਘਨੇਰਾ।
ਜਾਪੇ ਰਾਤ 'ਚ ਸਵੇਰਾ।

ਚੱਲੇ ਹਵਾ 'ਚ ਸੰਗੀਤ।
ਕਾਇਨਾਤ ਗਾਵੇ ਗੀਤ।
ਫੁੱਲ ਖਿੜੇ ਨੇ ਘਨੇਰੇ।
ਮਹਿਤਾ ਕਾਲੂ ਜੀ ਦੇ ਵਿਹੜੇ।

ਦੀਨ ਦੁਨੀਆਂ ਦਾ ਵਾਲੀ ।
ਉਹ ਦੀ ਖੇਡ ਹੈ ਨਿਰਾਲੀ।
ਲੱਖਾਂ ਧਰਤ ਅਕਾਸ਼ ।
ਜਿਹਦੀ ਕਰਦੇ ਨੇ ਆਸ।
ਮਾਂ ਤ੍ਰਿਪਤਾ ਦੀ ਕੁੱਖੋਂ
ਓਦ੍ਹਾ ਹੋਇਆ ਪ੍ਰਕਾਸ਼।

ਉਹ ਪੀਰਾਂ ਦਾ ਹੈ ਪੀਰ।
ਭੈਣ ਨਾਨਕੀ ਦਾ ਵੀਰ।
ਓਹੀ ਅੱਲਾ ਉਹੀ ਰਾਮ।
ਉਹਦਾ ਨਾਨਕ ਹੈ ਨਾਮ।

ਓਹੋ ਹਿੰਦੂਆਂ ਦਾ ਗੁਰੂ,
ਇਸਲਾਮੀਆਂ ਦਾ ਪੀਰ।
ਜੋਗੀਆਂ ਦਾ ਮਹਾਂ ਜੋਗੀ,
ਉਹਨੂੰ ਝੁਕਦੇ ਫ਼ਕੀਰ।

ਓਹੋ ਪਾਂਧੇ ਨੂੰ ਪੜ੍ਹਾਵੇ।
ਓਹੋ ਪਾਂਡੇ ਨੂੰ ਸਿਖਾਵੇ।
ਮੋਦੀਖਾਨੇ ਵਿੱਚ ਬੈਠਾ
ਤੇਰਾ ਤੇਰਾ ਤੋਲੀ ਜਾਵੇ।

ਸਚਾ ਸਉਦਾ ਕਰਨੇ ਨੂੰ
ਜਦੋਂ ਪਿਤਾ ਜੀ ਘਲਾਵੇ।
ਬਾਬਾ ਸੱਚੇ-ਸੁੱਚੇ ਸਾਧੂਆਂ
ਨੂੰ ਲੰਗਰ ਛਕਾਵੇ।

ਬਾਬਾ ਮੱਝੀਆਂ ਨੂੰ ਚਾਰੇ।
ਕੌਡੇ ਜਹਿ ਕਈ ਤਾਰੇ।
ਓਹਦੀ ਮਿਹਰ ਦੀ ਨਜ਼ਰ,
ਕਰ ਦੇਂਦੀ ਵਾਰੇ ਨਿਆਰੇ।

ਠੱਗਾਂ ਤਾਈਂ ਸਮਝਾਵੇ।
ਸਚੇ ਸੱਜਣ ਬਣਾਵੇ।
ਮਾਣ ਵਲੀਆਂ ਦਾ ਤੋੜੇ,
ਪੰਜਾਂ ਪਰਬਤਾਂ ਨੂੰ ਲਾਵੇ।

ਛੱਡ ਭਾਗੋ ਦੇ ਮਹੱਲ,
ਕੁੱਲੀ ਲਾਲੋ ਦੀ ਚ ਬਹਿੰਦਾ।
ਉਹ ਨਿਮਾਣਿਆਂ-ਨਿਤਾਣਿਆਂ
ਨੂੰ, ਮਾਣ ਤਾਣ ਦੇਂਦਾ।

ਬਾਬਾ ਪਰਬਤਾਂ ਤੇ ਜਾਵੇ,
ਜਿੱਥੇ ਸਿੱਧ ਬੈਠੇ ਭਾਰੇ।
ਸਿੱਧ ਮੰਡਲੀ ਨੂੰ ਜਿੱਤੇ,
ਬਾਣ ਸ਼ਬਦਾਂ ਦੇ ਮਾਰੇ।

ਜਦੋਂ ਪੁਛਦੇ ਨੇਂ ਹਾਜੀ।
ਰੱਬ ਕਿਹਦੇ ਉੱਤੇ ਰਾਜ਼ੀ।
ਦੱਸੋ ਹਿੰਦੂ ਜਾਂ ਮੁਲਾਣੇ,
ਅੱਗੇ ਜਿੱਤਣਗੇ ਬਾਜ਼ੀ।

ਬਾਬਾ ਦੇਵੇ ਉਪਦੇਸ਼
ਸੁਣੋ ਸੱਚੀ ਗੱਲ ਹਾਜੀ।
ਸ਼ੁਭ ਅੰਬਲਾਂ ਦੀ ਜਿੱਤ
ਨਾ ਕੋਈ ਹਿੰਦੂ ਨਾ ਕੋਈ ਕਾਜੀ।

ਇੱਕ ਭਾਈ ਮਰਦਾਨਾ
ਦੂਜਾ ਸੰਧੂ ਜੱਟ ਬਾਲਾ।
ਮੇਰੇ ਸਤਿਗੁਰਾਂ ਨਾਲ,
ਏਹੋ ਸਾਥ ਨਿਰਾਲਾ।

ਕਈ ਕਰੋੜ ਬ੍ਰਹਿਮੰਡ
ਜੱਸ ਗਾਂਵਦੇ ਨੇ ਜੀਹਦਾ।
ਬੰਡਾਲੇ ਵਾਲਿਆਂ ਵੇ ਗਾ ਲੈ,
ਓਹਦਾ ਲਿਖਕੇ ਕਸੀਦਾ।

ਨਿਗਾਂ ਮਿਹਰ ਵਾਲੀ ਮਾਰ,
ਗੁਰੂ ਨਾਨਕ ਦਾਤਾਰ।
ਹੱਥ ਜੋੜ ਪਰਗਟ,
ਰਿਹਾ ਅਰਜ਼ਾਂ ਗੁਜ਼ਾਰ।

ਪ੍ਰਗਟ ਸਿੰਘ

## ਹੱਥ ਸੋਚ ਕੇ ਪਾਈਏ !

'ਪਵੇ ਗਲ' ਤਾਂ 'ਠੋਕ ਕੇ' ਰੱਖ ਦੇਈਏ
ਖਾ-ਮੁਖਾਹ ਨਾ ਟੰਗ ਅੜਾਈਏ ਜੀ।
ਲਾਏ ਹੋਏ ਅਨੁਮਾਨ ਜੇ ਗਲਤ ਹੋਵਣ
ਜੁਗਤੀ ਨਾਲ ਪਿੱਛੇ ਹਟ ਜਾਈਏ ਜੀ।
ਸੁਪਨੇ ਵਿਚ ਜੇ ਮਹਿਲ ਕੋਈ ਖੜ੍ਹੇ ਕੀਤੇ
ਅੱਖਾਂ ਖੁਲ੍ਹਦੇ ਸਾਰ ਉਹ 'ਢਾਹੀਏ' ਜੀ।
'ਪੱਥਰ ਚੱਟ' ਕੇ ਪਿੱਛਾਂਹ ਨੂੰ ਪਰਤਦੇ ਜੋ
ਦੇਖ ਹੋਰਾਂ ਨੂੰ 'ਅਕਲ' ਵੀ ਚਾਹੀਏ ਜੀ।
ਸੁੱਤੀ ਪਈ ਜ਼ਮੀਰ ਜੇ 'ਜਾਗਦੀ' ਨਹੀਂ
ਥੋੜ੍ਹੀ ਬਹੁਤ ਤਾਂ ਸ਼ਰਮ ਫਿਰ ਖਾਈਏ ਜੀ।
ਵਿਰਸਾ ਅਗਲੇ ਦਾ ਪਰਖ ਪੜਚੋਲ ਕੇ ਤੇ
ਹੱਥ ਫੇਰ ਹੀ ਦੁਸ਼ਮਣ ਤਾਈਂ ਪਾਈਏ ਜੀ!



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਜਦੋਂ ਸਿਰਾਂ ਤੇ ਝੱਖੜ ਝੁੱਲੇ

ਜਦੋਂ ਸਿਰਾਂ ਤੇ ਝੱਖੜ ਝੁੱਲੇ
ਇਕੱਲਾ ਰਹਿ ਗਿਆ ਸਭ ਸੀ ਭੁੱਲੇ।

ਬੇਰਹਿਮੀ ਨਾਲ ਛੱਡ ਕੇ ਤੁਰ ਗਏ
ਜੀਭਾਂ ਸੁੰਨ ਜਿਉਂ ਦੰਦ ਸੀ ਜੁੜ ਗਏ।

ਜਿਸ ਵੀ ਦਰ ਤੇ ਜਾਣ ਖਲੋਇਆ
ਹਰ ਕਿਸੇ ਨੇ ਬੂਹਾ ਢੋਇਆ।

ਸਿਖਰ ਦੁਪਹਿਰੇ ਰਾਤ ਮੈਂ ਦੇਖੀ
ਅੱਗ ਅੰਦਰ ਦੀ ਖ਼ੁੱਦ ਹੀ ਸੇਕੀ।

ਗੁੱਝੀਆਂ ਪੀੜਾਂ ਦਰਦ ਬੜੇ ਨੇ
ਕਿਵੇਂ ਦੱਸੀਏ ਹਰਜ ਬੜੇ ਨੇ।

ਆਪਣਿਆਂ ਨੇ ਹੀ ਪੀੜਾਂ ਦਿੱਤੀਆ
ਲੱਖ ਮੇਟੀਏ ਇਹ ਨਾ ਮਿੱਟੀਆਂ।

ਕਿਸ ਕਿਸ ਦਾ ਜ਼ਿਕਰ ਦੱਸ ਕਰੀਏ
ਕਿਸ ਕਿਸ ਤੇ ਜਾ ਉਂਗਲ ਧਰੀਏ।

ਕੌਣ ਕਿਸੇ ਨੂੰ ਬਖਸ਼ੇ ਇੱਥੇ
ਮੋਹ ਮੁਹੱਬਤ ਜਿਉਂਦਾ ਕਿੱਥੇ ?

ਮਤਲਬ ਨਾਲ ਵਿਹਾਰ ਹੈ ਚੱਲੇ
ਤਮਾ ਲਾਲਸਾ ਸਭ ਦਰ ਨੇ ਮੱਲੇ।

ਲੋਕੀ ਆਖਣ ਇਹ ਹੈ ਝੱਲਾ
ਵਿੱਚ ਭੀੜ ਦੇ ਰਹਿ ਗਿਆ ਕੱਲਾ।

ਧੱਕੇ ਧੌਲੇ ਨਾਲ ਜਦ ਵੀ ਡਿੱਗਿਆ
ਬੜੇ ਲੋਕਾਂ ਨੇ ਜਾਣ ਕੇ ਮਿੱਧਿਆ।

ਉਹ ਵੀ ਨੇ ਇਸ ਜੱਗ ਦੇ ਉੱਤੇ
ਜਿੰਨਾਂ ਉਠਾਇਆ ਫੜ੍ਹ ਕੇ ਗੁੱਟੇ।

ਮਿੱਤਰ ਬੇਲੀ ਉਹ ਟਾਂਵੇਂ ਟਾਂਵੇਂ
ਜਿੰਨਾ ਲਿੱਖੇ ਜਿੰਦਗੀ ਦੇ ਸਿਰਨਾਵੇਂ।

ਉਨ੍ਹਾਂ ਸਹਾਰੇ ਹੀ ਜ਼ਿੰਦਗੀ ਚੱਲੇ
ਨਾਲ ਸੁਨੇਹ ਦੇ ਜੋ ਭਰ ਗਏ ਪੱਲੇ।

ਆਪਣੇ ਉਹੀ ਜੋ ਨਾਲ ਖੜ੍ਹੇ ਨੇ
ਬਣਦੇ ਉਂਝ ਦਿਲਦਾਰ ਬੜੇ ਨੇ।

ਮੇਰੇ ਚੇਤਿਆਂ ਦੇ ਉਹ ਨੇ ਚੇਤਰ
ਤਮਾਮ ਜੱਗ ਤੋਂ ਜੋ ਨੇ ਬਿਹਤਰ।

ਮਨ ਚੋਂ ਨਿਕਲਣ ਇਹੀ ਦੁਆਵਾਂ
ਜਿਉਂਦੀਆਂ ਰਹਿਣ ਜੱਗ ਤੇ ਮਾਵਾਂ।

ਜਿਨ੍ਹਾਂ ਅਜਿਹੇ ਪੁੱਤਰ ਨੇ ਜੰਮੇ
ਜਿਨ੍ਹਾਂ ਡਿੱਗਦਿਆਂ ਦੇ ਹੱਥ ਆ ਥੰਮੇ।

ਜਿਨ੍ਹਾ ਦੇ ਖੁੱਲ੍ਹੇ ਦਰ ਤੇ ਮਘਦੇ ਚੁੱਲ੍ਹੇ
ਸਾਲਾ ਵਸਦੇ ਰਹਿਣ ਉਹ ਦੁੱਲੇ।

ਡਾ ਮੇਹਰ ਮਾਣਕ

# ਸਾਫ਼ ਵਾਤਾਵਰਣ ਲਈ ਵਿਸ਼ਾਲ ਪਲਾਂਟੇਸ਼ਨ ਦੀ ਲੋੜ ਹੈ





**ਵਿਜੈ ਗਰਗ ਸਾਬਕਾ**
**ਪੀ.ਈ..ਐਸ. - 1**
**ਸੇਵਾਮੁਕਤ ਪ੍ਰਿੰਸਪਲ**

ਇੱਕ ਸਾਫ਼ ਅਤੇ ਸਿਹਤਮੰਦ ਵਾਤਾਵਰਣ ਮਨੁੱਖੀ ਜੀਵਨ ਅਤੇ ਟਿਕਾਊ ਵਿਕਾਸ ਦੀ ਬੁਨਿਆਦ ਹੈ। ਹਾਲ ਹੀ ਦੇ ਦਹਾਕਿਆਂ ਵਿੱਚ, ਤੇਜ਼ੀ ਨਾਲ ਉਦਯੋਗਿਕਤਾ, ਸ਼ਹਿਰੀ ਵਿਸਥਾਰ ਅਤੇ ਕੁਦਰਤੀ ਸਰੋਤਾਂ ਦੀ ਬਹੁਤ ਜ਼ਿਆਦਾ ਵਰਤੋਂ ਨੇ ਗੰਭੀਰ ਵਾਤਾਵਰਣ ਵਿਗਾੜ ਦਾ ਕਾਰਨ ਬਣਾਇਆ ਹੈ। ਪ੍ਰਦੂਸ਼ਣ ਦੇ ਵਧਦੇ ਪੱਧਰ, ਜਲਵਾਯੂ ਤਬਦੀਲੀ ਅਤੇ ਜੈਵ ਵਿਭਿੰਨਤਾ ਦਾ ਨੁਕਸਾਨ ਸਪੱਸ਼ਟ ਚੇਤਾਵਨੀ ਹਨ ਕਿ ਸਾਡਾ ਵਾਤਾਵਰਣ ਤਣਾਅ ਵਿੱਚ ਹੈ। ਇਹਨਾਂ ਵਿੱਚੋਂ ਬਹੁਤ ਸਾਰੀਆਂ ਵਾਤਾਵਰਣ ਸੰਬੰਧੀ ਸਮੱਸਿਆਵਾਂ ਦੇ ਸਭ ਤੋਂ ਸਰਲ ਪਰ ਸਭ ਤੋਂ ਸ਼ਕਤੀਸ਼ਾਲੀ ਹੱਲਾਂ ਵਿੱਚੋਂ ਇੱਕ ਹੈ ਕਾਫੀ ਪਲਾਂਟੇਸ਼ਨ– ਰੁੱਖਾਂ ਅਤੇ ਹਰੇ ਢੱਕਣ ਦੀ ਲਾਤੀ ਅਤੇ ਸੁਰੱਖਿਆ।

ਰੁੱਖਾਂ ਨੂੰ ਅਕਸਰ ਧਰਤੀ ਦੇ 'ਲੰਗ' ਕਿਹਾ ਜਾਂਦਾ ਹੈ ਉਹ ਕਾਰਬਨ ਡਾਈਆਕਸਾਈਡ ਨੂੰ ਸੋਖਦੇ ਹਨ ਅਤੇ ਫੋਟੋਸਿੰਥੇਸ ਦੀ ਪ੍ਰਕਿਰਿਆ ਰਾਹੀਂ ਆਕਸੀਜਨ ਛੱਡ ਦਿੰਦੇ ਹਨ। ਇਹ ਕੁਦਰਤੀ ਪ੍ਰਕਿਰਿਆ ਵਾਯੂਮੰਡਲ ਵਿੱਚ ਗੈਸਾਂ ਦੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ, ਜਿਸ ਨਾਲ ਹਵਾ ਮਨੁੱਖਾਂ ਅਤੇ ਹੋਰ ਜੀਵਨ ਜੀਵਾਂ ਲਈ ਸਾਫ਼ ਅਤੇ ਸਿਹਤਮੰਦ ਹੁੰਦੀ ਹੈ। ਜਦੋਂ ਰੁੱਖਾਂ ਨੂੰ ਸਹੀ ਢੰਗ ਨਾਲ ਦੁਬਾਰਾ ਲਗਾਏ ਬਿਨਾਂ ਕੱਟਿਆ ਜਾਂਦਾ ਹੈ, ਤਾਂ ਕੁਦਰਤ ਦਾ ਸੰਤੁਲਨ ਵਿਗਾੜ ਜਾਂਦਾ ਹੈ, ਜਿਸ ਨਾਲ ਕਾਰਬਨ ਡਾਇਆਕਸਾਈਡ ਦੇ ਪੱਧਰ ਵਧਦੇ ਹਨ ਅਤੇ ਹਵਾ ਦੀ ਗੁਣਵੱਤਾ ਵਿਗੜ ਜਾਂਦੀ ਹੈ।

ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਵਿੱਚ ਵਿਸ਼ਾਲ ਬਾਗਬਾਨੀ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਰੁੱਖ ਕਾਰਬਨ ਸਿੰਕ ਵਜੋਂ ਕੰਮ ਕਰਦੇ ਹਨ, ਵੱਡੀ ਮਾਤਰਾ ਵਿੱਚ ਕਾਰਬਨ ਨੂੰ ਸਟੋਰ ਕਰਦੇ ਹਨ ਅਤੇ ਵਾਯੂਮੰਡਲ ਵਿੱਚ ਗ੍ਰੀਨਹਾਊਸ ਗੈਸਾਂ ਦੀ ਇਕਾਗਰਤਾ ਨੂੰ ਘਟਾਉਂਦੇ ਹਨ। ਇਸ ਲਈ ਵੱਡੇ ਪੱਧਰ 'ਤੇ ਪਲਾਂਟੇਸ਼ਨ ਡਰਾਈਵ ਗਲੋਬਲ ਵਾਰਮਿੰਗ ਨੂੰ ਹੌਲੀ ਕਰਨ ਅਤੇ ਵਾਤਾਵਰਣਕ ਸੰਤੁਲਨ ਬਣਾਈ ਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ।

ਰੁੱਖਾਂ ਦਾ ਇੱਕ ਹੋਰ ਮਹੱਤਵਪੂਰਨ ਲਾਭ ਮਿੱਟੀ ਅਤੇ ਜਲ ਸਰੋਤਾਂ ਦੀ ਰੱਖਿਆ ਵਿੱਚ ਉਨ੍ਹਾਂ ਦੀ ਭੂਮਿਕਾ ਹੈ। ਰੁੱਖਾਂ ਦੀਆਂ ਜੜ੍ਹਾਂ ਮਿੱਟੀ ਨੂੰ ਇਕੱਠੇ ਰੱਖਦੀਆਂ ਹਨ ਅਤੇ ਕਟੌਤੀ ਨੂੰ ਰੋਕਦੀਆਂ ਹਨ, ਖਾਸ ਕਰਕੇ ਭਾਰੀ ਬਾਰਿਸ਼ ਅਤੇ ਹੜ੍ਹ ਦੌਰਾਨ। ਰੁੱਖ ਭੂਮੀਗਤ ਪਾਣੀ ਨੂੰ ਰੀਚਾਰਜ ਕਰਨ ਅਤੇ ਪ੍ਰਾਸਪੀਰੇਸ਼ਨ ਰਾਹੀਂ ਕੁਦਰਤੀ ਜਲ ਚੱਕਰ ਬਣਾਈ ਰੱਖਣ ਵਿੱਚ ਵੀ ਮਦਦ ਕਰਦੇ ਹਨ। ਲੋੜੀਂਦੀ ਬਨਸਪਤੀ ਤੋਂ ਬਿਨਾਂ, ਜ਼ਮੀਨ ਖੁਸ਼ਕ ਅਤੇ ਬਾਂਝ ਹੋ ਜਾਂਦੀ ਹੈ, ਜੋ ਕਿ ਖੇਤੀਬਾੜੀ ਅਤੇ ਭੋਜਨ ਸੁਰੱਖਿਆ ਨੂੰ ਪ੍ਰਭਾਵਿਤ ਕਰਦੀ ਹੈ।

ਪਲਾਂਟੇਸ਼ਨ ਜੈਵ ਵਿਭਿੰਨਤਾ ਦਾ ਵੀ ਸਮਰਥਨ ਕਰਦਾ ਹੈ। ਜੰਗਲ ਅਤੇ ਹਰੀਆਂ ਥਾਵਾਂ ਪੰਛੀਆਂ, ਜਾਨਵਰਾਂ ਅਤੇ ਕੀੜੇ-ਮਕੌੜਿਆਂ ਲਈ ਆਸਰਾ ਅਤੇ ਭੋਜਨ ਪ੍ਰਦਾਨ ਕਰਦੀਆਂ ਹਨ। ਜਿਵੇਂ-ਜਿਵੇਂ ਜੰਗਲ ਅਲੋਪ ਹੋ ਜਾਂਦੇ ਹਨ, ਬਹੁਤ ਸਾਰੀਆਂ ਪ੍ਰਜਾਤੀਆਂ ਨੂੰ ਵਿਨਾਸ਼ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਹੋਰ ਰੁੱਖ ਲਗਾ ਕੇ ਅਤੇ ਮੌਜੂਦਾ ਜੰਗਲਾਂ ਦੀ ਰੱਖਿਆ ਕਰਕੇ, ਅਸੀਂ ਜੰਗਲੀ ਜੀਵਾਂ ਨੂੰ ਸੰਭਾਲਣ ਅਤੇ ਸਾਡੇ ਗ੍ਰਹਿ ਦੀ ਅਮੀਰ ਜੈਵ ਵਿਭਿੰਨਤਾ ਨੂੰ ਬਣਾਈ ਰੱਖਣ ਵਿੱਚ ਮਦਦ ਕਰ ਸਕਦੇ ਹਾਂ।

ਸ਼ਹਿਰੀ ਖੇਤਰਾਂ ਵਿੱਚ, ਰੁੱਖ ਖਾਸ ਤੌਰ 'ਤੇ ਮਹੱਤਵਪੂਰਨ ਹਨ। ਉਹ ਸ਼ੋਰ ਪ੍ਰਦੂਸ਼ਣ ਨੂੰ ਘਟਾਉਂਦੇ ਹਨ, ਛਾਂ ਪ੍ਰਦਾਨ ਕਰਦੇ ਹਨ, ਅਤੇ ਇੱਕ ਕੂਲਿੰਗ ਪ੍ਰਭਾਵ ਬਣਾ ਕੇ ਘੱਟ ਤਾਪਮਾਨ ਪ੍ਰਦਾਨ ਕਰਦੇ ਹਨ। ਉਨ੍ਹਾਂ ਸ਼ਹਿਰਾਂ ਵਿੱਚ ਜਿੱਥੇ ਕੰਕਰੀਟ ਢਾਂਚੇ ਲੈਂਡਸਕੇਪ 'ਤੇ ਹਾਵੀ ਹੁੰਦੇ ਹਨ, ਹਰੇ ਸਥਾਨ ਨਿਵਾਸੀਆਂ ਦੇ ਜੀਵਨ ਦੀ ਗੁਣਵੱਤਾ ਅਤੇ ਮਾਨਸਿਕ ਤੰਦਰੁਸਤੀ ਨੂੰ ਬਿਹਤਰ ਬਣਾਉਂਦੇ ਹਨ। ਅਧਿਐਨਾਂ ਨੇ ਦਿਖਾਇਆ ਹੈ ਕਿ ਹਰਾ ਵਾਤਾਵਰਣ ਵਿੱਚ ਰਹਿਣ ਵਾਲੇ ਲੋਕ ਘੱਟ ਤਣਾਅ ਦੇ ਪੱਧਰ ਅਤੇ ਬਿਹਤਰ ਸਿਹਤ ਦਾ ਅਨੁਭਵ ਕਰਦੇ ਹਨ।


ਹਾਲਾਂਕਿ, ਪਲਾਂਟੇਸ਼ਨ ਨੂੰ ਸਿਰਫ਼ ਸਰਕਾਰੀ ਪ੍ਰੋਗਰਾਮਾਂ ਤੱਕ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ। ਜਨਤਾ ਦੀ ਭਾਗੀਦਾਰੀ ਜ਼ਰੂਰੀ ਹੈ। ਸਕੂਲਾਂ, ਕਾਲਜਾਂ, ਸਮਾਜਿਕ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਰੁੱਖ ਲਗਾਉਣ ਦੀਆਂ ਮੁਹਿੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ। ਰੁੱਖ ਲਗਾਉਣਾ ਸਿਰਫ਼ ਪਹਿਲਾ ਕਦਮ ਹੈ; ਇਸ ਨੂੰ ਉਦੋਂ ਤੱਕ ਸੰਭਾਲਣਾ ਅਤੇ ਸੁਰੱਖਿਅਤ ਰੱਖਣਾ ਜਦੋਂ ਤੱਕ ਇਹ ਇੱਕ ਮਜ਼ਬੂਤ ਪੌਦਾ ਨਹੀਂ ਬਣ ਜਾਂਦਾ, ਬਰਾਬਰ ਮਹੱਤਵਪੂਰਨ ਹੈ।

ਦੁਨੀਆ ਭਰ ਦੀਆਂ ਸਰਕਾਰਾਂ ਪਲਾਂਟੇਸ਼ਨ ਦੇ ਮਹੱਤਵ ਨੂੰ ਵੱਧ ਤੋਂ ਵੱਧ ਪਛਾਣ ਰਹੀਆਂ ਹਨ। ਭਾਰਤ ਵਿੱਚ, ਗ੍ਰੀਨ ਇੰਡੀਆ ਮਿਸ਼ਨ ਵਰਗੀਆਂ ਪਹਿਲਕਦਮੀਆਂ ਜੰਗਲਾਂ ਨੂੰ ਵਧਾਉਣ ਅਤੇ ਵਿਗਾੜ ਵਾਲੇ ਜੰਗਲਾਂ ਦੀ ਬਹਾਲੀ ਨੂੰ ਉਤਸ਼ਾਹਿਤ ਕਰਦੀਆਂ ਹਨ। ਅਜਿਹੇ ਪ੍ਰੋਗਰਾਮਾਂ ਦਾ ਉਦੇਸ਼ ਜੰਗਲਾਂ ਦੇ ਢੱਕਣ ਨੂੰ ਵਧਾਉਣਾ ਅਤੇ ਵਾਤਾਵਰਣ ਦੀ ਸਥਿਰਤਾ ਵਿੱਚ ਸੁਧਾਰ ਕਰਨਾ ਹੈ।

ਸਿੱਟਾ ਇਹ ਹੈ ਕਿ ਕਾਫੀ ਖੇਤ ਸਿਰਫ਼ ਇੱਕ ਵਾਤਾਵਰਣ ਸੰਬੰਧੀ ਗਤੀਵਿਧੀ ਨਹੀਂ ਹੈ; ਇਹ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਜ਼ਿੰਮੇਵਾਰੀ ਹੈ। ਇੱਕ ਸਾਫ਼ ਵਾਤਾਵਰਣ, ਸਥਿਰ ਜਲਵਾਯੂ, ਉਪਜਾਊ ਮਿੱਟੀ ਅਤੇ ਅਮੀਰ ਜੈਵ ਵਿਭਿੰਨਤਾ ਸਭ ਰੁੱਖਾਂ ਦੀ ਮੌਜੂਦਗੀ 'ਤੇ ਨਿਰਭਰ ਕਰਦੇ ਹਨ। ਜੇਕਰ ਹਰ ਵਿਅਕਤੀ ਆਪਣੇ ਜੀਵਨ ਕਾਲ ਵਿੱਚ ਕੁਝ ਰੁੱਖ ਵੀ ਲਗਾਉਂਦਾ ਹੈ ਅਤੇ ਉਨ੍ਹਾਂ ਦੀ ਰੱਖਿਆ ਕਰਦਾ ਹੈ, ਤਾਂ ਸਮੂਹਿਕ ਯਤਨ ਸਾਡੇ ਗ੍ਰਹਿ ਨੂੰ ਇੱਕ ਹਰੀ ਅਤੇ ਸਿਹਤਮੰਦ ਜਗ੍ਹਾ ਵਿੱਚ ਬਦਲ ਸਕਦਾ ਹੈ। ਇਸ ਲਈ, ਪਲਾਂਟੇਸ਼ਨ ਰਾਹੀਂ ਕੁਦਰਤ ਦੀ ਰੱਖਿਆ ਮਨੁੱਖਤਾ ਲਈ ਇੱਕ ਟਿਕਾਊ ਭਵਿੱਖ ਨੂੰ ਯਕੀਨੀ ਬਣਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਕਦਮਾਂ ਵਿੱਚੋਂ ਇੱਕ ਹੈ।

# ਮੀਡੀਆ ਦਾ ਬਦਲਦਾ ਸਰੂਪ: ਚੁਣੌਤੀਆਂ ਤੇ ਹੱਲ

**ਲਖਵਿੰਦਰ ਪਾਲ ਗਰਗ**



ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੁਣ ਤੱਕ ਮੀਡੀਆ 'ਚ ਵੱਡੀ ਤਬਦੀਲੀ ਆਈ ਹੈ ਤੇ ਅਗਲੀਆਂ ਪੀੜ੍ਹੀਆਂ ਨੂੰ ਹੋਰ ਵੀ ਬਦਲਾਅ ਦੇਖਣ ਨੂੰ ਮਿਲਣਗੇ। ਪ੍ਰਿੰਟ ਮੀਡੀਆ ਵਿੱਚ ਜਿਹੜੀ ਖ਼ਬਰ ਕਈ-ਕਈ ਦਿਨਾਂ ਬਾਅਦ ਛਪਦੀ ਸੀ, ਉਹ ਰੇਡੀਓ ਤੇ ਟੀ ਵੀ ਚੈਨਲਾਂ ਦੇ ਆਉਣ ਨਾਲ ਲਾਈਵ ਪ੍ਰਸਾਰਿਤ ਹੋਣ ਲੱਗੀ ਅਤੇ ਹੁਣ ਸੋਸ਼ਲ ਮੀਡੀਆ ਦੇ ਯੁੱਗ 'ਚ ਖ਼ਬਰ ਮਿੰਟਾਂ, ਸਕਿੰਟਾਂ 'ਚ ਦੇਸ਼-ਵਿਦੇਸ਼ ਵੱਸਦੇ ਲੋਕਾਂ ਕੋਲ ਪਹੁੰਚ ਜਾਂਦੀ ਹੈ।

ਦੇਸ਼ ਨੂੰ ਚਲਾਉਣ ਲਈ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਸਮੇਤ ਮੀਡੀਆ ਨੂੰ ਚੌਥਾ ਥੰਮ ?ਹ ਮੰਨਿਆ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਲੀਡਰਾਂ ਨੂੰ ਪਤਾ ਸੀ ਕਿ ਦੇਸ਼ ਚਲਾਉਣ ਲਈ ਲੋਕ ਪੱਖੀ ਪੱਤਰਕਾਰੀ ਤੇ ਮਿਸ਼ਨ ਦੇ ਤੌਰ 'ਤੇ ਪੱਤਰਕਾਰੀ ਦੀ ਬਹੁਤ ਲੋੜ ਹੈ। ਇਸ ਲਈ 1952 ਵਿੱਚ ਪਹਿਲੇ ਪ੍ਰੈੱਸ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਤੇ ਤਤਕਾਲੀ ਹਾਲਾਤ ਦਾ ਜਾਇਜ਼ਾ ਲੈ ਕੇ ਵਰਕਿੰਗ ਜਰਨਲਿਸਟ ਐਕਟ 1955 ਬਣਾਇਆ ਗਿਆ ਤਾਂ ਜੋ ਪੱਤਰਕਾਰੀ ਦਾ ਕਿੱਤਾ ਆਜ਼ਾਦ ਰਹੇ।

ਕਰੀਬ 15-20 ਸਾਲ ਪਹਿਲਾਂ ਮੀਡੀਆ ਦਾ ਵਪਾਰੀਕਰਨ ਸ਼ੁਰੂ ਹੋ ਗਿਆ। ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੀ ਸੇਵਾ ਭਾਵਨਾ ਵਾਲੀ ਪੱਤਰਕਾਰੀ ਸਮੇਂ ਅਨੁਸਾਰ ਬਦਲਾਅ ਤਹਿਤ ਅਜੋਕੀ ਪੱਤਰਕਾਰੀ ਤੱਕ ਪਹੁੰਚ ਗਈ ਹੈ ਜੋ ਜ਼ਿਆਦਾਤਰ ਪੂੰਜੀਪਤੀਆਂ ਦੇ ਗ਼ਲਬੇ ਹੇਠ ਦਬਦੀ ਜਾ ਰਹੀ ਹੈ, ਜਿਸ ਨਾਲ ਅੱਜ ਦੇ ਪੱਤਰਕਾਰਾਂ ਅੱਗੇ ਬਹੁਤ ਜ਼ਿਆਦਾ ਚੁਣੌਤੀਆਂ ਹਨ। ਇਨ੍ਹਾਂ ਚੁਣੌਤੀਆਂ ਕਾਰਨ ਪੱਤਰਕਾਰੀ ਦਾ ਮਿਆਰ ਡਿੱਗ ਰਿਹਾ ਹੈ ਕਿਉਂਕਿ ਪੱਤਰਕਾਰਾਂ ਕੋਲ ਜੋ ਲਿਖਣ ਦੀ ਆਜ਼ਾਦੀ ਸੀ ਉਸ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਖੋਹਣ ਦੀ ਕੋਸ਼ਿਸ਼ ਕੀਤੀ ਤੇ ਕਰ ਰਹੀਆਂ ਹਨ। ਪੱਤਰਕਾਰੀ 'ਚ ਸੱਚ ਨੂੰ ਦਬਾਉਣ, ਖ਼ਬਰਾਂ ਨੂੰ ਸਨਸਨੀਖੇਜ਼ ਤਰੀਕੇ ਨਾਲ ਪੇਸ਼ ਕਰਨ ਤੇ ਲੋਕਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਬਹੁ-ਗਿਣਤੀ ਮੀਡੀਆ ਲੋਕਾਂ ਦੀ ਆਵਾਜ਼ ਉਠਾਉਣ ਤੋਂ ਗੁਰੇਜ਼ ਕਰਨ ਲੱਗਿਆ ਹੈ ਜਦਕਿ ਪ੍ਰਸ਼ਾਸਨ, ਨਿਆਂਪਾਲਿਕਾ ਦਾ ਕੰਮ ਹੈ ਕਿ ਉਹ ਲੋਕਾਂ 'ਚ ਆਪਣਾ ਭਰੋਸਾ ਬਣਾ ਕੇ ਰੱਖੇ। ਪੱਤਰਕਾਰਾਂ ਦੀ ਵੱਡੀ ਚੁਣੌਤੀ ਹੈ ਕਿ ਉਨ੍ਹਾਂ ਕੋਲ ਸਰੋਤ ਨਹੀਂ ਹਨ। ਅਜੋਕੇ ਦੌਰ ਵਿੱਚ ਕਾਰਪੋਰੇਟ ਘਰਾਣੇ ਮੀਡੀਆ ਨੂੰ ਖ਼ਰੀਦ ਕੇ ਮੁਨਾਫ਼ਾ ਕਮਾਉਣ ਦੇ ਨਾਲ-ਨਾਲ ਸਰਕਾਰ ਦੀ ਬੋਲੀ ਵੀ ਬੋਲ ਰਹੇ ਹਨ। ਮਨਮਰਜ਼ੀ ਦੀਆਂ ਖ਼ਬਰਾਂ ਲਗਵਾਉਣ ਲਈ ਸਰਕਾਰਾਂ ਵੱਲੋਂ ਦਬਾਅ ਪਾਉਣਾ ਵੀ ਪੱਤਰਕਾਰਾਂ ਲਈ ਵੱਡੀ ਚੁਣੌਤੀ ਹੈ। ਪੱਤਰਕਾਰ ਨੂੰ ਨਾਲ ਤੋਰਨ ਲਈ ਸਰਕਾਰ ਪੱਤਰਕਾਰ 'ਤੇ ਜਾਣ-ਬੁੱਝ ਕੇ ਦੋਸ਼ ਲਾਉਣ ਲੱਗ ਜਾਂਦੀ ਹੈ ਜਦਕਿ ਪੱਤਰਕਾਰ ਆਪਣੀ ਜਾਨ ਜੋਖ਼ਮ 'ਚ ਪਾ ਕੇ ਲੋਕਾਂ ਦੇ ਜਮ੍ਹੂਰੀ ਹੱਕਾਂ ਦੀ ਰਾਖੀ ਅਤੇ ਲੋਕਾਂ ਨੂੰ ਜਾਗਰੂਕ ਕਰਦਾ ਹੈ।

ਅੱਜ ਲੋੜ ਹੈ ਕਿ ਪੱਤਰਕਾਰੀ ਆਜ਼ਾਦ ਰਹੇ ਜਦਕਿ ਮੀਡੀਆ ਦਾ ਅਸਲ ਕੰਮ ਸਰਕਾਰਾਂ ਦੀਆਂ ਲੋਕ ਪੱਖੀ ਨੀਤੀਆਂ ਨੂੰ ਲੋਕਾਂ ਤੱਕ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਰਕਾਰਾਂ ਤੱਕ ਪਹੁੰਚਾਉਣਾ ਹੈ। ਪੱਤਰਕਾਰ ਭਾਈਚਾਰਾ ਵੀ ਸਾਡੇ ਸਮਾਜ ਦਾ ਹਿੱਸਾ ਹੈ ਪਰ ਸਮੇਂ ਦੀਆਂ ਸਰਕਾਰਾਂ ਵੱਲੋਂ ਪੱਤਰਕਾਰਾਂ ਦੀਆਂ ਸਮੱਸਿਆਵਾਂ ਨੂੰ ਅਲੱਗ ਤੌਰ 'ਤੇ ਦੇਖਿਆ ਜਾਂਦਾ ਹੈ। ਦੇਸ਼ ਦੁਨੀਆ ਨੂੰ ਸੂਚਨਾ ਦੇਣ ਵਾਲਾ ਫੀਲਡ ਪੱਤਰਕਾਰ, ਜੋ ਗਰਾਊਂਡ 'ਤੇ ਕੰਮ ਕਰਦਾ ਹੈ, ਉਸ 'ਤੇ ਬਹੁਤ ਜ਼ਿਆਦਾ ਦਬਾਅ ਹੁੰਦਾ ਹੈ। ਹਾਲਾਂਕਿ ਉਹ ਘੱਟ ਸਹੂਲਤਾਂ ਅਤੇ ਤੰਗੀ ਝੱਲਦਿਆਂ ਵੀ ਆਪਣਾ ਕੰਮ ਨਿਰੰਤਰ ਜਾਰੀ ਰੱਖਦਾ ਹੈ। ਅੱਜ ਦੀ ਪੱਤਰਕਾਰੀ ਨੈਤਿਕ ਸੰਕਟ 'ਚ ਘਿਰੀ ਹੋਈ ਹੈ ਅਤੇ ਅਖ਼ਬਾਰਾਂ 'ਤੇ ਵੱਡਾ ਆਰਥਿਕ ਸੰਕਟ ਹੈ ਤੇ ਸਮੇਂ ਦੀਆਂ ਸਰਕਾਰਾਂ ਨੇ ਅਖ਼ਬਾਰਾਂ ਦੇ ਆਰਥਿਕ ਸੰਕਟ ਨੂੰ ਹੋਰ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਅੱਜ ਸਰਕਾਰਾਂ ਚਾਹੁੰਦੀਆਂ ਹਨ ਕਿ ਮੀਡੀਆ ਉਨ੍ਹਾਂ ਦੀ 'ਜੀ ਹਜ਼ੂਰੀ ਕਰੇ' ਅਤੇ ਅਜਿਹਾ ਨਾ ਕਰਨ 'ਤੇ ਪਰਚੇ ਦਰਜ ਕਰਨ ਦੀ ਧਮਕੀ ਵੀ ਦਿੱਤੀ ਜਾਂਦੀ ਹੈ। ਸੋਸ਼ਲ ਮੀਡੀਆ ਦੇ ਆਉਣ ਨਾਲ ਪ੍ਰਿੰਟ ਮੀਡੀਆ ਖ਼ਾਸ ਕਰ ਕੇ ਅਖ਼ਬਾਰਾਂ ਨੂੰ ਢਾਹ ਲੱਗੀ ਹੈ।

ਸਿਆਸੀ ਆਗੂ ਹੁਣ ਪ੍ਰਚਾਰ ਕਰਨ ਲਈ ਲੋਕਾਂ 'ਚ ਵਿਚਰਨ ਦੀ ਬਜਾਏ ਜ਼ਿਆਦਾਤਰ ਘਰ ਬੈਠੇ ਹੀ ਸੋਸ਼ਲ ਮੀਡੀਆ ਰਾਹੀਂ ਲੋਕਾਂ ਦੇ ਰੂ-ਬ-ਰੂ ਹੁੰਦੇ ਹਨ ਜਿਸ ਨਾਲ ਪੱਤਰਕਾਰੀ ਨੂੰ ਸੱਟ ਵੱਜੀ ਹੈ। ਲੀਡਰ ਆਪਣੇ ਵਿਚਾਰ ਆਪਣੀ ਇੱਛਾ ਅਨੁਸਾਰ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੇ ਹਨ। ਸੰਵਿਧਾਨ ਨੇ ਸਾਨੂੰ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਦਿੱਤੀ ਹੈ। ਦੇਸ਼ ਦੀ ਜਮਹੂਰੀਅਤ ਨੂੰ ਜਿਉਂਦਾ ਰੱਖਣ ਲਈ ਆਲੋਚਨਾ ਕਰਨੀ ਵੀ ਬਹੁਤ ਜ਼ਰੂਰੀ ਹੈ ਪਰ ਅੱਜ ਕੋਈ ਵੀ ਆਲੋਚਨਾ ਸੁਣਨ ਨੂੰ ਤਿਆਰ ਨਹੀਂ ਹੈ।

ਪੱਤਰਕਾਰ ਵੱਲੋਂ ਦੋ ਧਿਰਾਂ ਦਾ ਪੱਖ ਰੱਖਣਾ ਹੀ ਨਿਰਪੱਖ ਪੱਤਰਕਾਰੀ ਹੈ। ਪੱਤਰਕਾਰ ਆਪਣੀ ਸੰਜਮੀ ਭਾਸ਼ਾ ਨਾ ਛੱਡੇ, ਸ਼ਹਿਣਸ਼ੀਲਤਾ ਤੇ ਠਰ੍ਹੰਮਾ ਰੱਖੇ ਅਤੇ ਖ਼ਬਰਾਂ ਨੂੰ ਸਨਸਨੀਖੇਜ਼ ਬਣਾਉਣ ਦੀ ਬਜਾਏ ਉਹ ਖ਼ਬਰ ਨੂੰ ਤੱਥਾਂ 'ਤੇ ਆਧਾਰਿਤ ਬਣਾਏ। ਪਰ ਅੱਜ ਪੱਤਰਕਾਰ ਖ਼ਬਰ ਲਿਖਣ ਮੌਕੇ ਸਮੇਂ ਦੇ ਵਿਰੁੱਧ ਚੱਲ ਰਹੇ ਹਨ। ਉਹ ਖ਼ਬਰਾਂ ਦੇ ਤੱਥ ਦੇਖ ਹੀ ਨਹੀਂ ਰਹੇ ਬਸ ਖ਼ਬਰ ਹੁਣੇ ਆਈ ਤੇ ਹੁਣੇ ਹੀ ਅੱਗੇ ਭੇਜ ਦਿੱਤੀ ਜਾਂਦੀ ਹੈ ਜਿਸ ਕਾਰਨ ਲੋਕਾਂ ਕੋਲ ਖ਼ਬਰ ਦੇ ਸਹੀ ਤੱਥ ਨਹੀਂ ਪਹੁੰਚਦੇ।

ਮੀਡੀਆ ਸਾਡੀਆਂ ਗਿਆਨ ਇੰਦਰੀਆਂ ਹਨ। ਉਮੀਦ ਹੈ ਕਿ ਦੇਸ਼ ਦੀ ਜਮਹੂਰੀਅਤ ਨੂੰ ਬਚਾਉਣ ਲਈ ਸਾਡਾ ਸਮਾਜ, ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਸਰਕਾਰਾਂ ਆਪੋ-ਆਪਣੀ ਜ਼ਿੰਮੇਵਾਰੀ ਨਿਰਪੱਖਤਾ ਨਾਲ ਨਿਭਾਉਣਗੀਆਂ ਅਤੇ ਪੱਤਰਕਾਰਾਂ ਦੀਆਂ ਚੁਣੌਤੀਆਂ ਦਾ ਸਾਰਥਿਕ ਹੱਲ ਕੱਢਣਗੀਆਂ।

# Dosanjh Family AUTO GROUP

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD